ਬਾਬਾ

ਸਾਧੂ ਸਨ

(ਪਿਆਰਾ ਸਿੰਘ ਪਦਮ

1977

Rs. 7-50

ਇਸੇ ਕਲਮ ਤੋਂ —

ਪੰਜਾਬੀ ਸਾਹਿਤ ਦੀ ਰੂਪਰੇਖਾ, ਪੰਜਾਬੀ ਬੋਲੀ ਦਾ ਇਤਿਹਾਸ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਆਦਿ ਗ੍ਰੰਥ ਦਰਸ਼ਨ, ਦਸਮ ਗ੍ਰੰਥ ਦਰਸ਼ਨ, ਰਹਿਤਨਾਮੇ, ਨਾਨਕੁ ਸਾਇਰੁ ਏਵ ਕਹਤੁ ਹੈ, ਗੁਰ ਨਾਨਕ ਜਿਨ ਸੁਣਿਆ ਪੇਖਿਆ, ਰਬਾਬ, ਗੋਬਿੰਦ ਸਾਗਰ, ਵਾਰਾਂ ਸ੍ਰੀ ਗੁਰੂ ਗੋਬਿਦ ਸਿੰਘ ਜੀ ਕੀਆਂ, ਚਾਰ ਸਾਹਿਬਜ਼ਾਦੇ, ਸੰਖੇਪ ਸਿਖ ਇਤਿਹਾਸ, ਸਾਡੇ ਗੁਰਦੇਵ, ਗੁਰਬਾਣੀ ਕੋਸ਼, ਪ੍ਰਸਿਧ ਪੰਜਾਬੀ, ਪੰਜਾਬੀ ਮਹਾਰਾਜਾ, ਮਹਾਂ ਕਵੀ ਸੰਤੋਖ ਸਿੰਘ, ਕਲਮ ਦੇ ਧਨੀ, ਗੁਰਮੁਖੀ ਲਿਪੀ ਦਾ ਇਤਿਹਾਸ, ਪੰਜਾਬੀ ਡਾਇਰੈਕਟਰੀ, ਪੰਜਾਬੀ ਬਾਰਾਂਮਾਹੇ, ਪੰਜਾਬੀ ਮਾਝਾਂ, ਪੰਜਾਬੀ ਝਗੜੇ, ਪੰਜਾਬੀ ਜੰਞਾਂ, ਪੰਜਾਬੀ ਕਿੱਸੇ, ਹਾਸ਼ਮ ਰਚਨਾਵਲੀ, ਹੁਸੈਨ ਰਚਨਾਵਲੀ, ਸਾਈਂ ਬੁੱਲ੍ਹੇ ਸ਼ਾਹ, ਵਾਰਿਸਸ਼ਾਹ,ਮਹਾਂਕਵੀ ਸੰਤਰੇਣ, ਦਰਸ਼ਨ ਭਗਤ,ਬਾਬਾ ਵਜੀਦ, ਸਾਧੂ ਈਸ਼ਰਦਾਸ, ਹਿੰਦੁਸਤਾਨੀ ਕਵਿਤਾ, ਹਿੰਦੁਸਤਾਨੀ ਕਵੀ,ਹਿੰਦੁਸਤਾਨੀ ਕਲਾ, ਬਚਨ ਸਾਈਂ ਲੋਕਾਂ ਕੇ, ਮਿਰਜ਼ੇ ਦੀਆਂ ਸੱਦਾਂ, ਪੁਸ਼ਪਾਂਜਲੀ, ਮਾਲੀ, ਪੰਛੀ, ਆਜ਼ਾਦੀ ਆਦਿ।

1977 ਕਲਮ ਮੰਦਿਰ ਸਾਢੇ ਸੱਤ ਰੁਪਏ

ਪ੍ਰੋ. ਪਿਆਰਾ ਸਿੰਘ ਪਦਮ, ਕਲਮ ਮੰਦਿਰ ਲੋਅਰ ਮਾਲ, ਪਟਿਆਲਾ।

ਤਤਕਰਾ

ਭੂਮਿਕਾ

ਭਗਤੀ ਲਹਿਰ

ਭਾਰਤੀ ਧਰਮ-ਸਿਧਾਂਤਾਂ ਵਿਚ ਮੁਖ ਤੌਰ ਤੇ ਤਿੰਨ ਮਾਰਗਾਂ ਦਾ ਚਰਚਾ ਹੈ — ਗਿਆਨ ਮਾਰਗ, ਕਰਮ ਮਾਰਗ ਤੇ ਉਪਾਸਨਾ ਮਾਰਗ। ਗਿਆਨ ਮਾਰਗ ਦਾ ਪੰਧਾਊ ਬਣਨ ਲਈ ਜ਼ਰੂਰੀ ਹੈ, ਪਰਮਾਰਥਕ ਵਿਸ਼ਿਆਂ ਦਾ ਦਾਰਸ਼ਨਿਕ ਤੌਰ ਤੇ ਅਧਿਐਨ ਕੀਤਾ ਜਾਵੇ ਤੇ ਵਿਦਿਆ-ਸਾਧਨਾ ਰਾਹੀਂ ਜੀਵਨ ਤੱਤ ਨੂੰ ਜਾਣਿਆ ਜਾਵੇ। ਇਹ ਦ੍ਰਿਸ਼ਟੀਕੋਣ ਛੇ ਦਰਸ਼ਨਾਂ ਦੇ ਜ਼ਮਾਨੇ ਦੀ ਉਪਜ ਹੈ ਜਦੋਂ ਕਿ ਬੌਧਿਕ ਵਿਕਾਸ ਨਾਲ ਪ੍ਰਕਾਸ਼ਮਾਨ ਰਿਸ਼ੀਮੁਨੀਆਂ ਨੇ ਖਾਸ ਖਾਸ ਵਿਚਾਰਾਂ ਨੂੰ ਰੂਪਮਾਨ ਕੀਤਾ। ਸਾਂਖ ਦਾ ਖਿਆਲ ਸੀ ਕਿ ਪੁਰਸ਼ ਤੇ ਪ੍ਰਕ੍ਰਿਤੀ ਦਾ ਭੇਦ ਜਾਨਣਾ ਜ਼ਰੂਰੀ ਹੈ, ਨਿਆਇ ਦੀ ਨਜ਼ਰ ਵਿਚ ਤਾਰਕਿਕ ਦ੍ਰਿਸ਼ਟੀ ਤੋਂ ਜੀਵ, ਈਸ਼ਵਰ ਤੇ ਬ੍ਰਹਮ ਦਾ ਗਿਆਨ ਲਾਹੇਵੰਦਾ ਸੀ। ਵੇਦਾਂਤ, ਬ੍ਰਹਮ ਦੀ ਅਦ੍ਵੈਤਤਾ ਯਾ ਏਕਤਾ ਦੇ ਗਿਆਨ ਨੂੰ ਹੀ ਮੁਕਤੀ ਦਾ ਕਾਰਣ ਕਹਿੰਦਾ ਸੀ। ਪਰ ਇਹ ਮੰਨਣਾ ਪਵੇਗਾ, ਹਰ ਕਿਸੇ ਲਈ ਅਜੇਹੀ ਗਿਆਨ-ਪ੍ਰਾਪਤੀ ਕਾਫੀ ਔਖਾ ਜੇਹਾ ਕੰਮ ਸੀ। ਇਸ ਮਜਬੂਰੀ ਕਾਰਣ ਆਮ ਜਨਤਾ ਦੀ ਰੁਚੀ 'ਕਰਮ ਮਾਰਗ' ਵਲ ਹੋਈ। ਧਰਮ ਗਿਆਨੀਆਂ ਜਾਂ ਪਰੋਹਤਾਂ ਦੇ ਦੱਸੇ ਕੁਝ ਗਿਣੇ-ਮਿਥੇ ਪੂਜਾ ਪਾਠ ਦੇ ਕਰਮ ਕਰ ਲੈਣੇ ਸਾਧਾਰਣ ਜਗਿਆਸੂ ਲਈ ਸੌਖਾ ਕੰਮ ਸੀ, ਇਸ ਕਰਕੇ ਕਰਮਕਾਂਡ ਦਾ ਬੋਲਬਾਲਾ ਤਕੜਾ ਚਿਰ ਰਿਹਾ। ਹੋਮ ਯੱਗ, ਬਰਤ ਰਖਣਾ,ਤੀਰਥ ਇਸ਼ਨਾਨ, ਪੁੰਨ ਦਾਨ, ਮੌਨਬ੍ਰਤ, ਖਾਸ ਖਾਸ ਮੰਤ੍ਰਾਂ ਦਾ ਜਾਪ, ਧੂਣਿਆ ਦਾ ਤਾਪ ਤਾਪਣਾ, ਸਭ ਦੇ ਆਪਣੇ ਆਪਣੇ ਤਰੀਕੇ ਸਨ। ਯੋਗੀਆਂ ਦਾ ਹਠ ਮਾਰਨਾ ਵੀ ਇਕ ਤਰ੍ਹਾਂ ਦਾ ਕਰਮ ਮਾਰਗ ਹੀ ਸੀ ਕਿਉਂਕਿ ਉਹ ਆਪਣ ਹਠ ਤਪ ਰਾਹੀਂ ਸਰੀਰ ਤੇ ਮਨ ਨੂੰ ਪ੍ਰਾਣਾਯਾਮ ਤੇ ਆਸਣਾਂ ਰਾਹੀਂ

ਸਾਧਣ ਦਾ ਜਤਨ ਕਰਦੇ ਸਨ ਤੇ ਇਸ ਦੁਆਰਾ ਸੁੰਨ ਮੰਡਲ ਵਿਚ ਪਹੁੰਚਣਾ ਉਨ੍ਹਾਂ ਦਾ ਉਦੇਸ਼ ਸੀ।

ਪਰ ਇਹ ਕਠਿਨ ਤਤਿਖਯਾ, ਤਿਆਗ ਵੈਰਾਗ, ਗਿਆਨ ਮਾਰਗ ਵਾਂਙ ਹਾਰੀ-ਸਾਰੀ ਦਾ ਕੰਮ ਨਹੀਂ ਸੀ। ਇਸ ਕਰਕੇ ਕੁਝ ਲੋਕ ਉਪਰਾਮ-ਚਿਤ ਹੋ ਕੇ ਉਪਾਸਨਾ ਮਾਰਗ ਵਲ ਤੁਰ ਪਏ। ਜੇ ਗਿਆਨ ਮਾਰਗ, ਦਿਮਾਗ ਦੀ ਚੀਜ਼ ਸੀ ਤਾਂ ਕਰਮ ਮਾਰਗ ਸਰੀਰ ਦੀ ਪਰ ਸਰਧਾ ਉਪਾਸਨਾ ਦਿਲ ਦੀ ਚੀਜ਼ ਸੀ ਤੇ ਇਹੋ ਸ਼ਰਧਾ ਤੇ ਪ੍ਰੇਮ ਭਾਵਨਾ ਭਗਤੀ ਲਹਿਰ ਦਾ ਮੂਲ ਬਣੀ। ਇਹੋ ਕਾਰਣ ਹੈ ਕਿ ਇਸਨੇ ਪੜ੍ਹੇ ਅਨਪੜ੍ਹ ਤੇ ਸਾਧਾਰਣ ਤੇ ਅਸਾਧਾਰਣ ਸਭ ਨੂੰ ਪ੍ਰਭਾਵਿਤ ਕੀਤਾ। ਭਗਤੀ ਮਾਰਗ ਦਾ ਤੱਤ ਦਸਦਿਆਂ ਸੰਤਾਂ ਭਗਤਾਂ ਬਾਰ ਬਾਰ ਇਹੋ ਕਿਹਾ ਕਿ ਪ੍ਰੇਮ ਹੀ ਪ੍ਰਭੂ ਪ੍ਰਾਪਤੀ ਦਾ ਇਕੋ ਇਕ ਸਾਧਨ ਹੈ :—

ਬੇਢੀ ਪ੍ਰੀਤਿ ਮਜੂਰੀ ਮਾਂਗਹਿ, ਜਉ ਕੋਊ ਛਾਨ ਛਵਾਵੈ ਹੋ
ਲੋਕ ਕੁਟੰਬ ਸਭੈ ਤੇ ਤੋਰਹਿ, ਤਉ ਆਪਨ ਬੇਢੀ ਆਵੈ ਹੋ।
(ਨਾਮਦੇਵ

ਪੜਤਾ ਪੜਤਾ ਜਗ ਮੂਆ, ਪੰਡਿਤ ਭਯਾ ਨ ਕੋਇ
ਢਾਈ ਅੱਖਰ ਪ੍ਰੇਮ ਕੇ, ਪੜੇ ਸੁ ਪੰਡਿਤ ਹੋਇ।
(ਕਬੀਰ

ਇਤਿਹਾਸਕ ਦ੍ਰਿਸਟੀ ਤੋਂ ਵਿਦਵਾਨਾਂ ਇਹ ਮਤ ਪਰਗਟ ਕੀਤਾ ਹੈ ਕਿ ਪਹਿਲੇ ਪਹਿਲ ਦ੍ਰਾਵੜ ਦੇ ਇਲਾਕੇ ਵਿਚ ਭਗਤੀ ਦੇ ਅੰਕੁਰ ਫੁਟੇ ਤੇ ਭਗਤ ਰਾਮਾ-ਨੰਦ ਨੇ ਉਤਰੀ ਭਾਰਤ ਵਿਚ ਇਸ ਦਾ ਬੀਜ ਬੀਜਿਆ ਤੇ ਇਸ ਤੋਂ ਪਿਛੋਂ ਉਨ੍ਹਾਂ ਦੇ ਸ਼ਿਸ਼ ਕਬੀਰ ਨੇ ਇਸਨੂੰ ਦੂਰ ਦੂਰ ਤਕ ਫੈਲਾਇਆ। ਇਹ ਕਥਨ ਠੀਕ ਹੀ ਸੀ —

ਭਗਤਿ ਦ੍ਰਾਵੜ ਉਪਜੀ, ਲਾਏ ਰਾਮਾਨੰਦ
ਪਰਗਟ ਕੀਆ ਕਬੀਰ ਨੇ, ਸਪਤ ਦੀਪ ਨਵਖੰਡ।

ਨਾਮਦੇਵ, ਤ੍ਰਿਲੋਚਨ, ਜੈਦੇਵ, ਸ਼ੇਖ ਫਰੀਦ, ਬੇਣੀ, ਰਵਿਦਾਸ, ਆਦਿ ਭਗਤ

ਥਾਂ ਥਾਂ ਤੇ ਇਹ ਪ੍ਰੇਮ ਸੰਦੇਸ਼ਾ ਦਿਤਾ ਤੇ ਸਿਖ ਗੁਰੂਆਂ ਇਸ ਨੂੰ ਸਮਾਜਕ ਕਰਮਯੋਗ ਦਾ ਰੰਗ ਦੇਕੇ ਪੰਜਾਬ ਵਿਚ ਪ੍ਰਚਾਰਿਆ। ਇਸ ਤੋਂ ਇਲਾਵਾ ਦਾਦੂ ਦਯਾਲ, ਸੂਰ ਦਾਸ, ਮੀਰਾਂ ਬਾਈ, ਤੁਲਸੀ, ਵਜੀਦ, ਧਰਮਦਾਸ, ਧਰਨੀ ਦਾਸ, ਗਰੀਬ ਦਾਸ, ਦਰਿਆ ਸਾਹਿਬ, ਪਲਟੂ ਦਾਸ, ਰੱਜਬ, ਗੁਲਾਲ,ਭੀਖਾ, ਚਰਣ ਦਾਸ, ਸਹਿਜੋ ਬਾਈ ਆਦਿ ਨੇ ਵੀ ਪ੍ਰੇਮ ਭਗਤੀ ਦੀ ਹੀ ਸ਼ਾਹਰਾਹ ਅਪਣਾਈ।

ਪੰਜਾਬ ਵਿਚ

ਭਗਤ ਸਾਈਂ ਦਾਸ, ਛੱਜੂ, ਕਾਨ੍ਹਾ, ਹਿਰਦੇ ਰਾਮ, ਗੁਰਦਾਸ, ਸੰਤ ਦਾਸ, ਜੱਲ੍ਹਣ, ਸੁਥਰਾ, ਬਹਲੋ, ਸਾਧੂਜਨ, ਬਾਵਾ ਹਰੀਆ, ਨਨੂਆ, ਸੇਵਾ ਰਾਮ, ਦਰਸ਼ਨ ਭਗਤ, ਫਲੀਰਾਮ, ਗੁਆਲ ਭਗਤ, ਹਰਦਿਆਲ, ਭਾਵਨ, ਬਿਹਾਰੀ, ਬਾਵਾ ਸੰਤਰੇਣ, ਮਹਿਮੇ ਸ਼ਾਹ, ਸਾਈਂ ਦੇਸਰਾਜ, ਗੁਲਾਬ ਦਾਸ, ਆਦਿ ਇਸੇ ਅਦ੍ਵੈਤ ਦੀ ਪੈਰਵੀ ਕਰਦੇ ਰਹੇ ਹਨ। ਇਸ ਸਾਰੀ ਭਗਤੀ ਕਾਵਿਧਾਰਾ ਵਿਚ ਜੋ ਵਿਚਾਰ ਬਾਰ ਬਾਰ ਦੁਹਰਾਏ ਗਏ, ਉਹ ਸੰਖੇਪ ਵਿਚ ਇਉਂ ਗਿਣ ਸਕਦੇ ਹਾਂ।

(੧) ਪਰਮੇਸ਼ਰ ਇਕ ਹੈ ਤੇ ਪੂਜਣਯੋਗ ਹੈ

(੨) ਉਸਦੀ ਪ੍ਰਾਪਤੀ ਦਾ ਮਾਰਗ ਪ੍ਰੇਮ ਹੈ

(੩) ਇਸ ਪਰਮਾਰਥ ਦੇ ਪੰਧ ਤੇ ਚਲਣ ਲਈ ਗੁਰੂ ਦੀ ਅਗਵਾਈ ਜ਼ਰੂਰੀ ਹੈ

(੪) ਸਤਿਸੰਗ ਸਹਾਇਕ ਸਾਧਨ ਹੈ

(੫) ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਆਦਿ ਪੰਜ ਵਿਕਾਰਾਂ ਨੂੰ ਤਿਆਗ ਕੇ ਦੈਵੀ ਗੁਣ— ਸਤ,ਸੰਤੋਖ, ਧੀਰਜ, ਦਇਆ, ਨਿੰਮ੍ਰਤਾ ਆਦਿ ਗੁਣ ਧਾਰਨੇ ਅਤਿ ਜ਼ਰੂਰੀ ਹਨ।

(੬) ਭਗਤੀ ਦਾ ਅਸਲ ਤਰੀਕਾ ਨਾਮ ਸਿਮਰਨ ਹੈ, ਇਹ ਸਿਮਰਨ ਸਤਿਸੰਗੀਆਂ ਨਾਲ ਮਿਲਕੇ ਕੀਰਤਨ ਰਾਹੀਂ ਵੀ ਹੋ ਸਕਦਾ ਹੈ ਯਾ ਏਕਾਂਤ ਭਜਨ ਰਾਹੀਂ ਵੀ।

(੭) ਸੰਸਾਰ ਚਲਾਇਮਾਨ ਹੈ, ਇਸ ਨਾਲ ਜੁੜਤਾ ਮੋਹ

ਸੁਖਦਾਈ ਨਹੀਂ ।

(੮) ਕੁਸੰਗਤ ਤੋਂ ਬਚਕੇ ਹੀ ਚਲਣਾ ਠੀਕ ਹੈ

(੯) ਨਿਰੇ ਕਰਮਕਾਂਡ ਦੇ ਕੰਮ ਸਾਰਥਕ ਨਹੀਂ

(੧੦) ਮੁਕਤੀ ਅਪਣੇ ਕਰਮ ਕਰਕੇ ਨਹੀ ਮਿਲਦੀ, ਉਸਦੀ ਮੇਹਰ ਦਾ ਫਲ ਹੈ । ਇਸ ਕਰਕੇ ਸੱਚਾ ਜਗਿਆਸੂ ਉਸਦੀ ਨਦਰਿ ਤੇ ਟੇਕ ਰਖਦਾ ਹੈ ।

ਸੋ ਭਗਤੀ ਕਾਵਿ— ਸੰਤ ਬਾਣੀ ਗੁਰੂਬਾਣੀ; ਤੇ ਸੂਫੀ ਕਲਾਮ ਨੇ ਕੇਵਲ ਅਧਿਆਤਮਕ ਨਿਸ਼ਚੇ ਉਤੇ ਹੀ ਜ਼ੋਰ ਨਹੀਂ ਦਿਤਾ, ਸ੍ਰੇਸ਼ਟ ਅਚਾਰ ਨੂੰ ਵੀ ਪੂਰਾ ਮਹੱਤਵ ਦਿਤਾ ਹੈ । ਅੱਜ ਵੀ ਇਹ ਰਚਨਾਵਾਂ ਇਤਨਾ ਗੌਰਵ ਰਖਦੀਆਂ ਹਨ ਕਿ ਸਰਬੋਤਮ ਮਾਨਵ ਦੀ ਸਿਰਜਣਾ ਲਈ ਇਨ੍ਹਾਂ ਦਾ ਗੁਰ; ਨਿਰਾਰਥਕ ਜਾਣ ਵਾਲਾ ਨਹੀਂ, ਕੇਵਲ ਇਨ੍ਹਾਂ ਨੂੰ ਧਿਆਨ ਗੋਚਰੇ ਕਰਨ ਦੀ ਲੋੜ ਹੈ ।

ਸਿਖ ਗੁਰੂ ਸਾਹਿਬਾਨ ਨੇ ਆਪਣੇ ਪ੍ਰਚਾਰ ਵਿਚ ਜੋ ਵਿਸ਼ੇਸ਼ ਗੱਲ ਕੀਤੀ ਉਹ ਇਹ ਕਿ ਇਸ ਸੰਤਬਾਣੀ ਅਤੇ ਗੁਰਬਾਣੀ ਨੂੰ 'ਗੁਰੂ ਥਾਪਕੇ ਸਾਰੇ ਨਿਸ਼ਚੇ ਦਾ ਧੁਰਾ ਬਣਾ ਦਿਤਾ ਤੇ ਥਾਂ ਥਾਂ ਇਸਦਾ ਕੀਰਤਨ ਪ੍ਰਚਾਰ ਇਤਨਾ ਹੋਇਆ ਕਿ ਇਹ ਰੂਹਾਂ ਵਿਚ ਸਮਾਂ ਗਈ ਤੇ ਗੁੰਬਦ ਦੀ ਅਵਾਜ਼ ਵਾਂਙ ਮੁੜ ਮੁੜ ਗੂੰਜਣ ਲੱਗੀ । ਗੁਰੂ ਦੇ ਪ੍ਰੀਤਿ-ਭਰੇ ਕਈ ਸਿਖ ਕਵੀ ਐਸੇ ਹੋਏ ਜੋ ਇਸੇ ਸੁਰ ਵਿਚ ਬੋਲ ਉਠੇ ਤੇ ਉਨ੍ਹਾਂ ਪ੍ਰੇਮ ਭਗਤੀ ਦੀ ਲਹਿਰ ਨੂੰ ਅੱਗੇ ਅੱਗੇ ਵਧਾਇਆ । ਇਨ੍ਹਾਂ ਸਿਖ ਕਵੀ ਭਗਤਾਂ ਵਿਚ ਭਾਈ ਗੁਰਦਾਸ, ਭਾਈ ਬਹਲੋ, ਭਾਈ ਸਾਧੂਜਨ, ਭਾਈ ਸੁਥਰੇ ਸ਼ਾਹ, ਬਾਵਾ ਹਰੀਆ ਤੇ ਭਾਈ ਦਰਬਾਰੀ ਆਦਿ ਦੇ ਨਾਂ ਵਰਨਣ ਯੋਗ ਹਨ । ਇਨ੍ਹਾਂ ਵਿਚੋਂ ਬਹੁਤਿਆਂ ਦਾ ਬੋਧ ਸਾਡੇ ਸਾਹਿਤ ਦੇ ਇਤਿਹਾਸ ਨੂੰ ਅਜੇ ਪ੍ਰਾਪਤ ਨਹੀਂ, ਇਸ ਕਰਕੇ ਇਹ ਗੁੰਮਨਾਮ ਅਵਸਥਾ ਵਿਚ ਹੀ ਹਨ । ਇਨ੍ਹਾਂ ਵਿਚੋਂ ਬਾਬਾ ਸਾਧੂਜਨ ਇਕ ਵਿਸ਼ੇਸ਼ ਬਾਣੀਕਾਰ ਸਨ,ਜਿਨ੍ਹਾਂ ਦੀ ਜਿਤਨੀ ਰਚਨਾ ਵਿਸ਼ਾਲ ਹੈ,ਉਤਨਾ ਹੀ ਉਨ੍ਹਾਂ ਬਾਰੇ ਸਾਡਾ ਗਿਆਨ ਅਲਪ ਹੈ।

ਜੀਵਨ

ਭਾਈ ਸਾਧੂ ਰਾਮ ਸਤਾਰ੍ਹਵੀਂ ਸਦੀ ਦੇ ਮਹਾਨ ਕਵੀ ਹਨ ਜੋ ਕਿ ਛੇਵੇਂ
ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਰਧਾਲੂ ਸਿਖ ਸਨ। ਗੁਰੂ ਸਾਹਿਬ ਦੀ
ਸਪੁੱਤਰੀ ਬੀਬੀ ਵੀਰੋ ਇਨ੍ਹਾਂ ਨੂੰ ਵਿਆਹੀ ਹੋਈ ਸੀ। ਸੋ ਇਹ ਰਿਸ਼ਤੇ ਨਾਤੇ ਕਰਕੇ
ਗੁਰੂ ਹਰਿਗੋਬਿੰਦ ਸਾਹਿਬ ਦੇ ਜਵਾਈ, ਗੁਰੂ ਤੇਗ ਬਹਾਦਰ ਜੀ ਦੇ ਬਹਿਨੋਈ ਤੇ
ਗੁਰੂ ਗੋਬਿੰਦ ਸਿੰਘ ਜੀ ਦੇ ਫੁੱਫੜ ਲਗਦੇ ਸਨ। ਇਨ੍ਹਾਂ ਪੰਜ ਗੁਰੂਆਂ ਦਾ ਸਮਾ ਅੱਖੀਂ
ਵੇਖਿਆ ਸੀ ਤੇ ਕਈ ਮੁਖੀ ਸਿਖਾਂ ਦੀ ਸੰਗਤ ਕੀਤੀ ਸੀ।

ਇਹ ਭਾਈ ਧਰਮ ਚੰਦ ਖੋਸਲੇ ਤੇ ਮਾਤਾ ਨੰਦ ਕੌਰ ਦੇ ਸਪੁੱਤਰ ਸਨ ਤੇ
ਇਨ੍ਹਾਂ ਦਾ ਪਿੰਡ ਮੱਲ੍ਹਾ, ਭਗਤੇ ਦੇ ਕੋਲ ਜ਼ਿਲਾ ਬਠਿੰਡਾ ਵਿਚ ਸੀ। ਚੂੰਕਿ ਗੁਰੂ
ਹਰਿਗੋਬਿੰਦ ਜੀ ਦੇ ਮਹਲ ਸ੍ਰੀ ਦਮੋਦਰੀ ਜੀ ਦੀ ਵੱਡੀ ਭੈਣ ਰਾਮੋ, ਪਿੰਡ ਡਰੌਲੀ
ਭਾਈ ਕੀ, ਭਾਈ ਸਾਈਂ ਦਾਸ ਜੀ ਨੂੰ ਵਿਆਹੀ ਹੋਈ ਸੀ, ਇਸ ਕਰਕੇ ਸਤਿਗੁਰਾਂ
ਦਾ ਮਾਲਵੇ ਵਿਚ ਆਉਣ ਜਾਣ ਆਮ ਸੀ। ਇਸੇ ਮੇਲ ਜੋਲ ਦਾ ਸਿੱਟਾ ਸੀ ਕਿ
ਉਨ੍ਹਾਂ ਆਪਣੀ ਇਕੋ ਇਕ ਸਪੁੱਤਰੀ ਵੀਰੋ ਦਾ ਨਾਤਾ ਮਾਲਵੇ ਵਲ ਕੀਤਾ। 'ਮਹਿਮਾ
ਪ੍ਰਕਾਸ਼' ਦੇ ਲਿਖਣ ਅਨੁਸਾਰ ਨੌਜੁਆਨ ਦੀ ਗੂੜ੍ਹੀ ਅਧਿਆਤਮਕ ਬਿਰਤੀ ਦੇਖਕੇ
ਸਾਧੂਰਾਮ ਨੂੰ 'ਸਾਧੂਜਨ' ਦਾ ਖ਼ਿਤਾਬ ਗੁਰੂ ਸਾਹਿਬ ਨੇ ਪ੍ਰਦਾਨ ਕੀਤਾ। ਸਿਖ ਇਤਿਹਾਸ
ਤੋਂ ਪਤਾ ਲਗਦਾ ਹੈ ਕਿ ਬੀਬੀ ਵੀਰੋ ਦੀ ਸ਼ਾਦੀ ੨੬ ਜੇਠ ੧੬੮੯ ਬਿ. ਨੂੰ ਪਿੰਡ
ਝਬਾਲ ਜ਼ਿਲਾ ਅੰਮ੍ਰਿਤਸਰ ਵਿਚ ਹੋਈ। ਆਮ ਗੁਰਪ੍ਰਣਾਲੀਆਂ ਵਿਚ ਬੀਬੀ ਵੀਰੋ ਦਾ
ਜਨਮ ਸਾਲ ੧੬੭੨ ਜਾਂ ੧੬੭੩ ਬਿ. ੧੧ ਸਾਵਣ ਲਿਖਿਆ ਮਿਲਦਾ ਹੈ। ਇਸ
ਤੋਂ ਅਸੀਂ ਭਾਈ ਸਾਧੂਰਾਮ ਦਾ ਜਨਮ ਸੰਮਤ ੧੬੭੦ ਬਿ. ਦੇ ਲਾਗੇ ਚਾਗੇ ਸੋਚਿਆ
ਹੀ ਅਨੁਮਾਨ ਸਕਦੇ ਹਾਂ ਤੇ ਇਸਦੇ ਦੇਹਾਂਤ ਦਾ ਸਮਾ ਦਸਮ ਪਾਤਸ਼ਾਹ ਦੇ ਗੁਰਿਆਈ
ਕਾਲ ਵਿਚ ਜਾ ਪੈਂਦਾ ਹੈ ਕਿਉਂਕਿ ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਵਿਚ
ਜ਼ਿਕਰ ਹੈ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਰਾਇ ਜੀ ਨੇ ੧੭੩੩ ਬਿ. ਵਿਚ ਗੁਰਗੱਦੀ
ਦਾ ਕਾਰਵਿਹਾਰ ਸ਼ੁਰੂ ਕੀਤਾ ਤਾਂ ਉਨ੍ਹਾਂ ਧਰਮ ਚੰਦ ਤੇ ਸਾਹਿਬ ਚੰਦ ਨੂੰ ਘਰਬਾਰੀ ਤੇ
ਦਰਬਾਰੀ ਦੀਵਾਨ ਥਾਪਿਆ। ਇਸ ਸਮੇਂ ਭਾਈ ਸਾਹਿਬ ਚੰਦ ਨੂੰ ਦੀਵਾਨੀ ਦਾ

ਸਿਰੋਪਾਉ ਭਾਈ ਸਾਧੂ ਰਾਮ ਜੀ ਹੱਥੋਂ ਦਿਵਾਇਆ ਗਿਆ ਸੀ। (ਰਹਿਤਨਾਮੇ— ਸੰਪਾਦਕ-ਪਿਆਰਾ ਸਿੰਘ ਪਦਮ, ਪੰਨਾ 89)

ਭੱਟ ਵਹੀਆਂ ਇਤਿਹਾਸ ਦਾ ਪੁਰਾਣਾ ਸੋਮਾ ਹਨ। ਇਨ੍ਹਾਂ ਤੋਂ ਸਾਨੂੰ ਇਕ ਹੋਰ ਗੱਲ ਦਾ ਪਤਾ ਲਗਦਾ ਹੈ ਕਿ ਗੁਰੂ ਤੇਗਬਹਾਦਰ ਜੀ ਦੇ ਪਹਿਲੇ ਦੌਰਿਆਂ ਸਮੇਂ ਭਾਈ ਸਾਧੂਰਾਮ ਆਪਦੇ ਨਾਲ ਰਿਹਾ ਸੀ। ਜਦੋਂ ੧੭੧੩ ਬਿ. ਵਿਚ ਸ੍ਰੀ ਤੇਗ ਬਹਾਦਰ ਜੀ ਨੇ ਪੂਰਬ ਵਲ ਦੀ ਤੀਰਥ ਯਾਤ੍ਰਾ ਅਰੰਭੀ ਤਾਂ ਹੋਰ ਸੰਗ ਸਾਕ ਦੇ ਨਾਲ ਇਹ ਵੀ ਨਾਲ ਸੀ, ਜੈਸਾ ਕਿ ਲਿਖਿਆ ਹੈ—

'ਗੁਰੂ ਤੇਗ ਬਹਾਦਰ ਜੀ ਬੇਟਾ ਗੁਰੂ ਹਰਿਗੋਬਿੰਦ ਮਹਲ ਛਟੇ ਕਾ, ਸੰਮਤ ਸਤ੍ਰਾਂ ਸੈ ਤੇਰਾਂ ਅਸਾਢ ਪ੍ਰਵਿਸ਼ਟੇ ਗਿਆਰਸ ਕੋ, ਕੀਰਤਪੁਰ ਪਰਗਣਾ ਕਹਲੂਰ ਸੇ, ਤੀਰਥ ਜਾਤ੍ਰਾ ਜਾਨੇ ਕੀ ਤਿਆਰੀ ਕੀ। ਗੈਲੋਂ ਮਾਤਾ ਨਾਨਕੀ ਜੀ ਆਈ, ਇਸਤ੍ਰੀ ਗੁਰੂ ਹਰਿਗੋਬਿੰਦ ਜੀ ਕੀ, ਮਾਤਾ ਹਰੀ ਜੀ ਆਈ ਇਸਤ੍ਰੀ ਗੁਰੂ ਸੂਰਜ ਮਲ ਜੀ ਕੀ, ਮਾਤਾ ਗੁਜਰੀ ਜੀ ਆਈ ਇਸਤ੍ਰੀ ਗੁਰੂ ਤੇਗ ਬਹਾਦਰ ਜੀ ਕੀ, ਕ੍ਰਿਪਾਲ ਚੰਦ ਆਇਆ ਬੇਟਾ ਲਾਲ ਚੰਦ ਸੁਭਿਖੀ ਕਾ, ਦੀਵਾਨ ਦਰਗਹ ਮੱਲ ਆਇਆ ਬੇਟਾ ਦਵਾਰਕਾ ਦਾਸ ਛਿਬੱਰ ਕਾ, ਸਾਧੂ ਰਾਮ ਆਇਆ ਬੇਟਾ ਧਰਮ ਚੰਦ ਖੋਸਲੇ ਕਾ, ਦੁਰਗਾ ਦਾਸ ਆਇਆ ਬੇਟਾ ਪਦਮਰਾਇ ਹਜਾਵਤ ਕਾ, ਦਰੀਆ ਆਇਆ ਬੇਟਾ ਮੂਲਚੰਦ ਜਲ੍ਹਾਨੇ ਕਾ, ਦਿਆਲ ਦਾਸ ਆਇਆ ਬੇਟਾ ਮਾਈਦਾਸ ਜਲ੍ਹਾਨੇ ਕਾ, ਚੌਪਤਿ ਰਾਇ ਆਇਆ ਬੇਟਾ ਪੈਰਾ ਰਾਮ ਛਿਬਰ ਕਾ, ਮਤੀਦਾਸ ਆਇਆ ਬੇਟਾ ਹੀਰਾ ਮਲ ਛਿਬਰ ਕਾ।' (ਭੱਟ ਵਹੀ ਪੂਰਬੀ ਦੱਖਣੀ

ਬਾਬਾ ਤੇਗ ਬਹਾਦਰ ਜੀ ਸੰਗੀ ਸਾਥੀਆਂ ਸਮੇਤ ਹਰਦੁਆਰ ਹੋ ਕੇ ਹੌਲੀ ਹੌਲੀ ਪ੍ਰਯਾਗਰਾਜ ਤੇ ਬਨਾਰਸ ਗਏ ਅਤੇ ਫਿਰ ਪਟਨੇ। ੧੭੧੯ ਬਿ.ਵਿਚ ਇਹ ਸਾਰਾ ਸੰਗ ਪਟਨੇ ਸੀ, ਜਦੋਂ ਕਿ ਸ੍ਰੀ ਗੋਬਿੰਦ ਰਾਇ ਦਾ ਜਨਮ ਹੋਇਆ। ਬਾਲਕ ਗੋਬਿੰਦ ਰਾਇ ਦੀ ਪ੍ਰਤਿਪਾਲਣਾ ਲਈ ਮਾਮਾ ਕ੍ਰਿਪਾਲ ਚੰਦ ਤੇ ਫੁੱਫੜ ਸਾਧੂ ਰਾਮ ਵਰਗੇ ਜ਼ਿੰਮੇਵਾਰ ਸੱਜਣ ਪਿੱਛੇ ਰਹੇ। ਗੁਰੂ ਤੇਗ ਬਹਾਦਰ ਜੀ ਤਾਂ ੧੭੨੧ ਬਿ. ਵਿਚ ਪੰਜਾਬ ਆ ਗਏ ਤੇ ਸ੍ਰੀ ਗੋਬਿੰਦ ਰਾਇ ਜੀ ਨੂੰ ੧੭੨੭ ਬਿ. ਵਿਚ ਇਧਰ ਲਿਆਂਦਾ ਗਿਆ।

ਇਸ ਸਮੇਂ ਭਾਈ ਸਾਧੂ ਰਾਮ ਨਾਲ ਸੀ ਤੇ ਪਿੰਡ ਮੱਛੋਂ ਆ ਕੇ ਬਾਲ ਦਸਮੇਸ਼ ਆਪਣੇ ਭੂਆ ਦੇ ਪੁੱਤਰਾਂ ਨੂੰ ਮਿਲਕੇ ਬਹੁਤ ਖੁਸ਼ ਹੋਏ ਸਨ।

ਅਸੀਂ ਉਨ੍ਹਾਂ ਦੇ ਹੋਰ ਜੀਵਨ ਸਮਾਚਾਰਾਂ ਤੋਂ ਵਧੇਰੇ ਜਾਣੂ ਨਹੀਂ। ਇਸ ਗੱਲ ਦਾ ਸਾਨੂੰ ਪਤਾ ਹੈ ਕਿ ਭਾਈ ਸਾਧੂ ਰਾਮ ਜੀ ਦੇ ਪੰਜ ਪੁੱਤਰ ਸਨ — ਸੰਗੋ ਸਾਹ, ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ, ਮਾਹਰੀ ਚੰਦ। ਇਨ੍ਹਾਂ ਵਿਚੋਂ ਹੀ ਸੰਗੋ ਸ਼ਾਹ ਤੇ ਜੀਤ ਮੱਲ ਭੰਗਾਣੀ ਯੁੱਧ ਵਿਚ ਲੜਦੇ ਸ਼ਹੀਦੀ ਪਾ ਗਏ ਸਨ, ਜਿਸ ਦਾ ਜ਼ਿਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਖੁਦ ਕੀਤਾ ਹੈ। ਭੱਟ ਵਹੀ ਵਿਚ ਵੀ ਉਲੇਖ ਹੈ —

'ਸੰਗੋਸ਼ਾਹ, ਜੀਤ ਮੱਲ ਬੇਟੇ ਸਾਧੂ ਰਾਮ ਕੇ ਪੋਤੇ ਧਰਮ ਚੰਦ ਕੇ ਖੋਸਲਾ ਗੋਤਰੇ ਖਤ੍ਰੀ ਸੰਬਤ ਸਤ੍ਰਾਂ ਸੈ ਪੈਂਤਾਲੀ ਅਸੂਨ ਮਾਸ ਕੀ ਅਠਾਰਮੀ, ਮੰਗਲਵਾਰ ਕੇ ਦਿਹੁੰ ਭੰਗਾਣੀ ਪਰਗਣਾ ਪਾਵਟਾ ਕੇ ਮਲ੍ਹਾਨ, ਤੀਜੇ ਪਹਰ ਨਜਾਬਤ ਖਾਂ ਆਦਿ ਕੋ ਮਾਰ ਸਾਮ੍ਹੇ ਮਾਥੇ ਸ਼ਹਾਦਤਾਂ ਪਾਈਆਂ।' [ਭੱਟ ਵਹੀ ਮੁਲਤਾਨੀ ਸਿੰਧੀ

ਮਹਿਮਾ ਪ੍ਰਕਾਸ਼ ਵਿਚ ਇਹ ਲਿਖਿਆ ਹੈ ਕਿ ਇਹ ਭਾਈ ਸਾਧੂ ਰਾਮ ਛੇਵੇਂ ਨਹੀਂ, ਪੰਜਵੇਂ ਗੁਰੂ ਦਾ ਸਿਖ ਸੀ। ਜਦੋਂ ਕੁਝ ਸਿਖ ਲਾਹੌਰੋਂ ਗੁਰੂ ਸਾਹਿਬ ਨੂੰ ਮਿਲਣ ਆਏ ਤਾਂ ਇਹ ਲੜਕਾ ਸਾਧੂ ਵੀ ਨਾਲ ਆਇਆ। ਇਸ ਦੀ ਧਰਮਾਤਮਾ ਬਿਰਤੀ ਦੇਖ ਕੇ ਸਤਿਗੁਰਾਂ ਇਸ ਨੂੰ 'ਸਾਧੂਜਨ' ਕਹਿਕੇ ਪੁਕਾਰਿਆ। ਅਸਲ ਲਿਖਤ ਇਉਂ ਹੈ—

ਉਸੀ ਦਿਨ ਲੋਕ ਲਾਹੌਰ ਸੇ ਆਏ। ਇਸਨਾਨ ਕਰਨ ਕੋ ਗੰਗ ਸਿਧਾਏ
ਸਭਹਨ ਮਿਲਿ ਗੁਰਦਰਸਨ ਕੀਨਾ। ਕਾਹੂ ਕਾਹੂ ਸਤਿਗੁਰ ਚੀਨਾ। ੯।
ਤਿਨ ਮੇਂ ਏਕ ਲੜਕਾ ਸੁਗਿਆਨਿ। ਸਤਿਗੁਰ ਚਰਨ ਸੰਗ ਤਿਸੁ ਧਯਾਨ
ਕਰ ਪ੍ਰਨਾਮ ਚਰਨ ਪਰ ਪਰਾ। ਗੁਰਮੂਰਤਿ ਲੇ ਹਿਰਦੈ ਧਰਾ। ੧੦।
ਸੋਰਠਾ—ਗੁਰ ਤਿਸ ਪਰਿ ਭਏ ਦਯਾਲ, 'ਸਾਧੂ ਜਨ' ਮੁਖ ਤੇ ਕਹਯੋ
ਮਨ ਉਪਜੀ ਭਗਤਿ ਬਿਸਾਲ, ਜਗ ਨਾਮ 'ਸਾਧੂਜਨ' ਤਿਸ ਕਹੈ। ੧੧।
ਪ੍ਰੇਮ ਭਗਤਿ ਤਾ ਕੇ ਮਨ ਆਈ। ਤਿਨ ਉਸਤਤਿ ਕਰਿ ਗੁਰਮਹਿਮਾ ਗਾਈ

ਘੜੇ ਭਗਤ ਸਾਧੂਜਨ ਭਏ। ਕਰ ਦਯਾ ਸਤਿਗੁਰ ਆਪਨੇ ਕਰ ਲਏ। ੧੨।

ਸਾਧੂਜਨ ਕੀ ਉਸਤਤਿ—

'ਮੈਂ ਵਾਰਿਆ ਗੁਰ ਪਹਿ ਵਾਰਿਆ।
ਮੈਂ ਵਾਰਿਆ ਗੁਰ ਕੀ ਪਗੜੀ ਤੇ......'
ਜਬ ਇਹ ਬਿਸਨ ਪਦ ਸਤਿਗੁਰ ਸੁਨਾ। ਕਰ ਸਾਧੂਜਨ, ਸਾਧ ਮੁਖਿ ਭਨਾ
ਭਯਾ ਪ੍ਰਗਾਸ ਸੋਇਆ ਮਨ ਜਾਗਾ। ਗੁਰ ਭਏ ਦਯਾਲ ਰਾਮ ਰੰਗ ਲਾਗਾ।੧੩।

[ਮਹਿਮਾ ਪ੍ਰਕਾਸ਼, ਸਾਖੀ ੧੫, ਪੰਨਾ 377-78

ਮਾਲੂਮ ਹੁੰਦਾ ਹੈ ਕਿ ਕਰਤਾ ਮਹਿਮਾ ਪ੍ਰਕਾਸ਼ ਨੂੰ ਭੁਲੇਖਾ ਲਗਾ ਹੈ ਕਿ ਇਹ ਪੰਚਮ ਗੁਰੂ ਦਾ ਸਿਖ ਸੀ, ਸਹੀ ਇਹ ਹੈ ਕਿ ਇਹ ਗੁਰੂ ਹਰਿਗੋਬਿੰਦ ਜੀ ਦਾ ਸ਼ਰਧਾਲੂ ਸੇਵਕ ਸੀ, ਜਿਸ ਨਾਲ ਉਨ੍ਹਾਂ ਆਪਣੀ ਧੀ ਪਰਣਾਈ। ਗੁਰਬਿਲਾਸ ਪਾਤਸ਼ਾਹੀ ਛੇਵੀਂ, ਗੁਰ ਪ੍ਰਤਾਪ ਸੂਰਯ ਤੇ ਤ੍ਵਾਰੀਖ ਗੁਰੂ ਖਾਲਸਾ ਵਿਚ ਇਹ ਸਾਰੀ ਗੱਲ ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਦੀ ਦੱਸੀ ਗਈ ਹੈ ਤੇ ਸਭ ਨੇ ਸਾਧੂਜਨ ਦੇ ਉਸ ਸ਼ਬਦ ਦਾ ਹਵਾਲਾ ਵੀ ਦਿਤਾ ਹੈ ਜੋ ਉਸਨੇ ਗੁਰੂ ਦੀ ਮਨੋਹਰ ਬਾਂਕੀ ਸ਼ਖਸੀਅਤ ਨੂੰ ਤੱਕ ਕੇ ਉਚਾਰਿਆ। ਇਹ ਸ਼ਬਦ ਇਸ ਸੰਚੀ ਵਿਚ ੬੭ ਤੇ ੧੧੭ ਪੰਨੇ ਤੇ ਦਿਤਾ ਗਿਆ ਹੈ ਤੇ 'ਸਬਦ ਸਲੋਕ' ਦੇ ਸੰਗ੍ਰਹਿ ਵਿਚ ਵੀ ਮੌਜੂਦ ਹੈ।

ਸਾਧੂਰਾਮ ਤੋਂ 'ਸਾਧੂਜਨ' ਨਾਮ ਹੋਣ ਬਾਰੇ ਖੁਦ ਕਵੀ ਨੇ ਲਿਖਿਆ ਹੈ—

'ਮੈਂ ਬਨੀਆਂ ਮਨੀਆ ਕਾਂਚ ਕਾ। ਗੁਰ ਮੋਤੀ ਕੀਨਾ ਸਾਚ ਕਾ
'ਸਾਧੂਜਨ' ਮੇਰਾ ਨਾਉਂ ਕੀਆ। ਕਰਿ ਕ੍ਰਿਪਾ ਸਤਿਗੁਰ ਮੇਲ ਲੀਆ।'

(ਗਉੜੀ, ਪੰਨਾ ੬੯

ਕੁਝ ਕੁ ਥਾਈਂ 'ਸਾਧੂ' ਨਾਂ ਵੀ ਵਰਤਿਆ ਹੈ:

'ਇਸ਼ਕ ਸਾਧੂ ਦਾ ਕਾਮਿਲ ਹੋਯਾ, ਲਗਾ ਨਾਲ ਸਚਾਣੇ।' (ਗਉੜੀ
'ਸੁਣਿਅਹੁ ਲੋਕੋ ਧਿਆਨ ਧਰਿ, ਸਾਧੂ ਦਾ ਵੀਚਾਰ।'

(ਗਉੜੀ ਬੈਰਾਗਣਿ

ਸਾਧੂ ਦਾ ਹੋਕਾ, ਸੁਣਅਹੁ ਵੇ ਲੋਕਾ,
(ਰਾਗ ਪੰਚਮ
ਤੇਰਾ ਅਉਸਰ ਜਾਂਦਾ ਵਖਤ ਵਿਹ ਦਾ ।

ਆਪਣੇ ਆਪਨੂੰ ਨਿਮਾਣਾ ਬਣੀਆ ਕਹਿਣਾ ਨਿਮ੍ਰਤਾ ਦਾ ਸੂਚਕ ਤਾਂ ਹੈ ਹੀ ਪਰ ਇਹ ਵੀ ਸੰਭਵ ਹੈ ਕਿ ਇਨ੍ਹਾਂ ਦਾ ਪਿਤਾ ਧਰਮ ਚੰਦ ਖੋਸਲਾ ਸਧਾਰਣ ਹਟ-ਵਾਣੀਆ ਹੋਵੇ ਪਰੰਤੂ ਗੁਰੂ ਸਾਹਿਬ ਨੇ ਬਾਲਕ ਦੀ ਪਰਮਾਰਥਕ ਪ੍ਰਬੁਤਾ ਤੱਕਕੇ ਉਸ ਨਾਲ ਆਪਣੀ ਲੜਕੀ ਦਾ ਰਿਸ਼ਤਾ ਕਰਨਾ ਠੀਕ ਜਾਤਾ ਹੋਵੇ ।

ਇਸ ਤਰ੍ਹਾਂ ਬਾਣੀਏ ਦਾ ਸੰਕੇਤ ਉਸ ਕਈ ਥਾਈਂ ਵਰਤਿਆ ਹੈ—

'ਬਨੀਏ ਕਾ ਨਾਮ ਪਰਿਓ ਸਾਧੂਜਨ, ਰਾਖਹੁ ਪੈਜ ਸਰਨ ਕੇ ਸੂਰੇ ।'
'ਬਨੀਏ ਕਾ ਨਾਮ ਪਰਿਓ ਸਾਧੂਜਨ, ਤੁਮ ਬਿਨ ਕਹਾਂ ਕਰਉ ਅਰਧੀਨੀ ।
(ਧਨਾਸਰੀ

'ਤੂੰ ਤਾਂ ਹਰਿਜਸ ਅੰਮ੍ਰਿਤ ਦਾਨੁ ਦੀਆ । ਜਨ ਬਨੀਏ ਪਰ ਉਪਕਾਰ ਕੀਆ ।'
'ਸਾਧਾਂ ਕੇ ਬਚਨ ਸੁਨੇ ਸ੍ਰਵਨੀਆ । ਸਮਝਿ ਭਏ ਸਾਧੂਜਨ ਬਨੀਆ ।'
'ਮੰਦਰ ਮਾਹਿ ਬਸੈ ਇਕ ਮਨੀਆ । ਮਹਲ ਪਹੂਚਿਆ ਬਪੁਰਾ ਬਨੀਆ ।'
(ਬਾਵਨ ਅੱਖਰੀ

ਸੋ ਅਜਿਹੇ ਕਥਨਾਂ ਦਾ ਭਾਵ ਇਹੋ ਹੈ ਕਿ ਮੈਂ ਮਾਮੂਲੀ ਖੱਤ੍ਰੀ-ਪੁੱਤਰ ਸਾਂ ਸਾਧਾਰਣ ਹਟਵਾਣੀਆਂ ਪਰੰਤੂ ਗੁਰੂ ਨੇ ਕ੍ਰਿਪਾ ਕਰਕੇ ਮੈਨੂੰ ਸਚਮੁਚ ਸਾਧੂਜਨ ਬਣਾ ਦਿਤਾ । ਇਸ ਕਿਸਮ ਦੀ ਨਿਮ੍ਰਤਾ ਦਾ ਭਾਵ ਹਰਗਿਜ਼ ਇਹ ਨਹੀਂ ਕਿ ਉਹ ਕੋਈ ਸਾਧਾਰਣ ਵਿਅਕਤੀ ਸੀ । ਹਕੀਕਤ ਇਹ ਹੈ ਕਿ ਬਾਬਾ ਸਾਧੂਜਨ ਅਨੇਕਾਂ ਪੱਖਾਂ ਤੋਂ ਇਕ ਮਹਾਨ ਪੁਰਸ਼ ਸੀ ਜਿਸਨੇ ਪੰਜ ਗੁਰੂਆਂ ਦੇ ਪ੍ਰਤੱਖ ਦਰਸ਼ਨ ਕੀਤੇ ਸਨ, ਉਨ੍ਹਾਂ ਦੀ ਚਰਣ ਛੋਹ ਹਾਸਲ ਕਰਕੇ ਅਧਿਆਤਮਕ ਉੱਚਤਾ ਪਾਈ ਸੀ । ਇਸੇ ਅਧਿਆਤਮ ਅਨੁਭਵ ਦਾ ਪ੍ਰਗਟਾਵਾ ਉਨ੍ਹਾਂ ਦੀ ਬਾਣੀ ਹੈ ।

ਸਾਧੂਜਨ ਦੇ ਨਿਕਟ ਸਮਕਾਲੀ ਕਵੀ ਰੂਪਰਾਇ ਜੀ ਨੇ ਲਿਖਿਆ ਹੈ :—

ਗੁਰ ਨਾਨਕ ਸੇ ਬਾਨੀ ਸ੍ਰੀ ਗੋਰਖ ਸੇ ਜੋਗ ਧਿਆਨੀ
ਜਨਕ ਸੇ ਗਿਆਨੀ ਪੈ ਸਾਰੰਗ ਪਾਨੀ ਮਨ ਕੇ ਚੁ

ਕਰਣ ਸੇ ਤਿਆਗੀ ਔਰ ਇੰਦ੍ਰ ਸੇ ਵਡਭਾਗੀ
ਬੈਰਾਗੀ ਪੈ ਰਾਗੀ ਕਾਨ੍ਹ ਜੈਸੇ ਬਨ ਕੇ ਜੂ
ਲਛਮਨ ਸੇ ਜਤੀ ਅਰੁ ਤ੍ਰਿਲੋਕਪਤੀ ਰਾਮ ਜੈਸੇ
ਭੈਰਵ ਸੇ ਸਤੀ ਭੀਮ ਭਾਰੀ ਮੱਲ ਰਨ ਕੇ ਜੂ ।
ਕਹੇ ਕਵਿ 'ਨੂਪਰਾਇ' ਕਲਿ ਮੇਂ ਅਵਤਾਰ ਲੀਓ
ਲਛਨ ਸੁਭ ਲੱਛਨ ਤੇਊ ਬਾਬੇ ਸਾਧੂਜਨ ਕੇ ਜੂ ।

ਇਤਿਹਾਸ ਦੀਆਂ ਸਮੂੰਹ ਘਟਨਾਵਾਂ ਤੋਂ ਅਸੀਂ ਪੂਰੀ ਤਰ੍ਹਾਂ ਪਰਿਚਤ ਨਹੀਂ, ਜਿਨ੍ਹਾਂ ਤੋਂ ਬਾਬਾ ਸਾਧੂਜਨ ਦੀ ਮਹਿਮਾ ਪਰਗਟ ਹੋ ਸਕੇ । ਜਾਪਦਾ ਹੈ, ਉਹ ਕਲਮ ਦੇ ਹੀ ਧਨੀ ਨਹੀਂ ਸਗੋਂ ਤਲਵਾਰ ਦੇ ਵੀ ਧਨੀ ਸਨ । ਇਸ ਤੋਂ ਇਲਾਵਾ ਉਹ ਆਤਮਿਕ ਸੂਰਬੀਰਤਾ ਕਾਰਣ ਉੱਚ ਆਚਾਰ ਦੇ ਸੁਆਮੀ ਸਨ ।

ਸਾਧੂਜਨ ਦਾ ਇਕ ਸੇਵਕ ਧਰਮ ਦਾਸ ਸੀ, ਜਿਸਨੇ ਆਪਣੀ ਰਚਨਾ ਵਿਚ 'ਦਾਸ' ਉਪਨਾਮ ਵਰਤਿਆ ਹੈ । ਇਸ ਨੇ ਵੀ ਸਾਧੂਜਨ ਦੇ ਉਚ ਆਚਾਰ ਦੀ ਸਾਖੀ ਭਰਦਿਆਂ ਲਿਖਿਆ ਹੈ :—

ਸਾਧੂਜਨ ਕਰਨੀ ਕਾ ਸੂਰਾ, ਪਰਮੇਸਰ ਕੀ ਸਮਸਰਿ ਪੂਰਾ
ਮਾਂਗੈ ਦਾਸ ਚਰਨ ਕੀ ਧੂਰਾ, ਐਸੀ ਕਰੁਨਾ ਧਾਰੀਐ ।' (ਮਾਝ
'ਧੰਨ ਰਸਨਾ ਜੋ ਹਰਿਜਸੁ ਗਾਵੈ,ਸੀਤਲ ਅੰਮ੍ਰਿਤ ਬਚਨ ਸੁਨਾਵੈ
ਧੰਨ ਵਹੁ ਹਾਥ ਜੁ ਸੇਵਾ ਕਰਹੀ, ਧੰਨ ਵਹੁ ਚਰਨ ਸੁ ਮਾਰਗ ਧਰਹੀ
ਇਸ ਕਰਤੂਤਿ ਸਾਧੂਜਨ ਰਹਤਾ
ਸਚੁ ਉਪਦੇਸੁ 'ਦਾਸ' ਕਰੁ ਕਹਤਾ ।' (ਸਲੋਕ
'ਦ੍ਰਿੜ ਸਮਾਧਿ ਲਗੀ ਠਾਕੁਰ ਸਿਉ, ਨਿਰਬੰਧਨ ਹੋਇ ਖੇਲੇ
ਹਰਖ ਸੋਗ ਕੀ ਬਾਨ ਤਜੀ ਹੈ, ਸਾਧੂਜਨ ਕੇ ਚੇਲੇ ।' (ਤਿਲੰਗ
'ਏਹੀ ਮਾਂਗਉਂ ਦਾਨ, ਨ ਰਹਉਂ ਨਿਆਰਾ ਜੀ
ਸਾਧੂਜਨ ਗੁਰਦੇਵ, ਦਾਸ ਕਾ ਪਿਆਰਾ ਜੀ ।' (ਗਉੜੀ

ਧਰਮਦਾਸ ਦੀ ਲਿਖਤ ਵਿਚ ਇਹ ਵੀ ਗੱਲ ਆਈ ਹੈ ਕਿ ਬਾਬਾ ਸਾਧੂਜਨ

ਦਾ ਦੇਹਾਂਤ ਸਿਆਲਕੋਟ ਵਿਚ ਹੋਇਆ। ਆਮ ਅਨੁਮਾਨ ਤਾਂ ਇਹੋ ਹੈ ਕਿ ਸਾਧੂਜਨ ਮੱਲ੍ਹ ਤੋਂ ਇਲਾਵਾ ਕੀਰਤਪੁਰ ਜਾਂ ਅਨੰਦਪੁਰ ਸਤਿਗੁਰਾਂ ਪਾਸ ਰਹਿੰਦੇ ਰਹੇ। ਸੰਭਵ ਹੈ ਕਿਸੇ ਕਾਰਣ ਉਹ ਸਿਆਲਕੋਟ ਵਲ ਗਏ ਹੋਣ ਤੇ ਉਥੇ ਹੀ ਸਰੀਰ ਤਿਆਗਿਆ ਹੋਵੇ। ਇਸ ਬਾਰੇ ਹੋਰ ਇਤਿਹਾਸਕ ਖੋਜ ਦੀ ਲੋੜ ਹੈ।

ਰਚਨਾ

ਇਹ ਗੱਲ ਤਾਂ ਬੜੀ ਸਪਸ਼ਟ ਹੈ ਕਿ ਸਾਧੂਜਨ ਸੰਤ ਪਰੰਪਰਾ ਦਾ ਮਹਾਨ ਕਵੀ ਸੀ। ਸੰਤ ਕਵੀ ਮਨੋਰੰਜਨ ਲਈ ਕਾਵਿ ਰਚਨਾ ਨਹੀਂ ਸੀ ਕਰਦੇ ਤੇ ਨਾ ਹੀ ਉਨ੍ਹਾਂ ਦਾ ਮਨੋਰਥ ਇਸ ਦੁਆਰਾ ਦੌਲਤ ਯਾ ਕੀਰਤਿ ਪਰਾਪਤ ਕਰਨਾ ਸੀ। ਉਹ ਆਪਣੇ ਆਪ ਦਾ ਪ੍ਰਗਟਾਉ ਕਰਦੇ ਤੇ ਰੱਬੀ ਮਹਿਮਾ ਗਾ ਕੇ ਆਪੇ ਨੂੰ ਸੰਤੁਸ਼ਟ ਕਰਨ ਦਾ ਜਤਨ ਕਰਦੇ ਸਨ। ਮਨ ਨੂੰ ਦੂਸ਼ਿਤ ਕਰਨ ਵਾਲੇ ਔਗੁਣਾਂ,ਵਿਕਾਰਾਂ ਯਾ ਸਮਾਜਕ ਕੁਰੀਤੀਆਂ ਦਾ ਵਿਰੋਧ ਕਰਨਾ ਉਨ੍ਹਾਂ ਲਈ ਜ਼ਰੂਰੀ ਸੀ ਕਿਉਂਕਿ ਇਹ ਰੱਬੀ ਪ੍ਰੇਮ ਤੇ ਮਾਨਵ(ਪ੍ਰੇਮ ਵਿਚ ਰੁਕਾਵਟ ਸਨ। ਗੁਰਬਾਣੀ ਵਿਚ ਤਾਂ ਇਥੋਂ ਤਕ ਕਿਹਾ ਗਿਆ ਹੈ।

'ਸੋਈ ਸੰਤ ਜਿ ਭਾਵੈ ਰਾਮ। 'ਸੰਤ ਗੋਬਿੰਦ ਕੈ ਏਕੈ ਕਾਮ।'

'ਭਾਵ ਰੱਬ ਦਾ ਤੇ ਸੰਤਾਂ ਮਹਾਤਮਾਂ ਦਾ ਮਿਸ਼ਨ ਇਕੋ ਹੀ ਹੈ।

ਗਰੀਬ ਦਾਸ ਦਾ ਕਥਨ ਹੈ—

ਸਾਈਂ ਸਰੀਖੇ ਸੰਤ ਹੈ, ਯਾ ਮੇਂ ਮੀਨ ਨ ਮੇਖ।

ਪਲਟੂਦਾਸ ਇਸੇ ਦੀ ਪੁਸ਼ਟੀ ਕਰਦਾ ਹੈ—

'ਸੰਤ ਔਰ ਰਾਮ ਕੋ ਏਕ ਕਰਿ ਜਾਨੀਐ
ਦੂਸਰਾ ਭੇਦ ਨ ਤਨਿਕ ਆਨੈ।'

ਰਾਮ-ਭਗਤ ਤੁਲਸੀ ਦਾਸ ਦੀ ਵੀ ਇਸ ਤੋਂ ਵੱਖਰੀ ਰਾਇ ਨਹੀਂ :—

'ਜਾਨੇਹੁ ਸੰਤ ਅਨੰਤ ਸਮਾਨਾ।'

ਸਾਧੂਜਨ ਪਰਮ ਸੰਤ ਸੀ, ਉਸਦੀ ਰਚਨਾ, ਸੰਤ ਬਾਨੀ ਦੀ ਸ੍ਰੇਸ਼ਟ ਉਦਾਹਰਣ ਹੈ, ਜਿਸ ਉਤੇ ਗੁਰਬਾਣੀ ਦਾ ਪੂਰਨ ਪ੍ਰਭਾਵ ਹੈ। ਭਾਈ ਗੁਰਦਾਸ ਨੇ ਤਾਂ ਪੰਜਾਬੀ ਦੇ

ਪਉੜੀ ਪ੍ਰਬੰਧ ਵਿਚ ਤੇ ਹਿੰਦੀ ਦੇ ਕਬਿੱਤ ਛੰਦ ਵਿਚ ਗੁਰੂ ਸਿਧਾਂਤਾਂ ਦੀ ਵਿਆਖਿਆ ਕੀਤੀ ਸੀ ਪਰੰਤੂ ਸਾਧੂਜਨ ਨੇ ਰਾਗਾਂ ਵਿਚ ਸ਼ਬਦ ਸਲੋਕ ਲਿਖ ਕੇ ਹੀ ਉਸ ਪਰੰਪਰਾ ਨੂੰ ਅੱਗੇ ਤੋਰਿਆ ਹੈ।

ਆਪ ਨੇ ਸਾਰੀ ਰਚਨਾ ਵਿਚ ਉਪਨਾਮ 'ਸਾਧੂਜਨ' ਹੀ ਵਰਤਿਆ ਹੈ ਤੇ ਢੇਰ ਧਾਰਮਿਕ ਰਚਨਾ ਕੀਤੀ ਹੈ। ਮਾਲੂਮ ਹੁੰਦਾ ਹੈ, ਇਹ ਸੰਸਕ੍ਰਿਤ ਦਾ ਵਿਦਵਾਨ ਸੀ ਜੈਸਾ ਕਿ ਮਹਾਂ ਭਾਰਤ ਅਨੁਵਾਦ ਦੇ ਅੰਤ ਵਿਚ ਲਿਖਿਆ ਹੈ :—

ਸ੍ਰੀ ਮਹਾਂ ਭਾਰਤ ਪੁਰਾਣ ਜੋ, ਜਨਸਾਧੂ ਕੀਓ ਬਖਾਨ
ਸਹੰਸਕ੍ਰਿਤ ਭਾਖਾ ਕਰੀ, ਕ੍ਰਿਪਾ ਸ੍ਰੀ ਭਗਵਾਨ। ੩੫੭।

ਇਹ ਮਹਾਂ ਭਾਰਤ ਦਾ ਖਰੜਾ ਸਿਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ (ਨੰ. 1844) ਸੁਰੱਖਿਅਤ ਹੈ ਤੇ ਇਸੇ ਲਾਇਬਰੇਰੀ ਦੇ 1596 ਨੰ. ਖਰੜੇ ਵਿਚ ਇਸੇ ਕਵੀ ਦੀ ਛੋਟੀ ਜੇਹੀ ਰਚਨਾ 'ਸੁਦਾਮਾ ਚਰਿਤ੍ਰ' ਮੌਜੂਦ ਹੈ। ਇਸ ਤੋਂ ਇਲਾਵਾ ਸਾਧੂਜਨ ਨੇ ਸਹਸ੍ਰਨਾਮਾ, ਪ੍ਰਹਿਲਾਦ ਚਰਿਤ੍ਰ, ਧ੍ਰੂ ਚਰਿਤ੍ਰ ਤੇ ਰਾਮਾਇਣ ਆਦਿ ਦੀ ਰਚਨਾ ਵੀ ਕੀਤੀ। ਇਹ ਰਚਨਾਵਲੀ ਦਸਦੀ ਹੈ ਕਿ ਉਸਦੀ ਹਿੰਦੂ ਪੁਰਾਣਕ ਕਥਾਵਾਂ ਵਿਚ ਚੰਗੀ ਦਿਲਚਸਪੀ ਸੀ।

ਇਸ ਸਮੇਂ ਗੁਰੂ ਅਰਜਨ ਸਾਹਿਬ ਜੀ ਦੀ ਕ੍ਰਿਪਾ ਨਾਲ ਸਿਖਾਂ ਵਿਚ ਗੁਰਬਾਣੀ ਦਾ ਡੂੰਘਾ ਪ੍ਰਭਾਵ ਸੀ, ਕੇਵਲ ਜੀਵਨ ਅੰਦਰ ਅਗਵਾਈ ਲੈਣ ਲਈ ਹੀ ਨਹੀਂ, ਸਗੋਂ ਸਾਹਿਤਕ ਖੇਤਰ ਵਿਚ ਵੀ ਗੁਰਬਾਣੀ ਦੀ ਵਿਚਾਰਧਾਰਾ ਤੇ ਸ਼ਬਦਾਵਲੀ, ਨਵੀਨ ਕਾਵਿ ਧਾਰਾ ਨੂੰ ਜਨਮ ਦੇ ਰਹੀ ਸੀ, ਜਿਸਦੇ ਮੋਢੀ ਕਵੀ ਭਾਈ ਗੁਰਦਾਸ, ਭਾਈ ਬਹਲੋ, ਭਾਈ ਹਰੀਆ, ਭਾ. ਦਰਬਾਰੀ, ਭਾਈ ਸਾਧੂਜਨ ਵਰਗੇ ਮਹਾਨ ਕਲਾਕਾਰ ਸਨ। ਇਨ੍ਹਾਂ ਗੁਰਬਾਣੀ ਦੀ ਵਿਆਖਿਆ ਵਜੋਂ ਕਾਫ਼ੀ ਕਵਿਤਾ ਲਿਖੀ ਤੇ ਕਈ ਆਪਣੇ ਅਨੁਭਵ ਵੀ ਪ੍ਰਗਟਾਏ। ਮਿਸਾਲ ਲਈ ਜਪੁਜੀ ਤੇ ਸੁਖਮਨੀ ਦੇ ਆਦਰਸ਼ ਤੇ ਨਵ-ਰਚਨਾਵਾਂ ਹੋਈਆਂ ਜੋ ਇਕ ਪਰਕਾਰ ਇਨ੍ਹਾਂ ਦੇ ਭਾਵਾਰਥ ਹੀ ਸਨ। ਸਾਧੂਜਨ ਨੇ ਜਪੁ ਦੀਆਂ ੨੦ ਪਉੜੀਆਂ ਤੇ ਸੁਖਮਨੀ ਦੀਆਂ ੬੬ ਪਉੜੀਆਂ ਲਿਖੀਆਂ। ਮਿਸਾਲ ਲਈ 'ਸੋਚੈ ਸੋਚਿ ਨ ਹੋਵਈ, ਦੀ ਵਿਆਖਿਆ ਇਉਂ

ਕੀਤੀ ਹੈ :—

ਜੇ ਬੀਚਾਰ ਕਰੀ ਪ੍ਰਭੂ ਤੇਰਾ, ਕਿਆ ਕਿਛੁ ਕਰੀ ਬੀਚਾਰੋ
ਜੇਕਰ ਚੁਪ ਰਹਾਂ ਲਿਵ ਅੰਤਰਿ, ਤਾਂ ਭੀ ਨਾਹਿ ਸੁਮਾਰੋ
ਤ੍ਰਿਸਨਾ ਤ੍ਰਿਪਤ ਨ ਆਵਈ, ਕੀਚੈ ਕਵਨ ਅਹਾਰੋ
ਕੀੜਾ ਹੋਇਆ ਕਿਆ ਕਰੈ, ਸਹਸੇ ਮੈਂ ਸੰਸਾਰੋ
ਜੇ ਤੁਧ ਭਾਵੈ ਸੋ ਥੀਐ, ਪਾਪੀ ਕਉ ਨਿਸਤਾਰੋ
ਭਾਣੈ ਭਉਜਲ ਲੰਘਣਾ, ਭਾਣੈ ਜੋਨਿ ਭ੍ਰਮਾਇ
ਸਾਧੂਜਨ ਸਚੇ ਪ੍ਰਭੂ, ਤੇਰੀ ਲੀਲ੍ਹਾ ਲਖੀ ਨ ਜਾਇ।

ਜਪੁ ਦੀ ਆਖਰੀ ਪਉੜੀ ਸਮਕਾਲੀ ਧਰਮਾਂ ਦੀ ਤਸਵੀਰ ਹੈ :—

ਕੋ ਪੜ੍ਹਿ ਪੁਸਤਕ ਪੰਡਿਤ ਹੂਆ, ਕੋ ਹੂਆ ਬਨਵਾਸੀ
ਕਿਨਹੂੰ ਭਗਵੇ ਕਪੜੇ ਕੀਏ, ਗ੍ਰਿਹ ਤਜਿ ਭਇਆ ਉਦਾਸੀ
ਕਿਨਹੂੰ ਪਉਣ ਅਰੋਪਨ ਕੀਨਾ, ਸਿਧ ਕਲਾ ਪ੍ਰਗਾਸੀ
ਕਿਨਹੂੰ ਅਪਨੇ ਕਾਨ ਪੜਾਏ, ਗੁਰ ਗੋਰਖ ਰਹਿਰਾਸੀ
ਕਿਨਹੂੰ ਅੰਗ ਬਿਭੂਤਿ ਚੜ੍ਹਾਈ, ਨਗਨ ਭਇਆ ਸੰਨਿਆਸੀ
ਕੋ ਸਮਦਰਸੀ ਸੁੰਨ ਸਮਾਧੀ, ਅਬਗਤਿ ਕੋ ਅਭਿਆਸੀ
ਕਿਨਹੂੰ ਜਪ ਤਪ ਸੰਜਮ ਕੀਨਾ, ਦੁਰਮਤਿ ਮਾਰਿ ਨਿਕਾਸੀ
ਕਿਨਹੂ ਭਿਖਿਆ ਭੋਜਨ ਕੀਨਾ, ਸੰਕਾ ਸਗਲੀ ਨਾਸੀ
ਕਿਨਹੂ ਅਪਨਾ ਮੂੰਡ ਮੁੰਡਾਇਆ, ਕੋ ਬਸਿਆ ਜਾਇ ਕਾਂਸ਼ੀ
ਕਿਨਹੂੰ ਬਹੁਤ ਪਸਾਰਾ ਕੀਨਾ, ਮਾਇਆ ਮਾਹਿ ਨਿਵਾਸੀ
ਕੋਈ ਪਰਮ ਵੈਸ਼ਨੋ ਹੂਆ, ਸ੍ਰੀ ਜਗੰਨਾਥ ਉਪਾਸੀ
ਕੋਈ ਕਹੈ ਮੈਂ ਗੁਰਸਿਖ ਹੂਆ, ਸਤਿਗੁਰ ਕਾ ਵਿਸ਼ਵਾਸੀ
ਕੋਈ ਕਹੈ ਜੋ ਕਲਮਾ ਕਹਤਾ; ਦੋਜ਼ਕ ਕਬਹੂੰ ਨ ਜਾਸੀ
ਕੋ ਦਰਵੇਸ਼ ਦਿਲਾਵਰ ਹੂਆ, ਦੁਨੀਆ ਤਾਂ ਕੀ ਦਾਸੀ
ਕਿਨਹੂੰ ਦਾਨਸ਼ਵੰਦ ਕਹਾਇਆ, ਕੋ ਮੀਰਾ ਮੀਰਾਸੀ

ਕਿਨਹੂੰ ਪੀਰ ਫਕੀਰ ਕਰ ਗਹਿਆ, ਕੋ ਕਰਸੀ ਸੋ ਪਾਸੀ
ਜਿਨ ਜਿਨ ਸੁਕ੍ਰਿਤ ਕਰਮ ਕਮਾਏ, ਤਿਨ ਕੀ ਭਈ ਖਲਾਸੀ
ਮੈਂ ਮੂਰਖ ਕਿਛੁ ਸੁਕ੍ਰਿਤ ਨ ਕੀਨਾ, ਮੇਰੀ ਇਉਂ ਹੀ ਅਉਧ ਬਿਨਾਸੀ
ਨਾਮ ਧਰਿਆ ਸਾਧੂਜਨ ਮੇਰਾ, ਜਗਤ ਕਰੈਗੋ ਹਾਸੀ
ਏਕ ਟੇਕ ਪ੍ਰਭੁ ਪਤਿਤ ਪਾਵਨ ਕੀ, ਸਰਨ ਤੇਰੀ ਅਬਿਨਾਸੀ
ਬਿਰਦ ਸੰਮਾਰਿ ਉਧਾਰ ਅਧਮ ਕਉ, ਕਾਟਿ ਬਿਖਿਆ ਕੀ ਫਾਸੀ ।੨੦।

ਅਸੀਂ ਸਾਧੂਜਨ ਦੀਆਂ ਕਾਵਿ-ਵਿਸ਼ੇਸ਼ਤਾਈਆਂ ਵਿਚ ਨਹੀਂ ਪੈਣਾ ਚਾਹੁੰਦੇ। ਇਹ ਵਿਸਤਾਰ ਦੀ ਚੀਜ਼ ਹੈ। ਜਿਸ ਤਰ੍ਹਾਂ ਹੋਰ ਭਗਤੀ-ਕਾਵਿ ਵਿਚ ਅਧਿਆਤਮਕ ਸੰਦੇਸ਼ ਉਤੇ ਜ਼ੋਰ ਹੈ, ਇਸ ਤਰ੍ਹਾਂ ਇਥੇ ਵੀ ਤਾਨ ਉਥੇ ਜਾ ਕੇ ਹੀ ਟੁੱਟਦੀ ਹੈ। ਜਿਥੋਂ ਤਕ ਰੂਪਕ ਪੱਖ ਦੀ ਗੱਲ ਹੈ, ਉਹ ਸਮੇਂ ਅਨੁਸਾਰ ਸ਼ਬਦ, ਸਲੋਕ, ਤੇ ਸਾਖੀ ਦੀ ਵਧੇਰੇ ਵਰਤੋਂ ਹੋਈ ਤੇ ਕਈ ਲੋਕ ਕਾਵਿ ਰੂਪਾਂ ਨੂੰ ਵੀ ਖੁਲ੍ਹ ਕੇ ਵਰਤਿਆ ਗਿਆ ਹੈ। ੩੦—੩੫ ਰਾਗਾਂ ਦਾ ਪ੍ਰਯੋਗ ਦਸਦਾ ਹੈ ਕਿ ਇਸ ਸੰਤ ਕਵੀ ਨੂੰ ਸੰਗੀਤ ਦੀ ਚੰਗੀ ਸੋਝੀ ਸੀ। ਬੋਲੀ ਭਾਵੇਂ ਸੰਤ ਭਾਸ਼ਾ ਹੀ ਵਰਤੀ ਹੈ ਪਰ ਪੰਜਾਬੀ ਦਾ ਚੋਖਾ ਰੰਗ ਪ੍ਰਧਾਨ ਹੈ, ਨਿਰੋਲ ਪੰਜਾਬੀ ਛੰਦ ਵੀ ਮੌਜੂਦ ਹਨ। ਅਲੰਕਾਰਕ ਵਿਧਾਨ ਲਗਭਗ ਉਹੋ ਹੈ ਜੋ ਬਾਕੀ ਸੰਤ ਬਾਣੀ ਜਾਂ ਗੁਰਬਾਣੀ ਵਿਚ ਵਰਤਿਆ ਗਿਆ ਹੈ। ਹਾਂ, ਸਾਡੇ ਮਤਲਬ ਲਈ ਕਈ ਸੰਕੇਤ ਇਸ ਰਚਨਾ ਵਿਚ ਅਜੇਹੇ ਆਏ ਹਨ ਜੋ ਕਿ ਇਤਿਹਾਸਕ ਤੌਰ ਤੇ ਬਹੁਮੁੱਲੇ ਹਨ। ਜਿਵੇਂ, ਇਕ ਸ਼ਬਦ ਵਿਚ ਸਾਧੂਜਨ ਨੇ ਸਾਰੇ ਸੰਤ ਭਗਤ ਕਵੀਆਂ ਦੀ ਜਾਤਿ ਦੱਸ ਕੇ ਚਰਚਾ ਕੀਤੀ ਹੈ। ਆਸਾ ਰਾਗ ਵਿਚ ਇਹ ਸ਼ਬਦ ਇਉਂ ਸ਼ੁਰੂ ਹੁੰਦਾ ਹੈ :—

ਜਾਤੀ ਪਹਿ ਰਾਮ ਨ ਰੀਝੈ ਰੇ। ਕੋਈ ਸਰਨ ਪਰੈ ਸੋ ਸੀਝੈ ਰੇ (ਆਸਾ, ਪੰਨਾ ੯੩

ਅਗੇ ਕਈ ਭਗਤਾਂ ਦੇ ਸੰਕੇਤ ਦਿਤੇ ਹਨ ਜਿਨ੍ਹਾਂ ਵਿਚੋਂ ਕਵੀਆਂ ਦਾ ਵੇਰਵਾ ਇਤਿਹਾਸ ਲਈ ਗੁਣਕਾਰੀ ਹੈ :—

ਬਾਲ ਜਤੀ ਅਵਧੂਤ ਭਗਤ ਕਉ, ਰਹਤਾ ਜਗ ਤੇ ਨਿਆਰਾ ਰੇ
ਸੋ ਮੈਂ ਅਪਨੀ ਆਖਹੁੰ ਦੇਖਿਆ, ਲਟਕਨ ਜਾਤਿ ਲੁਹਾਰਾ ਰੇ ।੩।
ਕੇਸੋ, ਜੀਵਨ, ਲਾਲ ਖਿਆਲੀ, ਤੀਨੋ ਜਾਤਿ ਸੁਨਾਰਾ ਰੇ

ਭਗਤਿ ਕਰਹਿੰ ਨਾਚਹਿੰ ਅਰ ਗਾਵਹਿੰ, ਪਰਮੇਸ਼ਰ ਕੌ ਪਿਆਰਾ ਹੈ । ੧੬ ।

ਇਨ੍ਹਾਂ ਹਵਾਲਿਆਂ ਤੋਂ ਪਤਾ ਲਗਦਾ ਹੈ ਲਟਕਣ ਲੁਹਾਰ ਸੀ ਤੇ ਕੇਸੋ, ਜੀਵਨ, ਲਾਲ ਖਿਆਲੀ ਵਰਗੇ ਸੰਤ ਕਵੀ ਸੁਨਿਆਰ ਜਾਤੀ ਵਿਚੋਂ ਸਨ ।

ਇਸੇ ਤਰ੍ਹਾਂ 'ਵਾਰ ਗਉੜੀ' ਵਿਚ ਅਨੇਕਾਂ ਹੋ ਚੁਕੇ ਭਗਤਾਂ ਦਾ ਬਿਉਰਾ ਦਿਤਾ ਹੈ ਜੋਕਿ ਧਿਆਨ ਜੋਗ ਹੈ :—

ਸਿਮਰਿ ਤਰਿਓ ਸ੍ਰੀ ਰਾਮ ਕਬੀਰ ਨਾਮਾ ।
ਪ੍ਰਗਟ ਜਗਤ ਕੇ ਬੀਚ ਬਾਜੈ ਦਮਾਮਾ । ੨੯ ।
ਸਿਮਰਿ ਤਰਿਓ ਸ੍ਰੀ ਰਾਮ ਰਵਿਦਾਸ ਮੋਚੀ ।
ਸਕਲ ਜੀਆਂ ਕੋ ਦੇਤ ਹੈ ਰਾਮ ਰੋਚੀ । ੩੦ ।
ਤਰਿਓ ਸਾਧ ਕੇ ਸੰਗਿ ਕਾਇਥ ਤ੍ਰਿਲੋਚਨ ।
ਸਿਮਰਿ ਦੀਨ ਦੁਖ ਹਰਨ ਪ੍ਰਭੁ ਪਾਪ ਮੋਚਨ । ੩੧ ।
ਸਿਮਰਿ ਤਰਿਓ ਸ੍ਰੀ ਰਾਮ ਕੋ ਸੈਨ ਨਾਈ ।
ਭਜੈ ਰਾਮ ਕੋ ਧੰਨ ਤਾਂ ਕੀ ਕਮਾਈ । ੩੨ ।......
ਸਿਮਰਿ ਤਰਿਓ ਸ੍ਰੀ ਰਾਮ ਧੰਨਾ ਜਟੇਟਾ ।
ਤਿਸਹਿ ਚਤੁਰਭੁਜ ਰੂਪ ਸਿਉ ਭਈ ਭੇਟਾ । ੩੪ ।......
ਸਿਮਰਿ ਤਰਿਓ ਸ੍ਰੀ ਰਾਮ ਨਾਨਕ ਵੇਦੀ ।
ਨਿਰੰਕਾਰ ਕਰਤਾਰ ਕੋ ਭਇਓ ਭੇਦੀ
ਸਕਲ ਜਗਤਿ ਕੇ ਬੀਚ ਸਤਿਗੁਰ ਕਹੀਜੈ ।
ਧੰਨ ਧੰਨ ਤਾਕੋ ਜਸ ਸਦਾ ਕੀਜੈ । ੩੭ ।
ਸਿਮਰਿ ਸਿਮਰਿ ਸ੍ਰੀ ਰਾਮ ਕੋ ਤਰਿਓ ਕਾਨ੍ਹਾ ।
ਭਇਓ ਤੱਤ-ਦਰਸੀ ਸਕਲ ਜਗਤ ਜਾਨਾ । ੩੮ ।
ਸਿਮਰਿ ਤਰੇ ਸ੍ਰੀ ਰਾਮ ਕੋ ਸੂਰ ਦੋਊ ।
ਕਰੇਂ ਭਗਤਿ ਭਗਵੰਤ ਕੀ ਤਰੈ ਸੋਊ । ੩੯ ।
ਸਿਮਰਿ ਤਰੀ ਸ੍ਰੀ ਰਾਮ ਕੋ ਮੀਰਾ ਬਾਈ ।
ਦਈ ਲਾਜ ਕੁਲਿ ਛਾਡਿ ਲਿਵ ਰਾਮ ਲਾਈ । ੪੦ ।
ਸਿਮਰਿ ਤਰਿਓ ਸ੍ਰੀ ਰਾਮ ਕੋ ਦਾਦੂ ਧੁਨੀਆ ।
ਕਰੈ ਭਗਤਿ ਭਗਵੰਤ ਕੀ ਸੋਈ ਗੁਨੀਆ । ੪੧ ।

ਸਿਮਰਿ ਤਰਿਓ ਸ੍ਰੀ ਰਾਮ ਇਦਰਾਜ ਸੈਮੀ ।
ਤਿਸਹਿ ਮਹ ਨਿਰਲੇਭ ਘਟਿ ਭਗਤਿ ਜੈਮੀ । ੪੨ ।
ਸਿਮਰਿ ਤਰਿਓ ਸ੍ਰੀ ਰਾਮ ਕੱਕੜੂ ਰਹੋਆ ।
ਰਿਦੇ ਵੈਸਨੋ ਧਰਮ ਪ੍ਰਕਾਸ਼ ਹੋਆ । ੪੫ ।
ਬਾਜੀਦਿ ਪਾਠਾਨਿ ਭਗਵੰਤੁ ਭਜਿਆ ।
ਸਕਲ ਜੀਆ ਕੋ ਪਾਪ ਪਾਖੰਡ ਤਜਿਆ । ੪੬ ।
ਮਾਧੋ ਦਾਸ ਪ੍ਰਗਾਸ ਗੋਪਾਲ ਪਾਇਆ ।
ਜਗਨ ਨਾਥ ਪ੍ਰਸਾਦਿ ਬੈਕੁੰਠ ਪਾਇਆ । ੪੭ ।
ਸਿਮਰਿ ਤਰਿਓ ਛੱਜੂ ਭਗਤ ਰਾਮਨਾਮਾ ।
ਜਿਨੈ ਜਨਮ ਕੇ ਪਰਸ ਕੀਨੇ ਨ ਭਾਮਾ । ੪੮ ।
ਸਿਮਰਿ ਰਾਮ ਕੋ ਨਾਮ ਤਰਿਓ ਮੁਕੰਦਾ ।
ਦੀਏ ਸਕਲ ਸੰਸਾਰ ਕੇ ਕਾਟਿ ਫੰਦਾ । ੪੯ ।
ਸਿਮਰਿ ਤਰਿਓ ਸ੍ਰੀ ਰਾਮ ਤੀਰਥ ਅਰੋੜਾ ।
ਜਿਨ੍ਹੈ ਪੁੰਨ ਅਰ ਪਾਪ ਮਨ ਤੇ ਵਿਛੋੜਾ । ੫੦ ।
ਸਿਮਰਿ ਤਰਿਓ ਸ੍ਰੀ ਰਾਮ ਬੂੱਟਾ ਸੁਆਮੀ ।
ਗੁਹਜ ਬਾਧਿ ਇੰਦ੍ਰੀ ਭਇਓ ਪਾਰਗ੍ਰਾਮੀ । ੫੧ ।
ਸਿਮਰਿ ਤਰੇ ਸ੍ਰੀ ਰਾਮ ਦੇਊ ਸੰਤਦਾਸਾ ।
ਕਰੈ ਭਗਤਿ ਭਗਵੰਤ ਕੀ ਸੁਆਸ ਸੁਆਸਾ । ੫੨ ।
ਸਿਮਰਿ ਤਰੇ ਸ੍ਰੀ ਰਾਮ ਅਨਹੋਤਾ ਬਿਹਾਰੀ ।
ਸੀਤਲ ਸਾਧ ਉਪਾਧਿ ਮਨ ਤੇ ਨਿਵਾਰੀ । ੫੩ ।
ਸਿਮਰਿ ਤਰਿਓ ਸ੍ਰੀ ਰਾਮ ਬਿਬੇਕ ਦਾਸਾ ।
ਜਾ ਕੋ ਰਾਮ ਕੇ ਨਾਮ ਕੀ ਸਦਾ ਆਸਾ । ੫੪ ।
ਸਿਮਰਿ ਤਰਿਓ ਸ੍ਰੀ ਰਾਮ ਬੰਮਨ ਬੈਰਾਗੀ ।
ਜਾ ਕੋ ਰਾਮ ਕੇ ਨਾਮ ਸਿਉ ਪ੍ਰੀਤਿ ਲਾਗੀ । ੫੬ ।
ਤਰਿਓ ਦਾਸ ਜੱਲ੍ਹਣ ਸਿਮਰਿ ਰਾਮਨਾਮਾ ।
ਭਜੋ ਮੁਕਤ ਸਤ ਰਾਮ ਸੋਂ ਕੀਓ ਕਾਮਾ । ੫੭ ।
ਭਗਤ ਅਵਰ ਅਗਨਤ ਬਰਨੇ ਨ ਜਾਹੀ ।
ਤੇਰੇ ਭਗਤ ਕੇਤੇ ਭਏ ਜਗਤ ਮਾਹੀ ।

ਸੰਪਾਦਕੀ ਨੋਟ —

ਇਹ ਪੁਸਤਕ ਛਪ ਚੁਕੀ, ਸੀ ਜਦੋਂ ਕਿ ਡਾ. ਸੁਰਿੰਦਰ ਸਿੰਘ ਕੋਹਲੀ ਜੀ ਨੇ ਮੈਨੂੰ ਦੱਸਿਆ ਕਿ ਡਾ. ਧਰਮਬੀਰ ਸਿੰਘ ਜੈਨੀ ਨੇ ਕਵੀ ਸਾਧੂਜਨ ਬਾਰੇ ਡਾਕਟ੍ਰੇਟ ਪੱਧਰ ਦਾ ਕੰਮ ਕੀਤਾ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਇਸ ਸਬੰਧੀ ਪਹਿਲ ਕੀਤੀ ਲੇਕਿਨ ਮੈਨੂੰ ਉਨ੍ਹਾਂ ਦਾ ਥੀਸਿਸ ਦੇਖਣ ਦਾ ਮੌਕਾ ਨਹੀਂ ਮਿਲਿਆ। ਹਾਂ, 'ਪਰਖ' (ਅੰਕ ੧, 1964) ਵਿਚ ਉਨ੍ਹਾਂ ਦੀ ਖੋਜ ਦਾ ਸਾਰੰਸ਼ ਪੜ੍ਹਿਆ ਜਿਸ ਤੋਂ ਪਤਾ ਲਗਾ ਕਿ ਉਨ੍ਹਾਂ ਨੂੰ ਇਸ ਮਹਾਨ ਕਵੀ ਦੇ ਜੀਵਨ ਬਾਰੇ ਲੋੜੀਂਦੀ ਸਮੱਗਰੀ ਨਹੀਂ ਮਿਲ ਸਕੀ। ਇਹੋ ਕਾਰਨ ਹੈ ਕਿ ਉਨ੍ਹਾਂ ਇਸਨੂੰ ਅਠਾਰਵੀਂ ਸਦੀ ਦਾ ਕਵੀ ਲਿਖਿਆ ਹੈ ਜਦੋਂ ਕਿ ਇਹ ਸਤਾਰ੍ਹਵੀਂ ਸਦੀ ਦਾ ਹੈ। ਗੁਰੂ ਘਰ ਦਾ ਨਿਕਟਵਰਤੀ ਸਿਖ ਹੋਣ ਦੇ ਨਾਤੇ ਅਧਿਆਤਮਕ ਕਵੀ ਤਾਂ ਇਹ ਹੈ ਹੀ। ਨਾਲ ਇਸ ਗੋਪੀਚੰਦ ਤੇ ਕਥਾ ਸੋਲਾਂ ਸਹੇਲੀਆਂ ਆਦਿ ਲਿਖਕੇ ਇਕ ਤਰ੍ਹਾਂ ਕਿੱਸਾ ਕਾਵਿ ਲਈ ਵੀ ਨਵੇਂ ਪੂਰਨੇ ਪਾਏ ਹਨ। ਇਹ ਜ਼ਰੂਰ ਹੈ ਕਿ ਇਸਦੀਆਂ ਰਚਨਾਵਾਂ ਦੇ ਹੱਥਲਿਖਤ ਖਰੜੇ ਬਹੁਤ ਘੱਟ ਮਿਲਦੇ ਹਨ।

ਅਜ ਤੋਂ 70—80 ਸਾਲ ਪਹਿਲਾਂ ਕਿਸੇ ਸਿਆਣੇ ਸੱਜਣ ਨੇ 'ਸਬਦ ਸਲੋਕ ਭਗਤਾਂ ਕੇ' (1901 ਈ.) ਵਿਚ ਅਨੇਕਾਂ ਭਗਤ ਕਵੀਆਂ ਦੇ ਚੋਣਵੇਂ ਭਜਨ ਰਾਗਵਾਰ ਸੰਗ੍ਰਹਿਤ ਕੀਤੇ ਸਨ, ਇਸ ਵਿਚ ਸਾਧੂਜਨ ਦੀ ਰਚਨਾ ਵੀ ਦਰਜ ਹੈ। ਅਸਾਂ ਬਹੁਤਾ ਮਸਾਲਾ ਇਸੇ ਸੰਕਲਨ ਤੋਂ ਲਿਆ ਹੈ ਅਤੇ ਕੁਝ ਕੁ ਚੀਜ਼ਾਂ ਹੱਥ-ਲਿਖਤਾਂ ਵਿਚੋਂ ਲੈ ਕੇ ਇਹ ਗੁਲਦਸਤਾ ਸਜਾਇਆ ਹੈ। ਇਸ ਕਵੀ ਦੀ ਸਾਰੀ ਰਚਨਾ ਤਾਂ ਵੱਡੇ ਅਕਾਰ ਦੀ ਹੈ ਤੇ ਇਕ ਵੱਡੇ ਗ੍ਰੰਥ ਵਿਚ ਹੀ ਆ ਸਕਦੀ ਹੈ। ਅਸੀਂ ਕੇਵਲ ਪੰਜਾਬੀ ਪਾਠਕਾਂ ਦਾ ਇਸ ਮਹਾਨ ਕਵੀ ਵਲ ਧਿਆਨ ਦਿਵਾਉਣ ਲਈ ਇਹ ਸੰਚੀ ਪੇਸ਼ ਕਰ ਰਹੇ ਹਾਂ। ਆਸ ਹੈ, ਸਾਡੇ ਸਾਹਿਤਕਾਰ ਇਸ ਸੰਤ ਕਵੀ-ਰਤਨ ਦੀ ਪਛਾਣ ਕਰਨਗੇ।

—ਪਿਆਰਾ ਸਿੰਘ ਪਦਮ

ਰਚਨਾ

੧ ਵਾਰਾਂ

(੧) ਵਾਰਾਂ

੧ ਵਾਰ ਆਸਾ ਕੀ

ਚਾਰੇ ਜੁਗ ਵਰਤਿਆ ਗੁਰਸਾਖੀ ਕੋਇ ਵਿਚਾਰੇ
ਆਦਿ ਨਿਰੰਜਨ ਸੇਵੀਐ, ਭਗਤਾਂ ਦੇ ਕੰਮ ਸਵਾਰੇ
ਜਮ ਕੰਕਰ ਜੋਹਿ ਨ ਸਕਈ, ਜਗ ਭੈਜਲ ਪਾਰਿ ਉਤਾਰੇ
ਕੂੜ ਕਮਾਵਹਿ ਕੂੜਿਆਰ, ਕਰਿ ਨਿੰਦਿਆ ਜਨਮ ਪਤਾਰੇ
ਭੁਲਾ ਬੇਮੁਖ ਪ੍ਰਾਨੀਆ, ਅਸਮਾਨੇ ਨੌ ਹਥ ਪਸਾਰੇ
ਸੋ ਪਰਬਤ ਕਿਨਿ ਓਦਕੀਏ, ਥਿਰ ਕੀਤਾ ਸਿਰਜਨਹਾਰੇ
ਗੁਰ ਨਾਲ ਅੜੇ ਸੋ ਹਾਰੇ ।੧।

ਮ੍ਰਿਤ ਮੰਡਲ ਸੰਸਾਰ ਹੈ ਰਾਹਿ ਚਲੈ ਸਚ ਰਮਾਣਾ
ਵਾਰੀ ਆਪੋ ਆਪਣੀ ਕੋ ਰਹੈ ਨ ਰਾਜਾ ਰਾਣਾ
ਸਭ ਕਾਲੈ ਕੈ ਵਸ ਕੀਤੀਅਨੁ, ਸਭਨਾ ਸਿਰਿ ਕਾਲ ਸਤਾਣਾ
ਕੈਨ ਕੋਈ ਕਢਿ ਨ ਸਕਈ, ਜਗ ਕੀਤੋਨੁ ਸਭ ਨਿਮਾਣਾ
ਚਿਰ ਜੀਵਿਆ ਲੋੜੇ ਕੂੜਿਆਰ, ਜਗ ਆਇਆ ਹੈ ਤਿਸ ਜਾਣਾ
ਸਚੁ ਨ ਕਮਾਵਨਿ ਕੂੜਿਆਰ, ਕੂੜ ਭੁਲੈ ਅਧਮ ਅਜਾਣਾ
ਸੋ ਹੋਇਆ ਜੋ ਠਾਕੁਰ ਭਾਣਾ ।੨।

ਵੈਰ ਕਰੈ ਨਿਰਵੈਰ ਨਾਲਿ ਤਿਸਦੇ ਮੁਹਿ ਮੂਲ ਨ ਲਗੀਐ
ਸਕਤ ਕਾਲੀ ਕਾਮਲੀ, ਕਿਉਂ ਧੋਤੀ ਹੋਵੈ ਬਗੀਐ
ਪਲੈ ਸਚੁ ਨ ਹੋਵਈ, ਕੂੜ ਕਿਚਰਕੁ ਤਾਈਂ ਤਗੀਐ
ਜਾਂ ਸਾਹਿਬੁ ਚਿਤਿ ਨ ਆਵਈ, ਕਿਆ ਹੋਵੈ ਕਿਤੀ ਠਗੀਐ
ਸਮਝਾਏ ਸਤਿਗੁਰ ਪ੍ਰਾਨੀਏ, ਸਿਰ ਘਤਨਿ ਬਲਦੀ ਅੱਗੀਐ
ਜੇ ਸਤੁ ਸੇਵ ਕਮਾਈਐ, ਦੁਧ ਦੇਖਿ ਨ ਖਟਰ ਵਗੀਐ
ਕਲੀਕਾਲੋਂ ਸਾਧੋ ! ਭਗੀਏ । ੩ ।

ਸਚ ਸਮੁੰਦਰੋਂ ਧਪਰਾ, ਕੂੜ ਡਾਹਿ ਕਖਾਵੀ ਜਾਨੀਐ
ਕੂੜ ਬਸੰਤਰ ਕਿ ਕਰੈ, ਵਿਚਿ ਲਥਾ ਡੂੰਘੇ ਪਾਨੀਐ
ਸਚ ਸਜ਼ਾਈ ਦਿਤੀਆ, ਜਗ ਅੰਦਰਿ ਕੂੜੇ ਪ੍ਰਾਨੀਐ
ਸਚੁ ਸਤਾਨਾ ਸਭ ਦੂ, ਚਹੁੰ ਵੇਦਾਂ ਵਿਚ ਵਖਾਨੀਐ
ਜਾ ਕਰਤਾ ਆਪਿ ਕ੍ਰਿਪਾ ਕਰੈ, ਤ ਭਲਾ ਬੁਰਾ ਪਹਿਚਾਨੀਏ
ਜਗ ਆਇਆ ਲਾਹਾ ਲੈਣ ਨੋ, ਸਭ ਰਾਸਿ ਵੰਵਾਈ ਬਾਨੀਏ
ਵਿਣੁ ਗੁਰ ਦੀ ਸੇਵ ਕਮਾਣੀਏ । ੪ ।

ਸਭਨਾਂ ਸਿਰ ਏਕ ਅਲਖ ਤੂੰ, ਜਿਨ ਜੀਆ ਜੰਤਿ ਉਪਾਈ ।
ਕੇਵਡ ਆਖਿ ਸਲਾਹੀਏ, ਕਿਹੁ ਕੀਮਤਿ ਕਹਣੁ ਨ ਜਾਈ ।
ਦਾਤਾ ਦੇਵਣਹਾਰੁ ਪ੍ਰਭੁ, ਸਭ ਮੰਗਣਹਾਰ ਲੁਕਾਈ
ਲੈਂਦੀ ਦੁਨੀਆ ਥੱਕੀਆ, ਤੁਹਿ ਦੇਂਦੇ ਤੋਟਿ ਨ ਕਾਈ
ਹਉਮੈ ਕਿਨੈ ਨ ਸਾਧੀਆ, ਜਿਨਿ ਦੁਨੀਆ ਹਭ ਖਪਾਈ
ਸਾਧ ਅਰਾਧਨ ਤਿਸੈ ਨੋ, ਜੋ ਸੰਤਾਂ ਦਾ ਵਰ ਦਾਈ
ਵਿਣੁ ਨਾਵੈ ਕੂੜ ਕਮਾਈ । ੫ ।

ਜਗ ਅਵਤਰਿ ਆਇਆ ਪ੍ਰਾਨੀਆ, ਕਿਵੇਹੀ ਕਾਰ ਕਮਾਈਏ
ਨਿਤ ਕੂੜ ਵਣੰਜੇ ਕੂੜਿਆਰ, ਸੰਗਿ ਸਾਕਤ ਰਾਸਿ ਗਵਾਈਐ

ਹਉ ਕਉਣ ਕਿ ਦੂਰਹੁੰ ਆਇਆ, ਜਰ ਸੁਧਿ ਨ ਲਧੀ ਕਾਈਐ
ਕਾਗਲ ਕਢੇ ਧਰਮਰਾਇ, ਸਭ ਲੇਖਾ ਆਖਿ ਸੁਣਾਈਐ
ਜਮ ਕੰਕਰ ਬੰਨਿ ਚਲਾਇਆ, ਸਚ ਸਾਹਿਬ ਦੇ ਫੁਰਮਾਈਐ
ਪਾਪਾ ਪਾਪੁ ਕਮਾਇਆ, ਇਕ ਧਰਮ ਨ ਕੀਤੋ ਰਾਈਐ
ਨਿਤ ਨਿੰਦਿਆ ਕੀਤੀਅਨੁ ਸਾਧੂ ਦੀ, ਵਿਚਿ ਕੁੰਭੀ ਨਰਕ ਵਹਾਈਐ
ਜਿਵੇਹਾ ਦਾਣਾ ਬੀਜਿਆ, ਅੰਤਿ ਫਲ ਤਿਵੇਹੇ ਪਾਈਐ
ਸਾਧੂਜਨ ਰਾਮ ਧਿਆਈਐ ।੬।

ਸਭ ਕੀਤਾ ਹੋਵਹਿ ਰਾਮ ਦਾ, ਕੀ ਜੰਤੁ ਵਿਚਾਰਾ ਦੱਸੀਏ
ਰਾਮ ਰੁਆਏ ਰੋਈਐ, ਜੇ ਰਾਮ ਹਸਾਏ ਹੱਸੀਏ
ਜਿਸ ਉਪਰਿ ਹੋਇ ਕ੍ਰਿਪਾਲ ਪ੍ਰਭੁ, ਸਤਸੰਗਤਿ ਤਿਸ ਪਰਸੀਏ
ਗੁਣ ਗਾਵਹੁ ਰਾਜੇ ਰਾਮ ਦੇ, ਘਰਿ ਧਰਮੈ ਦਾ ਕਰਿ ਵਸੀਏ
ਸਚ ਸੀਤਲ ਸੰਗਤਿ ਸਾਧ ਦੀ, ਜਿਸ ਮਿਲਿਆ ਕੌਲ ਵਿਗਸੀਏ
ਸੁਇਨਾ ਸਾਲਗ੍ਰਾਮ ਜਿਉਂ, ਨਰ ਸਚ ਕਸਉਟੀ ਕਸੀਏ
ਅਨਿਆਉਂ ਸਾਧੋਂ ਨੱਸੀਏ ।੭।

ਗੁਰ ਨਿੰਦਕ ਕਦੇ ਨ ਸਿਝਈ, ਸਮਝਾ ਰਹੇ ਅਪਰਾਧੀਏ
ਪਰਪੰਚ ਕਮਾਵਹਿ ਸਾਧ ਨਾਲਿ, ਸੋ ਜਾਸੀ ਨਰ ਅਪਖਾਧੀਏ
ਪਾਪੀ ਪਹਿਚਾਨ ਨ ਸਕਈ, ਗੁਰ ਪੂਰੈ ਸਚ ਸਮਾਧੀਏ
ਫਲ ਤੇਹੋ ਹੋਇ ਪ੍ਰਾਪਤੀ, ਜਿਵੇਹੀ ਖੇਤੀ ਰਾਧੀਏ
ਘਰ ਪੰਜੀਂ ਚੋਰੀਂ ਲੁਟਿਓ, ਡਿਹੁ ਸੁੱਤੇ ਜਾਗ ਨ ਲਾਧੀਏ
ਜੇ ਸਾਧ ਹੋਵਹਿ ਮਨ ਆਪਣਾ, ਜਗੁ ਅ ਗਹੁ ਏਹੀ ਸਾਧੀਏ
ਸਾਧੂਜਨ ਰਾਮ ਅਰਾਧੀਏ ।੮।

ਆਪੇ ਕਰੇ ਕਰਤਾ ਕੁਦਰਤੀਂ, ਕਰਿ ਕੀਮਤਿ ਕਿਛੁ ਨ ਸਕੀਏ
ਕਿਛੁ ਸੁਕ੍ਰਿਤ ਸਚੁ ਕਮਾਈਏ, ਤੇ ਝਗੜੇ ਥਾਉਂ ਝਕੀਏ

ਜਾ ਜਾਪੈ ਸਰਪਰ ਸਾਰਮੀ, ਆਪਣ ਰਖੀਂ ਅੱਗ ਨ ਵੱਕੀਏ
ਜੋ ਜਿਤਾ ਲੋੜਹਿ ਜਨਮ ਨੋ, ਹੱਥ ਸੰਤੋ ਦੀ ਸਾਂਗ ਦਾ ਕੀਏ
ਵਸਿ ਆਵਨਿ ਪੰਜੇ ਪ੍ਰਾਣੀਆਂ, ਪਰਮੇਸਰ ਦਰਿ ਪਰਕੀਏ
ਸਭ ਕੀਤੀ ਹੋਵੀ ਰਾਮ ਦੀ, ਕਿਸ ਨਿਵੀਏ ਤੇ ਕਿਸ ਧੱਕੀਏ
ਨਿਤ ਹਰਿ ਰਸੁ ਅੰਮ੍ਰਿਤ ਚਖੀਏ। ੯।

ਘਟਿ ਘਟਿ ਰਾਮ ਵਰਤਣਦਾ, ਕਿਸ ਨਿੰਦਾ ਤੇ ਕਉਣ ਬੰਦੀਏ
ਕਿਛੁ ਪਰਵਾਰੁ ਨ ਪਾਈਐ, ਸਭ ਥਕੀਂ ਗਣਤ ਗਣੰਦੀਏ
ਮਨ ਮੂਰਖ ਵਾਦੁ ਨ ਛਡਈ, ਸਭ ਵੇਖੇ ਸਿਸਟਿ ਚਲੰਦੀਏ
ਸਤਿਗੁਰ ਤੇ ਭੂਲਾ ਪ੍ਰਾਣੀਆ, ਸਿਰ ਘਤੈ ਵਿਚਿ ਬਲੰਦੀਏ
ਜਿਤ ਕੀਤਾ ਪਾਈਐ ਆਪਣਾ, ਸਾ ਕੀਚੈ ਕਰਣੀ ਚੰਗੀਏ
ਆਪ ਆਪੇ ਆਗੈ ਨਿਆਉ ਕਰਿ, ਜਿਉਂ ਆਈ ਬਣਤ ਬਣੰਦੀਏ
ਮਤਿ ਲਈਏ ਸਤਿਗੁਰ ਸੰਦੀਏ। ੧੦।

ਪ੍ਰਭੁ ਦਾਤਾ ਦੇਵਨਹਾਰੁ ਹੈ, ਆਪਿ ਮੁਖ ਪਸਾਰਿ ਕੇ ਮੰਗੀਏ
ਧਰਮੈ ਦੇ ਮਾਰਗਿ ਚਲੀਏ, ਪਰਪੰਚਹੁ ਪਾਪਹੁੰ ਸੰਗੀਏ
ਜਗ ਮਾਇਆ ਕਾਲੀ ਨਾਗਣੀ, ਸਤਿਗੁਰ ਤੇ ਭੁਲਾ ਡੰਗੀਏ
ਜਿਤੁ ਕੀਤਾ ਪਾਈਐ ਆਪਣਾ, ਸਾ ਕੀਚੈ ਕਰਣੀ ਚੰਗੀਏ
ਕੂੜ ਕਰੈ ਕਰਤਾਰ ਨਾਲਿ, ਸੋ ਸਿਰ ਤਲਵਾਇਆ ਟੰਗੀਏ
ਸੁਣਿ ਸਾਖੀ ਸ੍ਰੀ ਗੁਰਦੇਵ ਕੀ, ਕੂੜ ਪਰਹਰਿ ਸਚੁ ਮੰਗੀਏ
ਚਿਤ ਨਾਲਿ ਨਿਰੰਜਨ ਰੰਗੀਏ। ੧੧।

ਆਦਿ ਨਿਰੰਜਨ ਅਪਰੰਪਰੋ ਪ੍ਰਪੰਚ ਨ ਕਥਹੂੰ ਪਾਈਏ
ਜੀਆਂ ਦੀ ਜਾਨਣਹਾਰ ਪ੍ਰਭੁ, ਕਰਿ ਸੁਧ ਹਿਆਲੀ ਗਾਈਏ
ਕੀਤਾ ਲੋੜੈ ਸੋ ਕਰੈ, ਕਿਆ ਸੋਭਾ ਆਖਿ ਸੁਣਾਈਏ

ਪ੍ਰਭੁ ਰਿਜਕ ਸੰਮਾਹੇ ਸਭਸੈ, ਸਭ ਸਿਰਿ ਸਿਰਿ ਧੰਧੇ ਲਾਈਏ
ਮਾਇਆ ਦਾ ਮੋਹੁ ਪਸਾਰਕੈ ਪ੍ਰਭੁ ਆਪਹੁ ਸਭ ਭੁਲਾਈਏ
ਮੇਰ ਕਰੇ ਤ੍ਰਿਣ ਕਾਪੜੈ, ਮੇਰਹੁ ਕਰਿ ਤ੍ਰਿਣੁ ਭਰਮਾਈਏ
ਸਚ ਪਤੀਜੈ ਸਚਿਆਰ ਸਭ ਮਿਲੀਐ ਤੇ ਸਚੁ ਸਮਾਈਏ
ਸਾਧੂਜਨ ਸਚੁ ਕਮਾਈਏ ।੧੨।

ਸਮਰਥ ਨ ਦੂਜਾ ਹੋਰ ਕੋਇ, ਸੋ ਹੋਇ ਜਿ ਸਾਹਿਬੁ ਲੋੜੀਏ
ਸੁਣ ਸਾਖੀ ਸ੍ਰੀ ਗੁਰਦੇਵ ਕੀ, ਮੁਹ ਵੇਮੁਖ ਨਾਲਿ ਨ ਜੋੜੀਏ
ਜਿਨ ਉਪਰਿ ਹੋਇ ਕ੍ਰਿਪਾਲ ਪ੍ਰਭੁ, ਸੋ ਧਰਮੈ ਨਾਲਿ ਚਮੋੜੀਏ
ਗਲਿ ਸੰਗਲ ਕੂੜੇ ਲਬ ਦਾ, ਕਰਿ ਜੋਰੁ ਸਰਾਵਾ ਤੋੜੀਏ
ਕੂੜ ਨ ਛਡੈ ਕੂੜਿਆਰੁ, ਜੇ ਸਉ ਬਹੁਤੇਰਾ ਹੋੜੀਏ
ਰੰਗਿ ਰਤਾ ਰਾਜੇ ਰਾਮ ਦੇ, ਸੋ ਸੇਵਕ ਕਿੰਨਿ ਵਿਛੋੜੀਏ
ਸਤਿਗੁਰ ਤੇ ਮੁਖ ਨ ਮੋੜੀਏ ।੧੩।

ਗੋਬਿੰਦ ਗੁਰਮੁਖਿ ਗਾਈਐ, ਕਰਿ ਉਦਮੁ ਆਲਸੁ ਤਜੀਏ
ਨਿਤ ਸੰਗਤਿ ਕੀਜੈ ਸਾਧ ਦੀ, ਨਰ ਵੇਮੁਖ ਬਾਹੁੰ ਭੱਜੀਏ
ਜੋ ਬੇਮੁਖ ਹੋਵਹਿ ਰਾਮ ਤੇ, ਪਿਊ ਦਾਦਾ ਤਾਂ ਹੀ ਲੱਜੀਏ
ਕਰਿ ਸਚੇ ਦਾ ਮਨ ਆਸਰਾ, ਤਜਿ ਕੂੜ ਪਰਦਾ ਕਜੀਏ
ਪ੍ਰਭੁ ਏਥੈ ਓਥੈ ਸੰਗਿ ਹੈ, ਜਿਨ ਸਾਰੀ ਸ੍ਰਿਸਟਿ ਸਿਰਜੀਏ
ਸਚੇ ਸਿਰਜਨਹਾਰ ਦੀ, ਕਰਿ ਉਸਤਤਿ ਕਦੇ ਨ ਰੱਜੀਏ
ਸਾਧੂਜਨ ਸਚਿ ਗਰਜੀਐ ।੧੪।

ਹਰਿ ਦਰਗਹ ਤੇ ਕਿਉਂ ਖਿਝੀਐ, ਕਰਿ ਜਾਣੈ ਥਿਰ ਮਹਿਮਾਨ ਨੋ
ਸੇਵਕ ਨਾਲਿ ਵਿਗਾੜ ਕੇ, ਆਪ ਹਥੀਂ ਹੋਇਆ ਜਾਣਨੋ
ਵੇਖਿ ਸਰ ਸੰਧੇ ਅਸਮਾਨ ਵਲਿ, ਹਥਿ ਪਕੜੈ ਕੂੜ ਕਮਾਣ ਨੋ

ਮੂਰਖ ਸਮਝ ਨ ਦੇਖਈ, ਕਿਉਂ ਸਰ ਪਹੁੰਚੈ ਅਸਮਾਨ ਨੋ
ਮਨਿ ਪ੍ਰੀਤ ਨਿਰੰਤਰ ਰਾਮ ਨਾਲਿ, ਪ੍ਰਹਲਾਦੁ ਲਗਾ ਨਿਰਬਾਣੁ ਨੋ
ਕਹੁ ਕਿਆ ਹਰਨਾਕਸ ਵੱਟਿਆ, ਲਾਇ ਥੱਕਾ ਸਭਸ, ਤ੍ਰਾਣ ਨੋ
ਦੋਤ ਹੋਇਆ ਹੈ ਚੋਟਾਂ ਖਾਣ ਨੋ । ੧੫ ।

ਜੇ ਸਉ ਚੇਲਾ ਓਕੜਾ, ਗੁਰ ਥਾਉਂ ਵਧਿ ਨ ਆਖੀਏ
ਚਹੁੰ ਜੁਗ ਅੰਦਰਿ ਰਾਵੀਏ, ਚਾਰਿ ਵੇਦ ਪੁਰਾਣਨ ਸਾਖੀਏ
ਪਰਹਰਿ ਛਡਹਿ ਚੰਨਣੈ, ਦੁਰਗੰਧ ਚਿਤਾਰੈ ਮਾਖੀਏ
ਰਾਜਾ ਰਾਮ ਪਛਾਣਹੁ ਨਿੰਦਕੈ ਅਨਿਆਵੈ ਸੰਦੋ ਕਾਖੀਏ
ਦੂਜੀ ਗਲ ਨ ਕੋਈ ਸੁਝਈ, ਜਾ ਹਰਿ ਰਸੁ ਅੰਮ੍ਰਿਤ ਚਾਖੀਏ
ਅੰਨ੍ਹਾ ਵਿਚਿ ਉਜਾੜ ਦੇ, ਖੂਹਿ ਪਉਂਦਾ ਕਿਉਂ ਕਰਿ ਰਾਖੀਏ
ਵਿਣ ਗੁਰ ਦੀ ਮਤਿ ਸੁਜਾਖੀਏ । ੧੬ ।

ਸੁੰਦਰ ਦਿਸੈ ਤੂੰਬੜੀ, ਜਿਸ ਅੰਦਰਿ ਵਿਸੁ ਨਿਕੋਰ ਹੈ
ਪ੍ਰਪੰਚ ਕਮਾਵੈ ਸਧ ਨਾਲਿ, ਪਰ ਨਿੰਦਕੁ ਪਾਪੀ ਚੋਰੁ ਹੈ
ਸਾਧੂ ਰਤਾ ਰਾਮ ਨਾਲਿ, ਤਿਸ ਅੰਦਰਿ ਪ੍ਰੀਤਿ ਨਿਹੋਰ ਹੈ
ਸਤਿਗੁਰ ਸਦਾ ਸਲਾਹੀਏ, ਜਿਸ ਵਿਚ ਨ ਕੋਈ ਖੋਰੁ ਹੈ
ਤਿਸ ਸਟਣ ਨੋ ਕੌਣ ਜੰਮਿਆ, ਜਿਸ ਵਿਚਿ ਸਚਾਵਾ ਜੋਰੁ ਹੈ
ਸਤਿਗੁਰ ਮੂਰਤਿ ਚੰਦ੍ਰਮਾ ਸੇਵਕ ਦਾ ਚਿਤ ਚਕੋਰੁ ਹੈ
ਸਰ ਜਾਣ ਕਲਾਇਰੁ ਮੋਰ ਹੈ । ੧੭ ।

ਕਰਿ ਪ੍ਰੀਤਿ ਨਿਰੰਤਰ ਰਾਮ ਨਾਲਿ, ਸੁਣ ਸਾਖੀ ਪਰਮਾਨੰਦਾ
ਦੀਨ ਦਇਆਲ ਕ੍ਰਿਪਾਲ ਹੈ, ਭਰਵਾਸਾ ਸਾਹਿਬ ਸੰਦਾ
ਸਾਹਿਬ ਸਾਰੀ ਸ੍ਰਿਸਟਿ ਦਾ, ਜੇ ਸਾਧੂ ਦਾ ਹੋਵਹਿ ਬੰਦਾ
ਪੜਿ ਅਖਰ ਏਹੋ ਬੁਝੀਐ, ਕਿਹੁ ਮੂਲ ਨ ਕੀਚੈ ਮੰਦਾ

ਸਚੈ ਬੇੜੈ ਜੋ ਚੜੈ ਸੋ ਭੋਜਲ ਪਾਰ ਲੰਘੰਦਾ
ਬਖਸ਼ੀਸੀ ਸਾਹਿਬੁ ਅਗਲਾ, ਨਿਤ ਦੂਣਾ ਜਾਇ ਚੜੰਦਾ
ਜੁਗ ਚਾਰੇ ਸਚ ਵਰਤੰਦਾ । ੧੮ ।

ਗੁਰ ਜੇਵਡਾ ਸੰਗਤਿ ਸਾਧ ਦੀ, ਜਗਿ ਏਹਾ ਉਤਮ ਕਰਨੀ
ਸੁਣ ਸਾਖੀ ਸੱਚੇ ਗੁਰੂ ਦੀ, ਬਿਖ ਮਾਇਆ ਦੂਤਰੁ ਤਰਨੀ
ਤਿਸ ਤਾਪ ਨ ਨੇੜੇ ਆਵਨੀ, ਜੋ ਲਗੇ ਗੁਰ ਦੀ ਚਰਨੀ
ਜੇਵੇਹਾ ਕਰਮ ਕਮਾਈਐ, ਤੇਵੇਹੀ ਭਰੀਐ ਭਰਨੀ
ਹਾਰ ਨ ਆਵਹਿ ਕਦੇ ਹੀ, ਜੋ ਸੰਤ ਕਮਾਣੀ ਸਰਣੀ
ਸਚ ਪ੍ਰੀਤਿ ਹਿਰਦੇ ਵਿਚਿ ਧਰਣੀ, ਸਾਧੂਸੰਗ ਨਿਰਮਲ ਕਰਣੀ । ੧੯ ।

---

੨ ਵਾਰ ਸੋਰਠਿ ਕੀ

ਸਿਮਰਹੁ ਸਾਹਿਬ ਸੋਈ, ਜਿਨਿ ਕਾਰਣ ਕੀਆ
ਜਾ ਕੀ ਭਗਤਿ ਸਦਾ ਸੁਖ ਹੋਈ, ਘਟਿ ਘਟਿ ਵਰਤਦਾ
ਇਕਤੁ ਸੂਤਿ ਪਰੋਈ, ਸਗਲੀ ਪ੍ਰਿਥਮੀ
ਵਿਰਲਾ ਬੂਝਹਿ ਕੋਈ ਸਤਿਗੁਰ ਜਿਸ ਮਿਲੈ
ਹਉਮੈ ਮਨ ਤੇ ਖੋਈ ਖੋਜਤ ਅਗਮ ਕੋ । ੧ ।

ਸਤਿਗੁਰ ਦੱਸੈ ਰਾਹੁ ਤਿਤ ਰਾਹਿ ਚਲੀਐ
ਸਚਾ ਬੇਪ੍ਰਵਾਹ ਬੇਅੰਤ ਅਪਾਰ ਪ੍ਰਭੂ
ਤਿਸੈ ਨੋ ਸਾਲਾਹੁ, ਜਿਸ ਦੈ ਵਸਿ ਸਭ

ਭਗਤੀ ਸਿਉ ਕਿਆ ਨਾਹਿ, ਆਖਹੁ ਸਿਧ ਜਨਾ
ਹਾਥ ਕਰੈ ਅਸਗਾਹੁ, ਅੰਧੇਰਹੁ ਚਾਨਣਾ । ੨ ।

ਸਿਮਰਹੁ ਸ ਸਿ ਗਿਰਾਸਿ ਸਿਰਜਣਹਾਰ ਨੋ
ਤਿਸੈ ਦੀ ਕਰਿ ਆਸ ਸੁਫਲ ਹੋਇ ਤਿਸ ਤੇ
ਸਚੈ ਦਰਿ ਸਾਬਾਸਿ, ਭਗਤੀ ਰਤਿਆ
ਦਾਸਾਂ ਦੀ ਅਰਦਾਸਿ, ਸੁਣ ਸੁਖ ਦਾਤਿਆ
ਸਾਧੂਜਨ ਗਰਭਾਸਿ ਫੇਰਿ ਨ ਘੱਤੀਐ । ੩ ।

ਜਿਥੈ ਬੈਸਨਿ ਸਾਧ, ਸੁ ਥਾਨ ਸੁਹਾਵਣਾ
ਲਗੀ ਸਹਜ ਸਮਾਧਿ, ਅਰਾਧਣ ਪਾਰਬ੍ਰਹਮੁ
ਬਿਨ ਸਹਿ ਸਗਲ ਉਪਾਧਿ ਅੰਤੇ ਪਦੁ ਪਾਈਐ
ਸਾਧੂਜਨ ਆਰਾਧਿ, ਸੱਚ ਗੋਸਾਈਐ
ਦੂਜਾ ਭਾਉ ਬਿਆਧਿ ਵਿਚਹੁ ਦੂਰਿ ਕਰ । ੪ ।

ਧਰਤੀ ਤੇ ਗੈਣਾਰ ਜਿਨਿ ਉਪਾਇਆ
ਸੱਚਾ ਸਿਰਜਣਹਾਰ ਨ ਜਾਈ ਲਖਣਾ
ਕਿਨੈ ਨ ਪਾਇਓ ਪਾਰ ਸਿਧੀਂ ਸਾਧਕੀਂ
ਧਰਮੈ ਦੇ ਸਿਰਿ ਭਾਰ ਰਹਾਇਓਨੁ ਕੁਦਰਤੀ
ਸਾਧੂਜਨ ਨੋ ਤਾਰ ਬੇਅੰਤਾ ਸਾਹਿਬਾ । ੫ ।

ਸਿਮਰਹੁ ਸਿਸਟਿ ਸਿਰੰਦਾ, ਸੱਚਾ ਪਾਤਸਾਹੁ
ਸਭਨਾ ਮਹਿ ਵਰਤੰਦਾ, ਸਭ ਦੂ ਬਾਹਰਾ
ਮੂਲ ਨ ਕੀਚਹਿ ਮੰਦਾ, ਡਰੀਐ ਸਾਹਿਬੋਂ

ਭਰਵਾਸਾ ਗੁਰ ਸੰਦਾ, ਨਰਕਿ ਨ ਘੱਤਸੀ
ਸਾਧੂਜਨ ਪਰਸੰਦਾ, ਗੁਰ ਦੇ ਪਾਦ ਕੋ । ੬ ।

ਸਚ ਜਿਨਾ ਦੀ ਰਾਸਿ ਸਚੇ ਸਾਹਿ ਸੋ
ਤਿਨਾ ਨੋ ਸਾਬਾਸ਼, ਦਰਗਹ ਜਾਂਦਿਆਂ
ਕਰਨ ਰਮਾਨੀ ਆਸ, ਤਿਆਗਨ ਜਗਤ ਨੂੰ
ਰੈਣ ਦਿਨਸ ਪਲ ਸੁਆਸ ਘਟਹਿ ਆਰਜਾ
ਰਹੀਐ ਸਦਾ ਉਦਾਸ ਸਿਮਰਹਿ ਮਰਗ਼ ਨੋ । ੭ ।

ਵਿਹੁ ਦੀ ਵਲ ਨ ਛੇੜ, ਖਲੋਈਐ ਝੁਕ ਕੈ
ਮੂਲ ਨ ਆਈਐ ਨੇੜ, ਪਰਾਈ ਇਸਤਰੀ
ਅਗੀਂ ਨੋ ਹਥ ਨ ਭੇੜ, ਜਲਸਹਿਂ ਗਾਫਲਾ
ਬੰਨ੍ਹ ਸਤਾਣੀ ਤੇੜ ਲੰਗੋਟੀ ਜਤ ਦੀ
ਦਿਤੀ ਗੱਲ ਨਿਬੇੜ, ਸਾਧੂਜਨ ਸੱਚ ਦੀ । ੮ ।

ਘਰ ਦੀ ਰਾੜਿ ਨਿਬੇੜਹਿ, ਸੋਈ ਸੂਰਮਾ
ਪੰਜਾਂ ਨੋ ਮਾਰ ਥਪੇੜੇ ਜਾਗਹਿ ਭਗਤਿ ਮਹਿ
ਦੁਖ ਨ ਆਵਹਿ ਨੇੜੇ, ਤਿਸ ਜਮ ਸੰਗਤੀਂ
ਸਾਧੂਜਨ ਗੁਰ ਬੇੜੈ, ਭੈਜਲ ਲੰਘਣਾ
ਫੇਰ ਫੇਰ ਇਤ ਖੇੜੇ, ਹੋਇ ਨ ਆਵਣਾ । ੯ ।

ਸੰਤਾਂ ਸਰਨੀ ਛੁੱਟਹਿ ਜਮ ਕੇ ਤ੍ਰਾਸ ਤੇ
ਪਾਪਾਂ ਦੀ ਜੜ ਪਟਹਿ, ਗੁਰ ਕੇ ਗਿਆਨ ਸੋਂ
ਬਾਦ ਬਿਖਾਦ ਨ ਛੁਟੈ ਹਰਿ ਕੇ ਨਾਮ ਬਿਨ

ਦੂਤਾਂ ਦਾ ਸਿਰ ਕੁੱਟਹਿ, ਹਿਤ ਸੰਗ੍ਰਾਮ ਕਰਿ
ਸਾਧੂਜਨ ਦਲ ਲੁੱਟਹਿ, ਮੁਖ ਨ ਮੋੜੀਐ ।੧੦।

ਸੰਤਾਂ ਦਾ ਨੀਸਾਣ ਵਜਹਿ, ਅਤਿ ਧੁਨਾਲਾ
ਸੰਦਾ ਸੋ ਘਮਸਾਣ ਕਮਾਵਣ ਰੈਣ ਦਿਨ
ਜਿਨ੍ਹਾਂ ਨੇ ਤੇਰਾ ਤਾਣ, ਸੋ ਕਦੇ ਨ ਹਾਰਦੇ
ਬੁਝਹਿ ਕੋਈ ਸੁਜਾਨ, ਪਹੇਲੀ ਸਾਧ ਦੀ
ਸਾਧੂਜਨ ਕੁਰਬਾਨ, ਕੁਦਰਤੀ ਤੇਰੀਐ ।੧੧।

ਸਚ ਜਿਨ੍ਹਾਂ ਦੇ ਪੱਤੈ, ਤਿਨ ਸੋ ਪ੍ਰੀਤਿ ਕਰ
ਮਾਇਆ ਸੰਗ ਨ ਚਲੈ, ਕਾਹੇ ਸਿੰਚੀਐ
ਹਾਨ ਹੋਇ ਜਿਤੁ ਗਲੈ, ਸੋ ਮੂਲ ਨ ਕੀਚੀਐ
ਅਬਿਨਾਸੀ ਅਚਲੈ, ਸਰਣੀ ਸਾਧ ਜਨ
ਤਜਣ ਨੋ ਧਰ ਬਲੈ, ਹੋਇ ਪਾਪ ਸੰਤ ।੧੨।

ਮਸਲਤਿ ਕੀਤੀ ਪੱਕੀ ਸਚੈ ਸਤਿਗੁਰੂ
ਪਾਪਾਂ ਨੋ ਧਕ ਧੱਕੀ, ਲਗੀ ਨਾਮ ਸੁਣ
ਪਾਪੀ ਝੱਲ ਨ ਸਕੀ, ਜੁਆਲਾ ਗਿਆਨ ਕੀ
ਓਟ ਸਤਾਣੀ ਤੱਕੀ, ਹਰਿ ਕੇ ਨਾਮ ਕੀ
ਪਾਪਾਂ ਦੀ ਗੱਲ ਥੱਕੀ, ਹੋਆ ਧਰਮਰਾਜ ।੧੩।

ਤ੍ਰਿਸਨਾ ਮਿਟ ਗਈ ਮਨ ਦੀ, ਅੰਮ੍ਰਿਤ ਰੱਜਿਆ
ਨਿਧਿ ਪਾਈ ਸਚ ਧਨ ਦੀ, ਅਨੰਦ ਉਪਜਿਆ
ਸੋਭਾ ਪਗ ਪਰਸਨ ਕੀ, ਸਹਜ ਗਰਜਿਆ

ਪ੍ਰੀਤਿ ਬਧੀ ਦਰਸਨ ਕੀ, ਸਾਧੂ ਕਿਆ ਕਰੇ
ਸਾਧੂ ਜਨ ਦਾ ਬੋਲ, ਉਪਰਿ ਆਵਸੀ । ੧੪ ।

ਚਾਰੇ ਜੁਗ ਅਡੋਲ ਸਾਹਿਬ ਰੱਖਿਆ
ਜਿਸਦਾ ਭਾਰਾ ਤੋਲ ਸੋ ਕਿਨਿ ਉਥੱਲੀਐ
ਪਾਇਓਸੁ ਨਾਮੁ ਅਮੋਲੁ, ਸਿਰਜਨਹਾਰ ਦਾ
ਅੰਮ੍ਰਿਤ ਰਸ ਝਕਝੋਲ, ਪੀਵੈ ਪ੍ਰੇਮ ਸੋ
ਸਤਿਗੁਰ ਕੀਅ ਨਿਰੋਲ ਸਾਧੂਜਨ ਜਗਤ ਮਹਿ । ੧੫ ।

ਸਤਿਗੁਰ ਸੰਦੇ ਰਾਜ ਕਰਨ, ਸੁਖ ਸ਼ਾਂਤਿ ਜਨ
ਚੂਕ ਗਈ ਮੁਹਤਾਜਿ ਦੁਸਟਾਂ ਕੇਰੀਆਂ
ਪੂਰਨ ਹੋਏ ਕਾਜੁ ਭਏ ਨਿਹਕੰਟਕੀ
ਆਪੀਨੈ ਆਪ ਸਾਜਿ ਆਪਿ ਵਰਤਿਆ
ਸਾਧੂਜਨ ਕੀ ਲਾਜ ਰਖੀ ਪਰਮੇਸਰੈ । ੧੬ ।

---

੩ ਵਾਰ ਗਉੜੀ ਕੀ

ਸਿਮਰਿ ਸਿਰੰਦਾ ਆਦਿ ਹਾ ਪਾਤਸਾਹੁ
ਸਤਿਗੁਰ ਦੇ ਪ੍ਰਸਾਦਿ ਸਚੁ ਪਛਾਣੀਐ
ਸਭ ਕੂੜਾ ਉਦਮਾਦੁ ਬਿਨ ਪਰਮੇਸਰੈ
ਹਰਿ ਜਸ ਆਵੈ ਸੁਆਦੁ ਤਾ ਛੋਡਿ ਨ ਸਕੀਐ
ਕਿਆ ਹੋਵੈ ਕੂੜੇ ਵਾਦਿ ਜਾ ਸਚੁ ਨ ਬੂਝੀਐ

ਹਊਮੈ ਅੰਦਰਿ ਵਾਦੁ ਜਨਮੁ ਨ ਹਾਰੀਐ
ਰੱਬ ਆਗੈ ਫਰਿਆਦਿ ਬੰਦੇ ਦੀ ਲਾਗਸੀ
ਸਚੇ ਦੇ ਦਰਿ ਦਾਦਿ ਮਿਲੈਗੀ ਸਾਧ ਨੋਂ ।੧।

ਜਮਪੁਰਿ ਖੜੀਏ ਬੰਨਿ ਜਾਂ ਗੁਰ ਤੇ ਭੁਲੀਏ
ਜਾ ਘਰਿ ਲਗੈ ਸੰਨ੍ਹਿ ਤਾ ਸੁਤਾ ਕਿਆ ਕਰੈ
ਨਰਕੇ ਵਿਚ ਪਵੰਨਿ ਨਿੰਦਕ ਕੂੜਿਆਰ
ਜਗਿ ਆਏ ਤੇ ਧੰਨ ਕਮਾਵਨ ਨੇਕੀਆਂ
ਨਿਰਮਲ ਅਤਿ ਦਿਸੰਨਿ ਜੁ ਰਤੇ ਰਾਮ ਨਾਲਿ
ਹਾਥੀ ਘੋੜੇ ਜਿਨੀ ਜੋੜੇ ਪ੍ਰੀਤਿ ਕਰ
ਚਹੁ ਜਣਿਆਂ ਦੇ ਕੰਨਿ ਵਹ ਜ ਦੇ ਡਿਠਿਆ ।੨।

ਦੂਜਾ ਨਾਹੀ ਥਾਉਂ ਸਤਿਗੁਰ ਸੇਵੀਐ
ਕੂੜੇ ਦਾ ਕੱਚਾ ਨਾਉਂ ਸਚੁ ਕਮਾਈਐ
ਸਾਹਿਬ ਦੇ ਦਰਿ ਨਿਆਉ ਸਚਾਵਾ ਨਿਬੜੈ
ਸੁਧ ਨ ਹੋਵਹਿ ਕਾਉਂ ਜੇ ਗੰਗ ਨਵਾਲੀਐ
ਉਜੜ ਜਾਉ ਗਿਰਾਉਂ ਜਾਂ ਸਾਧ ਨ ਹੋਵਨੀ
ਗੁਰਮੂਰਤਿ ਤੋਂ ਬਲਿ ਜਾਉ ਗਰੀਬਾਂ ਦਾ ਆਸਰਾ ।੩।

ਬੇਮੁਖ ਗਾਵੈ ਗੀਤ ਤਾਂ ਕਦੇ ਨ ਉਧਰੈ
ਸਾਧਾਂ ਨਾਲ ਪ੍ਰੀਤਿ ਮੂਰਖ ਨ ਕਰੈ
ਜਰੂ ਜਰਵਾਣਾ ਨੀਤ ਤਿਸਨੋ ਸੰਮਲੈ
ਗਇਆ ਅਵਧਿ ਬਿਤੀਤ ਸੁਧ ਨ ਲੱਧੀਆ
ਲੈਸਾਂ ਤੁਧਨੋਂ ਜੀਤ ਭੁਲਾ ਹੈਂ ਗਾਫਲਾ
ਸਾਧੂ ਦੀ ਸੱਚੀ ਰੀਤਿ ਸਹਿ ਵਰਤੀਐ ।੪।

ਕੀਚੈ ਗਉੜੀ ਰਾਗ ਤੈ ਰਾਮੁ ਅਰਾਧੀਐ
ਸਤਿਗੁਰ ਦੀ ਚਰਨੀਂ ਲਾਗ ਛਡਿ ਇਆਣਪਾਂ
ਮਥੈ ਹੋਵੀ ਭਾਗੁ ਤਾਂ ਫਿਰ ਸਮਝਿ ਤੂ
ਕਲਿਜੁਗ ਕਾਲਾ ਨਾਗ ਵੇਖੈ ਡੰਗਸੀ
ਜਿਸਦਾ ਮੱਥੈ ਦਾਗੁ ਸੋ ਸਾਹਿਬੂ ਜਾਣੀਐ
ਸਤਿਗੁਰ ਦਾ ਵੈਰਾਗੁ ਕਦੇ ਨ ਉਤਰੈ
ਕਰਿ ਸਾਚਾ ਬੈਰਾਗੁ ਸਰਪਰਿ ਚਲਣਾ
ਜੋ ਆਇਆ ਸੋ ਜਾਗੁ ਕਮਾਵਹੁ ਨੇਕੀਆਂ । ੫ ।

ਜੇ ਗੁਰ ਹੋਵੈ ਗਰੀਬੂ ਤਾਂ ਸਟਿ ਨ ਘੱਤੀਐ
ਦਾਰੂ ਦੇਇ ਤਬੀਬੁ ਤਾਂ ਦੁਰਮਤਿ ਕੱਟੀਐ
ਜੇ ਕਿਛੁ ਹੋਇ ਨਸੀਬ ਸਾਹਿਬ ਤੇ ਪਾਈਐ
ਸਤਿਗੁਰ ਸੱਚ ਮਨੀਬ ਸਾਹਿਬ ਥਾਪਿਆਂ
ਕੂੜਾ ਭਠ ਹਬੀਬ ਜਿ ਹੁਕਮੁ ਨ ਸੰਮਲੈ । ੬ ।

ਚਲਨ ਦਾ ਕਰਿ ਸਾਜ ਜਿੰਦੂ ਨਿਮਾਣੀਐ
ਉਘੜ ਜਾਸੀ ਪਾਜ ਜਮਪੁਰਿ ਜਾਂਦਿਆਂ
ਜਗ ਵਿਚਿ ਸਚੁ ਜਹਾਜ ਜਿਤੁ ਚੜਿ ਲੰਘੀਐ
ਦਿਸੈ ਨਿਪਟ ਨਿਲਾਜੁ ਨਿੰਦਕ ਸਾਧ ਦਾ
ਸਭ ਕੂੜਾਣਾ ਰਾਜ ਬਿਨ ਪਰਮੇਸਰੈ
ਸਭਨਾਂ ਦਾ ਸਿਰਤਾਜੁ ਸਮਾਲੈ ਰਾਮ ਨੋ
ਹੋਇ ਸੋ ਪੂਰਨ ਕਾਜ ਜੇ ਨਿਰਮਲ ਹੋਣੀਐ
ਕੀਤਾ ਬੇਮੁਹਤਾਜੁ ਸੇਵਕ ਰਾਮਰਾਇ । ੭ ।

ਭਗਤਿ ਕਰੈ ਪ੍ਰਹਲਾਦ ਰਾਜੇ ਰਾਮ ਦੀ
ਹਰਨਾਕਸ ਕਰਿ ਵਾਦੁ ਕਿਛੁ ਨ ਵਟਿਓ
ਹੋਂਤਾਂ ਨੋ ਉਦਮਾਦੁ ਚੜ੍ਹਿਆ ਕੂੜ ਦਾ
ਲਗੋਸੁ ਮਿੱਠਾ ਸਚੁ ਨਿੰਦਾ ਕਰਨ ਨੋ
ਭਠਿ ਪਇਆ ਬਕਬਾਦੁ ਜਾਂ ਓੜਕ ਹਾਰੀਐ
ਬੰਦਾ ਬੇਮੁਨਿਆਦੁ ਕਰੈ ਤਕੱਬਰੀ
ਵਜਹਿ ਅਨਹਦ ਨਾਦੁ ਸਾਧੂ ਦੀ ਸੰਗਤੀ
ਸਭ ਸਤਿਗੁਰ ਦਾ ਪ੍ਰਸਾਦਿ ਸੁਮਤੀ ਲਗਿਆ । ੮ ।

ਪਲੈ ਸਚੁ ਨ ਹੋਇ ਤਾਂ ਕੂੜ ਨ ਲਭੀਐ
ਰਹੀਐ ਆਪ ਸੰਗੋਇ ਆਗ ਖਿਲੰਦੀਐ
ਸਤਿਗੁਰ ਬਾਝੁ ਨ ਕੋਇ ਬੇਲੀ ਜੀਆਂ ਕਾ
ਲੱਧਾ ਸਚੁ ਪਰੋਇ ਜੀਐ ਵਿਚਿ ਰਖੀਐ
ਸਾਧ ਚਲੈ ਜਿਨਿ ਗੋਇ ਕੂੜਿਆਰੀ ਹਾਰਿਆ
ਵਿਚਿ ਜਹਾਨੇ ਦੇ ਸੋਇ ਨ ਛਪੈ ਕਿਸੈ ਦੀ
ਸਾਧਾਂ ਪਾਸਿ ਖਲੋਇ ਨ ਮੰਦਾ ਬੋਲੀਐ
ਬੀਜ ਹਲਾਹਲ ਬੋਇ ਨ ਅੰਮ੍ਰਿਤ ਮੰਗੀਐ
ਰਲੈ ਅਵਸਰ ਖੋਇ ਨ ਸਚੁ ਪਛਾਣਦੀ
ਵਤੈ ਹੋਰਤੁ ਲੋਇ ਮਰਗ ਨ ਸੰਮਲੈ
ਕੂੜ ਸਚੈ ਦੀ ਜੋਇ ਬੇਦਾਂ ਵਿਚਿ ਗਾਵੀਐ । ੯ ।

ਸਤਿਗੁਰ ਹੋਇ ਕ੍ਰਿਪਾਲ ਤਾਂ ਹਰਿ ਜਸੁ ਗਾਈਐ
ਸਾਹਿਬ ਸਦਾਂ ਦਇਆਲ ਉਪਰਿ ਸਾਧ ਦੇ
ਕੀਤੋਨੁ ਸਭ ਨਿਹਾਲ, ਸੇਵਕ ਆਪਣੇ

ਤਿਨ੍ਹਾਂ ਨ ਵਿੰਗਾ ਵਾਲ, ਜਿਨ੍ਹਾਂ ਨੇ ਚਿਤ ਤੂ
ਤਿਨ੍ਹਾਂ ਬੁਰਾ ਹਵਾਲ ਜਿਨ੍ਹਾਂ ਨੇ ਵਿਸਰਹਿ
ਤਿਸ ਸਿਰਿ ਵਡਾ ਜਵਾਲ, ਜਿ ਬੇਮੁਖ ਰਾਮ ਤੇ । ੧੦ ।

ਦਰਗਹਿ ਤੇ ਪਰਵਾਨ ਸੇਵਕ ਸਾਧ ਦੇ
ਤਿਨਾਂ ਤੇ ਕੁਰਬਾਨ ਜਿ ਰਾਮ ਅਰਾਧਦੇ
ਸੈਂਧ ਰਹਿਆ ਜਮ ਬਨ੍ਹ ਲਾਵਣ ਪ੍ਰਾਣੀਐ
ਜਗਿ ਆਇਆ ਮਿਹਮਾਨ, ਚਾਰਿ ਦਿਹਾੜੀਐ
ਕਿਛੂ ਨ ਚਲਹਿ ਤ੍ਰਾਣ ਆਗੈ ਰਾਮ ਦੇ । ੧੧ ।

ਸਚ ਪਤੀਜਹਿ ਰਾਮ, ਕੂੜ ਨ ਭਿਜਈ
ਧਰਮੈ ਦਾ ਕਰਿ ਧਾਮੁ, ਨਿਰਮਲ ਵਸੀਐ
ਨਿਹਕੰਚਨ ਨਿਹਕਾਮ, ਪਛਾਣਹਿ ਰਾਮ ਨੌ
ਸਾਧਾਂ ਦਾ ਬਿਸਰਾਮ; ਨ ਹੋਇ ਕੁਸੰਗਤੀਂ
ਮਰਜ਼ੀ ਹੋਇ ਹਰਾਮ, ਕੀਆ ਨ ਜਾਣਈ
ਅਠੇ ਪਹਿਰ ਸਲਾਮ ਕੀਚਹਿ ਸਾਧ ਨੋ
ਮੁੱਲ ਨ ਲਹਿਸੀ ਦਾਮ ਜੁ ਭੁਲਾ ਸਾਧ ਤੇ । ੧੨ ।

ਸਚੁ ਚੌਰਾਹੇ ਬੇਦੁ ਮੂਰਖ ਨ ਸੁਣਹਿ
ਗੁਰਮੁਖਿ ਬੂਝਹਿ ਭੇਦ ਰਾਜ਼ੈ ਰਾਮ ਦਾ
ਸਭੇ ਜਾਣ ਬਲੇਦ, ਜੁ ਸਾਧਾਂ ਨੋ ਨ ਨਿਵਹਿ
ਕਾਜ਼ੀ ਹੂ ਭਏ ਸੁਪੈਦ, ਨ ਬੂਝਹਿ ਪ੍ਰਾਣੀਆ
ਬਾਝੁ ਗੁਨਾਹੇ ਖੇਦੁ ਨ ਦਿਚਹਿ ਕਿਸੈ ਨੋ । ੧੩ ।

ਜੇ ਮਨ ਹੋਵਹਿ ਸਾਧ, ਸਭੋ ਜਗ ਸਾਧੀਐ
ਆਪਿ ਕਰੈ ਅਪਰਾਧੁ ਤ ਕੋਈ ਕਿ ਕਰਹਿ
ਸਤਿਗੁਰ ਸਚ ਅਰਾਧਿ, ਛੁਡਾਈ ਬਧਿਆਂ
ਕਲਰ ਬੀਜ ਨ ਰਾਧਿ, ਕਿਛੁ ਨ ਜੰਮਸੀ
ਬਿਧਾਂ ਬਾਝੁ ਸਿਰਾਧ, ਜਣੇਂਦਾ ਅਤ੍ਰਿਕੂ ਗਇਆ । ੧੪ ।

ਜਿਨ੍ਹਾਂ ਪਲੈ ਸਚੁ ਸੋ ਕੂੜੈ ਨੋ ਕਿ ਕਰਨ
ਨਾਲਿ ਤਿਨ੍ਹਾਂ ਦੇ ਰਚਿ ਸਵਾਰਨ ਜਨਮ ਨੋ
ਮਾਇਆ ਵਿਚਿ ਨ ਖਚਿ ਪ੍ਰਕਟਿ ਪ੍ਰੋਹਨੀ
ਲੱਧਾ ਧਰਮ ਖਰਚ ਨਿਬਾਹੁ ਜੀਆਂ ਦਾ
ਸਤਿਗੁਰ ਬਾਝਹੁ ਕੱਚ ਪਲਚਿ ਨ ਗਾਫਲਾ
ਕਿਚਰਕੁ ਲਾਗਹਿ ਰਚ, ਕੱਚੀ ਕੰਧ ਨੋ
ਉਭਾਖੀ ਕਰਿ ਨਚੁ, ਨਿਰਭਉ ਹੋਇਕੈ
ਗੁਣ ਗਾਵਹਿ ਨੋ ਮਚ ਰਾਜੇ ਰਾਮ ਦੇ । ੧੫ ।

ਕਲਿਜੁਗ ਕਾਲ ਭੁਜੰਗ ਕਿਸੈ ਨ ਛੱਡਈ
ਜਿਸਨੋ ਲਾਗਹਿ ਡੰਗੁ ਸੋ ਕਦੇ ਨ ਪਲਰਹਿ
ਸਚੇ ਦਾ ਕਰਿ ਸੰਗੁ ਕੂੜਹੁ ਭੱਜੀਐ
ਕਦੇ ਨ ਹੋਵਹਿ ਨੰਗੁ ਸਚੇ ਦੇ ਆਸਰੈ
ਜੈਸਾ ਨੀਰ ਨਿਪੰਗੁ ਨਿਰਮਲ ਹੋਈਐ
ਦਾਨ ਸਾਹਿਬ ਤੇ ਮੰਗ, ਨਿਵਾਸੁ ਧਰਮ ਦਾ
ਠਾਕੁਰ ਜਿਸਦਾ ਅੰਗ ਸੋ ਲਿੱਸਾ ਨਾਹੀਓ
ਹੋਵਹਿ ਨਿਪਟ ਨਿਹੰਗ ਜੋ ਮੰਨੈ ਆਖਿਆ
ਏਵਡ ਤਿਨਾਂ ਵੰਗ ਸਵਾਰਹੁ ਆਪਣਾ

ਸਾਧਾਂ ਨਾਲਿ ਨਿਸੰਗੁ ਮਿਲੀਐ ਪ੍ਰੀਤਿ ਕਰਿ
ਹੋਸੀ ਦੇਹ ਕੁਰੰਗ ਜਾਂ ਵਿਚਹੁ ਕੱਢੀਐ
ਕਦੇ ਨ ਪਉਸੀ ਭੰਗੁ ਸਾਧੂ ਦੀ ਸੰਗਤੀਂ
ਸਾਧੂ ਦਾ ਸੱਚਾ ਰੰਗੁ ਸੁ ਕਦੇ ਨ ਉਤਰੈ । ੧੬ ।

ਤਾਲ ਮ੍ਰਿਦੰਗ ਰਬਾਬ ਵਜਾਵਹਿ ਰੰਗ ਸਿਉਂ
ਗੁਰ ਨੋ ਕਰੈ ਜਵਾਬ ਸੋ ਕਦੇ ਨ ਸਿਝਸੀ
ਸਰਪਰਿ ਹੋਇ ਖਰਾਬ ਏਵੈਂ ਜਾਣੀਐ
ਸੜਿ ਸੜਿ ਭਇਆ ਕਬਾਬੁ ਅੰਦਰਿ ਕ੍ਰੋਧ ਦ
ਘਿਧੇ ਮੂਲ ਕਬਾਬ ਤੋਟਾ ਲੈਣ ਨੋ
ਨਾਉਂ ਸੱਚਾ ਅਸਬਾਬ ਸਾਧੂਜਨ ਸੰਜਿਆ । ੧੭ ।

ਤਾਂ ਆਵੈ ਦੁਰਮਤਿ ਜਾ ਹੋਈਐ ਜਾਣਨੋ
ਗੁਰ ਦੀ ਧਾਵੇ ਲੱਤ ਸੋ ਕਦੇ ਨ ਪਲਰਹਿ
ਸਤਿਗੁਰ ਸਚਾ ਸਤਿ ਕਿਨਿ ਉੱਥਲੀਏ
ਚਾਰਿ ਦਿਹਾੜੇ ਝਤਿ ਏਥੈ ਕੱਢਣੀ
ਆਵਣਿ ਨਾਹੀ ਵਤਿ ਕਾਇਤੁ ਲੁਝੀਐ
ਤਿਸਦੀ ਹੋਵਹਿ ਗਤਿ ਸੋ ਕਰਤਾ ਸੰਮਲਹਿ
ਕਦੇ ਨ ਭਲੀ ਅਤਿ ਨ ਕੀਚਹਿ ਗਾਫਲਾ
ਸਾਧੂਜਨ ਦੀ ਪਤਿ ਰਾਖੈ ਰਾਮ ਨਾਲਿ । ੧੮ ।

ਭੱਠ ਪਇਆ ਬਹੁ ਰਖਾ ਬੇਮੁਖ ਪ੍ਰਾਣੀਆ
ਧਰਮ ਨ ਕੀਤੋ ਨੂ ਰਖਾ ਪਾਪ ਕਮਤਿਐ
ਤਉ ਜੇਹੇ ਮੈਂ ਲੱਖਾਂ ਸਾਹਿਬ ਵਲਿ ਜੀ

ਵਾਦ ਨ ਕਰਿ ਮੂਰਖਾ ਕਿਛੁ ਨ ਵਟੀਐ
ਸਾਧੂਜਨ ਦਾ ਰਾਖਾ ਰਾਜਾ ਰਾਮਚੰਦੁ । ੧੯ ।

ਵਿਹੁ ਦੀ ਵਲਿ ਨ ਛੇੜ, ਖਲਈਐ ਝਕਿਕੇ
ਮੂਲ ਨ ਆਈਐ ਨੇੜ ਪਰਾਈ ਸੁੰਦਰੀ
ਅੱਗੀਂ ਹਥ ਨ ਭੇੜ, ਸੜਸੇਂ ਗਾਫਲਾ
ਸਾਧਾਂ ਨਾਲ ਨ ਭੇੜ ਕਿਝ ਨ ਵੱਟਸੀ
ਬੰਨ੍ਹ ਸਤ੍ਹਾਣੀ ਤੇੜਿ ਲੰਗੋਟੀ ਜਤ ਦੀ
ਦਿਤੀ ਗੱਲ ਨਿਬੇੜ ਸਾਧੂਜਨ ਸੱਚ ਦੀ । ੨੦ ।

---

੪ ਵਾਰ ਕੇਦਾਰਾ ਕੀ

ਸਚੇ ਸਾਹਿਬ ਨੋ ਸਾਲਾਹੀ, ਧੰਨ ਸਿਰੰਦੇ ਸਾਈਆਂ
ਅੰਡਜ ਜੇਰਜ ਸੇਤਜ ਉਤਭੁਜ, ਖਾਣੀ ਚਾਰਿ ਬਣਾਈਆ
ਸਭਨਾਂ ਰਿਜਕ ਸੰਬਾਹੇ ਠਾਕੁਰ ਸਿਰਿ ਸਿਰਿ ਧੰਦੇ ਲਾਈਆ
ਕੁਦਰਤੀ ਬਾਲੇ ਕਰਿ ਦਿਖਲਾਈਆ । ੧ ।

ਨਾਨਾ ਭਾਂਤਿ ਪਸਾਰਾ ਕਰਕੇ, ਇਹ ਸੰਸਾਰ ਸਵਾਰਿਆ
ਮਿਥਿਆ ਮ੍ਰਿਤ ਮੰਡਲ ਠੱਗ ਬਾਜੀ, ਮਾਇਆ ਮੋਹ ਪਸਾਰਿਆ
ਸਭਨਾਂ ਜੀਵਨ ਦਾ ਭਰਵਾਸਾ, ਮਰਣਾ ਮਨਹੁ ਵਿਸਾਰਿਆ
ਕਿਨੇ ਵਿਰਲੇ ਬਾਲੇ ਸਚੁ ਬੀਚਾਰਿਆ । ੨ ।

ਇਕਨਾ ਸੀਸ ਉਚਾਵਨ ਵਾਹੇ ਮਿਲੀਆਂ ਪੰਡਾਂ ਭਾਰੀਆਂ
ਇਕਨਾ ਨੋ ਐਰਾਕੀ ਘੋੜੇ, ਕਰਦੇ ਨੀ ਅਸਵਾਰੀਆਂ

ਇਕਨੀ ਜਤੁ ਸਤੁ ਸੀਲ ਕਮਾਇਆ, ਇਕ ਕਰਦੇ ਨੀ ਜਾਰੀਆਂ
ਕੁਦਰਤੀ ਬਾਲੇ ਧੰਨ ਤਿਹਾਰੀਆਂ । ੩ ।

ਇਕਨਾ ਮਹਲ ਰੰਗੀਨ ਸਵਾਰ, ਇਕਨਾ ਨਾਹੀ ਕੁੱਲੀਆਂ
ਇਕ ਸਹੀਆਂ ਸੁਖ ਸੇਜਾਂ ਰਾਵਣਿ, ਇਕ ਸਹ ਨਾਲਹੁ ਭੁੱਲੀਆਂ
ਜਿਨਾ ਨੂੰ ਕਰਤੇ ਕ੍ਰਿਪਾ ਕੀਨੀ, ਭਗਤੀ ਕਰਨ ਅਮੁੱਲੀਆਂ
ਜਣੁ ਅੰਮ੍ਰਿਤ ਬਾਲੇ ਵੇਲੀਂ ਫੁਲੀਆਂ । ੪ ।

ਇਕ ਦਾਰਿਦ੍ਰੀ ਦਰਿ ਦਰਿ ਮੰਗਨਿ, ਇਕ ਦਾਤਾਰ ਸਦਾਇੰਦੇ
ਇਕ ਰਾਜੇ ਪਾਤਸਾਹ ਕਹਾਵਿਨਿ, ਦੇਸਾਂ ਮਾਰਿ ਡਰਾਇੰਦੇ
ਇਕ ਸਾਧੂ ਮਸਕੀਨ ਰਹੇ ਹੋਇ, ਸਾਚੀ ਭਗਤਿ ਕਮਾਇੰਦੇ
ਤਾਣ ਹੋਂਦੇ ਤਾਣੁ ਨ ਲਾਇੰਦੇ । ੫ ।

ਇਕਨਾ ਅੰਦਰਿ ਬਹੁਤਾ ਤਾਮਸੁ, ਸੜਦੇ ਬਿਨਾ ਬਸੰਤਰੇ
ਇਕਨਾ ਅੰਦਰਿ ਸੀਤਲਤਾਈ, ਭ੍ਰਮ ਤਜਿ ਭਏ ਨਿਰੰਤਰੇ
ਅੰਮ੍ਰਿਤ ਪ੍ਰੇਮ ਪਿਆਲਨ ਕਾਰਣ, ਤਿਨਾ ਨੂੰ ਪ੍ਰਭ ਅਭਿਅੰਤਰੇ
ਤੇ ਪੂਰਨ ਬ੍ਰਹਮ ਪਟੰਤਰੇ । ੬ ।

ਦੇਹੁਰੀਆ ਦੇ ਰੰਗ ਸੁਹਾਵੇ ਸਭ ਖਾਕੂ ਦੀਆ ਢੇਰੀਆਂ
ਸਭਨਾਂ ਦੇ ਸਿਰਿ ਕਾਲ ਸਤ੍ਰਾਣਾ, ਫਿਰ ਫਿਰ ਦੇਂਦਾ ਫੇਰੀਆਂ
ਕਿਨੇ ਵਿਰਲੇ ਸੁਰਤਿ ਕਰਿ ਸੁਣੀਆ, ਸਿਖਾਂ ਸਤਿਗੁਰ ਕੇਰੀਆਂ
ਹੋਰ ਗੱਲਾਂ ਬਾਲੇ ਸਭ ਭਲੇਰੀਆਂ । ੭ ।

ਘੋੜੇ ਸਣ ਅਸਵਾਰਾਂ, ਜਾਂਦੇ ਹਾਥੀ ਸਣੇ ਮਹਾਵਤਾਂ
ਲਸ਼ਕਰ ਸਣ ਪਤਸ਼ਾਹਾਂ ਜਾਂਦੇ ਰਾਜੇ ਭੀ ਸਣ ਰਾਵਤਾਂ
ਸਾਧੂ ਜਨ ਦੇ ਬੋਲ ਸਦਾਵੇ ਸਤਿਗੁਰ ਦੀਆਂ ਸਮਝਾਵਤਾਂ
ਜਗ ਚਾਰੇ ਬਾਲੇ ਰਹਨਿ ਕਹਾਵਤਾਂ । ੮ । ੧ ।

੫ ਵਾਰ ਮਾਰੂ ਕੀ

ਕੇਹਾ ਖੇਲ ਕੀਤੋਈ ਸ੍ਰਿਸਟਿ ਉਪਾਇਕੇ
ਹੋਰ ਸਰੀਕੁ ਨ ਕੀਤੋ ਕੋਈ ਆਪਣਾ

ਸਭਨਾਂ ਸਿਰ ਤੂ ਸੋਈ ਸੱਚਾ ਪਾਤਸਾਹੁ
ਹੁਕਮ ਤੇਰੇ ਵਿਚ ਹੋਈ ਹੋਰ ਨ ਹੋਵਨੀ

ਮੰਗਣਹਾਰ ਖਲੋਈ, ਦੁਨੀਆ ਮੰਗਤੀ
ਤੇਰੀ ਨਿਤ ਰਸੋਈ ਸਭਨਾ ਜੇਵਣਾ

ਜੀਆ ਕਾ ਜਾਣੋਈ ਸਿਰਜਣਹਾਰ ਤੂ
ਜਿਨਾ ਗਰੀਬੀ ਗੋਈ ਗਰਬ ਨਿਵਾਰ ਕੈ

ਅਮਰ ਕੀਤੀਅਨ ਓਈ ਇਤ ਜਗ ਆਇਕੇ
ਤੇਈ ਲਹਸਨਿ ਢੋਈ ਦਰਗਹ ਦੇਆਲ ਕੀ

ਮਾਲਾ ਕੰਠਿ ਪਰੋਈ ਨਿਰਮਲ ਨਾਮ ਕੀ
ਪਰਜਾ ਮਾਰਿ ਵਿਗੋਈ ਪੰਜੀਂ ਜ਼ਾਲਮੀਂ

ਜੇਹੀ ਖੇਤੀ ਬੋਈ ਤੇਹੀ ਉਗਣੀ
ਜੀਵਣ ਨੋ ਸਭ ਰੋਈ ਪਰ ਕੋਇ ਨ ਜੀਵਿਆ ।੧।

ਸਾਹਿਬ ਖੇਲ ਤਿਹਾਰੇ ਸਮਝ ਨ ਸਕੀਅਨਿ
ਕਰਕੇ ਬਹੁਤ ਪਸਾਰੇ ਆਪੁ ਪਛਾਣਿਓ
ਇਕ ਕੀਤੀਅਨੁ ਪਿਆਰੇ ਪ੍ਰੀਤਮ ਆਪਣੇ

ਨਿਮਖ ਨ ਹੋਤੇ ਨਿਆਰੇ ਨਿਰਮਲ ਨਾਮ ਤੇ
ਮਹਾ ਮਗਨ ਮਤਵਾਰੇ ਮਾਤੇ ਪ੍ਰੇਮ ਸਿਉਂ
ਕਾਮ ਕਲੇਸ਼ ਨਿਵਾਰੇ ਕ੍ਰਿਪਾ ਤੇਰੀਆ
ਭੌਜਲ ਪਾਰਿ ਉਤਾਰੇ ਭਗਤਿ ਕਰਾਇਕੈ
ਇਕਿ ਕੀਤੀਆ ਬੁਰਿਆਰੇ ਕਰਮਨ ਬੁਰਿਆਈਆਂ
ਬੇਮੁਖ ਬਿਖੀ ਬਿਚਾਰੇ ਬਧੇ ਬੰਧਨੀ
ਮਾਯਾ ਮੋਲ ਭਿਲਾੜੇ ਕਮਲੇ ਕੀਤੀਅਨ
ਭਾਰ ਉਚਾਇਨਿ ਭਾਰੇ ਭੌਜਲ ਬੋੜੀਅਨਿ
ਵਜਨਿ ਨਿਤ ਨਗਾਰੇ ਮਲਕੁਲ ਮਉਤ ਦੇ
ਲਦਿ ਗਏ ਵਣਜਾਰੇ ਪਾਸਹੁ ਕੂਚ ਕਰਿ
ਤਰੇ ਭੀ ਬ੍ਰਹਮ ਹਤਿਆਰੇ ਸੁਰਤਿ ਨ ਸੰਭਲਨ
ਜੋ ਤੁਧ ਆਪਿ ਉਧਾਰੇ ਤੇਈ ਉਧਰੇ
ਤੁਧ ਜਿ ਮਨਹੁ ਵਿਸਾਰੇ ਸੇ ਕਿਨ ਉਧਾਰੀਅਨ । ੨ ।

ਸਚਾ ਸਾਹਿਬੁ ਮੇਰਾ ਜਿਨਿ ਹਉ ਸਿਰਜਿਆ
ਨਾਮ ਪੜਾ ਪ੍ਰਭੁ ਤੇਰਾ ਪੁਸਤਕ ਪ੍ਰੇਮ ਦਾ
ਸ਼ਾਂਤਿ ਪੁਰੀ ਵਿਚਿ ਡੇਰਾ ਦਿਤੋਈ ਦਾਤਿਆ
ਹਉਮੈ ਮੇਟਿ ਅੰਧੇਰਾ ਕੀਤੋਈ ਚਾਨਣਾ
ਕੋਇ ਨ ਕਿਸੈ ਕੇਰਾ ਦ੍ਰਿਗ ਦਿਖਰਾਇਓ
ਤੇਹੋਂ ਖਿਤ ਚਿਤੇਰਾ ਚਰਿਤੀਂ ਖੇਲੀਅਹਿ
ਜੋਨੀਂ ਫਿਰਿਆ ਘਨੇਰਾ ਫੇਰ ਨ ਹੋਰਿਆ
ਜਨਮ ਜਨਮ ਹਉਂ ਚੇਰਾ ਹੋਂਦਾ ਆਇਆ
ਅਬ ਕੀ ਬਾਰ ਮੁਸੇਰਾ ਕਰੀ ਨ ਕਾਲ ਦਾ । ੩ ।

ਆਤਮ ਜਿਤਿ ਅਵਧੂਤੀਂ ਆਪੁ ਪਛਾਣਿਆ
ਨਿਰਮਲ ਨਿਮ੍ਰੀਭੂਤੀ ਭਗਤੀ ਕੀਤੀਆ
ਸੰਮਲ ਸੁਰਤਿ ਸਪੂਤੀ, ਜਨਮ ਸਵਾਰਿਆ
ਕਲਿਜੁਗ ਦੀਆ ਕਰਤੂਤੀਂ ਤਿਨਾ ਨ ਕੀਤੀਓ
ਇਕਨੀ ਕੀਏ ਕਪੂਤੀ ਕਰਮ ਕੁਲੱਖਣੇ
ਅਵਧੀ ਆਣਿ ਪਹੂਤੀ ਤਿਨਾ ਭਿ ਜਾਵਣਾ

ਭਾਈਬੰਧੀਂ ਪੂਤੀਂ ਮਿਲ ਕੈ ਚਾੜਿਆ
ਆਗੀਂ ਵਿਚਿ ਅਹੂਤੀ ਵਾਂਗੂੰ ਜਾਲਿਆ
ਬਧਾ ਜਮ ਦੀ ਜੂਤੀਂ, ਪੁਛਨਿ ਲਗਿਓਸੁ
'ਮਾਇਆ ਦੀਆ ਬਿਭੂਤੀ, ਕਿਧਰ ਤੇਰੀਆਂ'
ਮੂਠਹੁ ਪੰਜੀ ਭੂਤੀਂ ਦੇਨਿ ਸੁ ਛਿ ਥੀਆ
ਕੇਤੜੀਆ ਪ੍ਰਸੂਤੀ, ਫਿਰਿ ਫਿਰਿ ਆਇਓ
ਬਿਨ ਗੋਬਿੰਦ ਬਿਗੂਤੀ ਕੂਕ ਸੁਣਾਇਆ
ਜਨਮ ਗਵਾਇਆ ਸੁਤੀ, ਸੁਰਤਿ ਨ ਲੱਧੀਆ । ੪ ।

ਭੂਪ ਜੇਵਡ ਤੂ ਆਪ, ਸਚਾ ਪਾਤਸਾਹੁ
ਤੇਰੇ ਰੂਪ ਅਮਾਪੇ, ਕਿਨੈ ਨ ਮਾਪੀਅਨਿ
ਜਿਨ ਕੇ ਬੰਧਨ ਕਾਪੇ, ਤੇ ਮੁਕਤੇ ਕੀਏ
ਸਚੇ ਸਾਹਿਬੁ ਥਾਪੇ, ਸੇ ਕਿਨ ਉਥਾਪੀਅਨਿ
ਫੇਰਿ ਨ ਕਿਨੈ ਸਰਾਪੇ, ਫਿਰਨਿ ਅਨੰਦ ਮੈਂ
ਧਰਮ ਧੀਰਜ ਨਾਲਿ ਧਾਪੇ, ਭੁੱਖਾਂ ਲੱਥੀਆਂ
ਤ੍ਰਿਸਨਾ ਤਮਕ ਨ ਤਾਪੇ, ਸੀਤਲ ਸਹਿਨਸ਼ੀਲ
ਕਦੀ ਨਹੀਂ ਇਕਲਾਪੇ, ਸਾਥੀ ਸਿਆਮ ਦੇ
ਕਸਤੂਰੀ ਜਿਉਂ ਨਾਪੇ, ਛਪੇ ਨ ਛਪਨੀਂ

ਸੰਤ ਨ ਕਰਨਿ ਸਿਆਪੇ ਮੁਇਆ ਗਇਆਂ ਦੇ
ਸਾਧੂਜਨਾਂ ਨ ਬਿਆਪੇ ਮਾਇਆ ਮੋਹਣੀ । ੫ ।

ਓਟ ਤੁਸਾਡੀ ਇਕਾ, ਸੱਚਿਆ ਸਾਹਿਬਾ
ਪ੍ਰੇਮ ਭਗਤਿ ਦਾ ਟਿਕਾ ਦਿਤੋਈ ਭਗਤ ਨੋ
ਭਗਤ ਵਿਰਹਿ ਲਾਡਿਕਾ ਜਗ ਵਿਚਿ ਲਾਡਲਾ
ਕੋਇ ਨ ਦੇਵਸਿ ਧਿੱਕਾ, ਹੋਨ ਜੁਹਾਰੀਆਂ
ਕਦੇ ਨ ਬੋਲਹਿ ਫਿਕਾ, ਮਿਠਾ ਬੋਲਣਾ
ਗੁਰ ਪੂਰੇ ਦਾ ਖਿੱਕਾ, ਸਿਰ ਧਰਿ ਰਖਿਓਨੁ । ੬ ।

ਘਰਿ ਘਰਿ ਅਗਿ ਭੜਕੇ, ਦੁਨੀਆ ਦਝਈ
ਨਿਕਲਿ ਕੋਇ ਨ ਸਕੈ ਸਚੇ ਗੁਰੂ ਬਿਨਾ
ਸਿਰ ਪਰਿ ਕਾਲ ਕੜਕੇ ਸਮਝਿ ਨ ਦੇਖਨੀ
ਅਠੇ ਪਹਰ ਪਲਕੇ ਕਦੇ ਨ ਆਝਵੇ
ਜਿਸਨੋ ਪਕੜਿ ਪਟੱਕੇ, ਫੇਰਿ ਨ ਫੁਰਕਦਾ
ਮਾਰੈ ਸਭਸ ਖਲਕੇ, ਕਿਸੈ ਨ ਛਡਈ
ਪੀਰ ਮੀਰ ਮਲਕੇ, ਸਤਾਣਾ ਸਭ ਦੂ
ਜੀਵਨ ਨੂ ਖਲਕ ਸਹਕੈ ਮਿਲੈ ਨ ਜੀਵਣੀ
ਪਰਹਰ ਤੇ ਪਰ ਹਕੇ ਜੋਈ ਮਿਲ ਸਕਿ
ਤਿਨ੍ਹਾਂ ਦਾ ਮੁਸ਼ਕ ਮਹਿਕੇ ਮਿਹਰਵਾਨ ਦੀ ਮਿਹਰ ਦਾ । ੭ ।

ਮੁੱਦਤ ਦੇ ਦਿਨ ਪੁੰਨੇ ਓੜਕ ਆਇਆ
ਸੰਮਲ ਨ ਦੇਖਨਿ ਮੁੰਦੇ, ਸੁਰਤਿ ਸੰਮਾਲ ਕੇ
ਮੂਹ ਕਾਲੇ ਸਿਰ ਮੁੰਨੇ, ਨਿੰਦਕ ਸਾਧ ਦੇ

ਤਿਨ੍ਹਾਂ ਨੂੰ ਕੌਣ ਅਖੂਨੇ, ਕਰਨ ਬਖੀਲੀਆਂ
ਭਸੜੀਅਰ ਭਿਛੂੰਨੇ, ਭੁੱਲੇ ਭਰਮ ਦੇ
ਭੜਕ ਭਾਂਬੜ ਨਾਲਿ ਭੁਨੇ ਹਰੇ ਨ ਹੋਵਣੀ

ਭੰਨੇ ਕਾਲੇ ਕੂੰਨੇ, ਕੰਮ ਨ ਆਵਨੀ
ਝੂਠੇ ਨਾਲਿ ਝਫੂੰਨੇ, ਹੋਣ ਨ ਨਿਰਮਲੇ
ਪਰਵਸਿ ਪੈ ਕੇ ਰੂੰਨੇ ਪਾਪੀ ਪ੍ਰਾਣੀਏ
ਨਦੀਓਂ ਨੀਰ ਵਿਛੂੰਨੇ ਮਿਲਨ ਨ ਸਾਇਰੇ । ੮ ।

ਜ਼ੋਰ ਜ਼ੁਲਮ ਕਰਿ ਜੋੜੇ ਪੈਸੇ ਪਾਪੀਆ
ਘੜਿ ਘੜਿ ਇਟਾਂ ਰੋੜੇ, ਕਰਨ ਉਸਾਰੀਆਂ
ਚੂਨੇ ਨਾਲਿ ਚਿਮੋੜੇ, ਚਿਤ੍ਰਿ ਚਿਤੇਰਿਆ
ਕਰਹੇ ਹਸਤੀ ਘੋੜੇ ਬਧੇ ਅੰਗਨੀ
ਜਿਸ ਸਾਹਿਬ ਦੇ ਓੜੇ, ਖਾਇ ਖਾਇ ਜੀਵਣਾ
ਤਿਸਤੇ ਮੂਹਰੇ ਮੋੜੇ ਗਹਲੀਂ ਗਾਫਲੀਂ
ਰਹਨ ਨ ਹਟਕੇ ਹੋੜੇ, ਪਾਪ ਕਮਾਂਵਦੇ ।
ਪਾਪੀ ਪਕੜਿ ਪਛੋੜੇ ਮਾਇਆ ਮੋਹਣੀ
ਡੂੰਘੇ ਭੌਜਲ ਬੋੜੇ ਫੇਰਿ ਨ ਬਾਹੁੜੇ
ਜੀਵਨ ਦੇ ਦਿਨ ਥੋੜੇ, ਸਮਝਿ ਨ ਦੇਖਨੀ

ਛੋਡਿ ਨਿਮਾਣੀ ਖੋੜੇ, ਓੜਕ ਜਾਵਣਾ
ਇਕਿ ਗੋਰਾਂ ਵਿਚਿ ਦਬੋੜੇ ਦੱਬੇ ਦੋਸਤੀਂ
ਇਕਿ ਚਿਖਾਂ ਵਿਚਿ ਚਹੋੜੇ ਚਿਣਗਾਂ ਚਮਕੀਆਂ

ਜ਼ਾਲ ਕੀਤੇ ਭਸਮੋੜੇ ਭਾਈ ਬੰਧਪੀਂ
ਸਭਨਾਂ ਤੁਨਕੇ ਤੋੜੇ, ਪਿਛਾਂਹ ਨ ਝਾਕਨੀ

ਝੁਟੇ ਝਟਕਿ ਝਟੋੜੇ, ਜਮ ਦੀ ਜ਼ਾਲਮੀਂ
ਜੇਹੇ ਕਰਮ ਕੀਤੋੜੇ, ਤੇਹੇ ਵਰ ਮਿਲੇ ।੯।

ਕਲਿਜੁਗ ਵਾਰੀ ਆਈ, ਰਾਜ ਚਲਾਇਓਸੁ
ਲਗੈ ਸਚ ਲੜਾਈ, ਕੂੜ ਵਰਤਿਆ
ਬਹੁਤ ਕਰੈ ਬੁਰਿਆਈ, ਸੋ ਸਾਲਾਹੀਐ
ਮੰਨੈ ਸਭ ਲੁਕਾਈ, ਤਿਸਦਾ ਆਖਿਆ
ਕਲਿਜੁਗ ਦੀ ਵਡਿਆਈ ਵਡੀ ਇਕ ਏਹ
ਜੋ ਕਿਛੁ ਕਰੈ ਸੋ ਪਾਈ, ਕੀਤਾ ਆਪਣਾ
ਹੋਰ ਕਿਸੈ ਨੋ ਨਾਹੀ, ਆਂਚ ਨ ਅਪੜੈ
ਸਤਿਗੁਰ ਦੀ ਸਰਣਾਈ, ਕੋਈ ਜਨ ਉਬਰਹਿ
ਸਾਧੂਜਨ ਬਲਿ ਜਾਈ, ਸਾਚੈ ਸਹਿਬੈ ।੧੦।

---

੬ ਵਾਰ ਪੂਤਨਾ ਕੀ ਲਿਖੀ

ਬੋਲਣਾ ਸਾਧੂਜਨ ਕਾ

ਬੀੜਾ ਲੀਤਾ ਪੂਤਨਾ ਦ੍ਰਿਗ ਡਾਕਨਿ ਵਾਂਙ ਨਿਹਾਰੇ
ਵਿਹੁ ਦਾ ਗੰਦਾ ਰਗੜਕੇ ਥਣ ਊਪਰਿ ਚੰਦ੍ਰੀ ਢਾਲੇ
ਉਸ ਨੀਂਗਰ ਸਭ ਖਪਾਇਓਨੁ, ਗੜ੍ਹ ਮਥਰਾ ਨਗਰ ਸੁਆਲੇ
ਆਇ ਵੜੀ ਵਿਚਿ ਗੋਕੁਲੇ, ਜਿਸ ਆਗੈ ਕਾਨ੍ਹ ਸਮਾਲ੍ਹੇ
ਜਨਨੀ ਸੁੰਦਰਿ ਸਿਆਮ ਦੀ, ਡਾਹਿ ਪੀੜ੍ਹਾ ਆਣਿ ਬਹਾਲੇ
ਦੇ ਦੇਣੀ ਵੈਣ ਅਲਾਇਆ, ਜਿਸ ਅੰਦਰਿ ਖੋਟੁ ਹਿਆਲੇ
ਨੀਂਗਰ ਸੁਣ ਕੈ ਜੰਮਿਆ, ਮੈਂ ਆਈ ਓਛਲ ਛਾਲੇ

ਕੁੱਛੜ ਮੇਰੇ ਦੇਹਿ ਤੂ, ਮੂਹਿ ਦੇਖਨਿ ਨੋ ਜੀਉ ਭਾਲੇ
ਕੁਛੜ ਲੈ ਕਰਿ ਸਿਆਮ ਨੋ, ਜਨਨੀ ਨੋ ਪਾਸਹੁ ਟਾਲੇ
ਪੋਤੜਿਆਂ ਵਿਚ ਬਾਲਕਾ ਵੇਖ ਹੱਸੇ ਚਲਤ ਵਿਖਾਲੇ
ਦੁਹੱਥੜਿ ਮੰਮਾ ਪਕੜ ਕੈ, ਮੁਖ ਅੰਦਰਿ ਸਿਆਮ ਪਵਾਲੇ
ਪ੍ਰਾਣ ਧਰੂ ਸਰੀਰਹੁ ਕੱਢਿਅਨ ਜਣੁ ਮਛੂ ਫਹਾਏ ਜਾਲੇ
ਸਿਰ ਪਰਨੇ ਢੱਠੀ ਪੂਤਨਾ, ਥਰਥੱਲਾ ਜਿਉਂ ਭੂੰਚਾਲੇ
ਉਸ ਮਰਦੀ ਹੋਈ ਆਖਿਆ, 'ਬੂ ਧਾਧੀ ਬਿਸੀਆਰ ਕਾਲੇ'
ਚੜ੍ਹ ਬੈਠਾ ਉਪਰਿ ਹਿਕ ਦੇ, ਮਨਮੋਹਨ ਦੰਤਾ ਨੇ ਗਾਲੇ
ਚੋਟ ਪਹਿਲੀ ਲਾਈਅਨੁ ਬਾਲੇ ।੧।

ਪ੍ਰੋਹਤ ਰਾਜੇ ਕੰਸ ਦਾ ਲੈ ਬੀੜਾ ਗੋਕਲ ਆਇਆ
ਜਨਨੀ ਚਰਨੀਂ ਲਗ ਕੈ, ਬਮਣੇਟਾ ਬਹੁਤੁ ਮਨਾਇਆ
ਕੂਛ ਇਛਾ, ਭੋਜਨ ਦੇਹਿ ਤੂ, ਬਮਣੇਟੇ ਵੈਣ ਅਲਾਇਆ
ਤਾਜਾ ਗੋਹਾ ਆਣ ਕੈ, ਬਮਣੇਟੇ ਚਉਂਕਾ ਪਾਇਆ
ਲੱਕੜੀਆਂ ਧੋਇ ਚਾੜ੍ਹੀਆਂ, ਦੇਖ ਕਪਟੀ ਕਪਟ ਰਚਾਇਆ
ਵਲਟੋਹਾ ਦੂਧ ਭਰਾਇਕੈ, ਆਪਿ ਹੱਥੀਂ ਚੁਲ੍ਹ ਚੜ੍ਹਾਇਆ
ਬਾਮ੍ਹਣ ਲਗਾ ਪਾਕਸਾਲ ਕਰਿ, ਚਉਕਾ ਜੁਗਤਿ ਬਣਾਇਆ
ਭਰਿ ਪਾਣੀ ਤੂ ਹੈ ਲਿਆਉ ਤੂ ਕਰ ਦਾਨ ਜਿਸੋਦਾ ਮਾਇਆ
ਮਾਤਾ ਆਗਿਆ ਮੰਨ ਕੈ, ਸਿਰ ਉਪਰਿ ਕੁੰਭ ਉਠਾਇਆ
ਉਥਹੁ ਬਾਮਣ ਉਠ ਕੈ, ਸਿਆਮ ਸੁੰਦਰ ਸਿਧਾ ਧਾਇਆ
ਉਸ ਲੰਬੀ ਹਥ ਵਗਾਇਆ, ਮੋਹ ਮਾਇਆ ਦੇ ਭਰਮਾਇਆ
ਗਲ-ਹੱਥਾ ਦੇ ਕਰਿ ਸਟਿਓਨ, ਭੁਇਂ ਉਪਰਿ ਬਾਮ੍ਹਣ ਪਾਇਆ
ਉਸ ਦੇ ਦੰਤ ਬਤੀਹੇ ਭੰਨਿਆ, ਜਣੁ ਮੋਹਲੇ ਧਾਨ ਛੜਾਇਆ
ਮੂਹ ਉਪਰਿ ਖੀਰ ਪਲਟਿਓਨੁ, ਖਾਹਿ ਸੁਆਮੀ ਕੰਸ ਪਠਾਇਆ

ਪੋਤਰਿਆਂ ਵਿਚਿ ਬਾਲਕਾ ਵਾਰਿ ਦੂਈ ਚਲਿਤੁ ਦਿਖਾਇਆ
ਦੇਖਿ ਬਾਮ੍ਹਣ ਰਾਜ ਵੰਞਾਇਆ । ੨ ।

ਘੜੀ ਕੁ ਸਾਬਤ ਹੋਇਕੇ, ਬਮਣੇਟੇ ਸੁਰਤਿ ਸੰਮਾਲੀ
ਉਸ ਕਰਨਾ ਕਛੂ ਨ ਆਵਈ, ਜੀਆ ਮਿਲਿਆਸੁ ਕੁਝ ਭਵਾਲੀ
ਤਦਿ ਵੈਣ ਅਲਾਇਆ ਸੁਜਾਮਰੇ, ਸੁੰਦਰ ਸੋ ਬਨਵਾਲੀ
ਜਾਹਿ ਸੁਆਮੀ ਘਰਿ ਆਪਣੇ, ਗਇਆ ਤੇਰੀ ਡਿਠੀ ਭਾਲੀ
ਕਲਿੰਦ੍ਰੀ ਦੇ ਤਟ ਆਇਕੇ, ਜਲ ਅੰਦਰਿ ਦੇਹਿ ਪਖਾਲੀ
ਸੁਇਨ ਮੱਛ ਸਰੂਪ ਹੋਇ, ਪੂਛ ਦਿਤੀ ਆਇ ਵਿਖਾਲੀ
ਉਸ ਲੋਭੀ ਹੱਥ ਚਲਾਇਆ, ਜਿਸ ਅੰਦਰਿ ਖੋਟ ਹਿਆਲੀ
ਪੂਛ ਪਹੁੰਚਾ ਕੱਟਿ ਉਤਾਰਿਆ, ਜਣੂ ਰੁੱਖਹੁੰ ਤੁੱਟੀ ਡਾਲੀ
ਸਿਰਿ ਇਲ੍ਹਾਂ ਦੇਖਿ ਭਵੇਂਦੀਆ, ਬਮਣੇਟੀ ਭੈਗੀ ਜਾਲੀ

ਗੜ੍ਹ ਮਥਰਾ ਅੰਦਰਿ ਅ ਇਆ, ਕਰਿ ਢੁੱਟਾ ਕੁੱਟਿ ਪਰਾਲੀ
ਸਨਮੁਖ ਆਈ ਬਾਮ੍ਹਣੀ, ਜਣੂ ਹਸਤਿ ਚਲੇ ਮਤਵਾਲੀ
ਪੁਛਣਿ ਲਗੀ ਬਾਮ੍ਹਣੀ. ਬਮਣੇਟੀ ਤੇਰ-ਤਾਲੀ
ਕੁਛ ਆਂਦਾ ਹੀ ਤਾ ਦੇਹਿ ਮੋਹ, ਮੈਂ ਹੋਵਾਂ ਖਰੀ ਸੁਖਾਲੀ
ਕਰਿ ਟੁੰਡਾ ਹਥ ਵਿਖ ਲਿਆ, ਵੈਡ ਰਾਜੇ ਲੈ ਭਿਆਲੀ
ਅਹੰਕਾਰ ਕਰੇ ਪੈਮਾਲੀ । ੩ ।

ਖਬਰ ਹੋਈ ਰਾਜੇ ਕੰਸ ਨੋ, ਬਮਣ੍ਹੇਦਾ ਮੁਹਿ ਕੁਮਲਾਣੇ
ਪ੍ਰੋਹਤ ਰਾਜੇ ਕੰਸ ਪ ਸਿ ਮੂਹ ਭੰਨੇ ਵੈਣ ਵਖਾਣੇ
ਰਾਜ ਹੀ ਗਰ ਨਾਹਿ ਉਹ ਮਤ ਕੋਈ ਤਿਸ ਰਵਾਣੇ
ਬੀੜਾ ਲਇਆ ਤ੍ਰਿਣਾਵਰਤਿ, ਅਰ ਗਾਣੇ ਦੰਰ ਸਰਾਣੇ
ਆਇ ਵੜਿਆ ਵਿਚਿ ਗੋਕਲੇ, ਗੜ੍ਹ ਨੰਦ ਮਹਰ ਦੇ ਠਾਣੇ

ਉਨ ਪਹਿਲੋਂ ਦੇ ਭਖੜ ਫੜ ਕੇ, ਕਰ ਭਗਲ ਅਨ੍ਹੇਰੀ ਆਣੇ
ਕੁਫਰ ਲੈ ਕੇ ਸਜਾਮ ਨੇ ਦੈਂਤ ਚੜ੍ਹਿਆ ਅੱਧ ਅਸਮਾਣੇ
ਅਤੇ ਸੁੰਦਰ ਸਿਆਮਰਾ ਸਭ ਜੀਆਂ ਦੀ ਬਿਧਿ ਜਾਣੇ
ਗਲ-ਹੱਥਾ ਦੇ ਕਰਿ ਸਟਿਅਨੁ, ਹੈ ਭ ਢਠਾ ਸਿਰ ਤਲਵਾਣੇ
ਦੀਪਕ ਦੇਖਿ ਪਤੰਗ ਜਿਉਂ ਦੈਂਤ ਲਗੇ ਮਰਨ ਧਿਙਾਣੇ
ਸਾਧੂਜਨ ਸਦ ਕੁਰਬਾਣੇ । ੪ ।

ਭੇਜ ਸੰਦੇਸਾ ਕੰਸ ਨੇ ਗੋਕਲ ਤੇ ਨੰਦ ਸਦਾਇਆ
'ਕਉਲ ਫੁਲ ਦੇ ਆਣ ਕੇ', ਇਹ ਰਾਜੇ ਆਖਿ ਸੁਣਾਇਆ
ਨਿਮੋਝਾਣਾ ਹੋਇਕੇ ਨੰਦ ਗੋਕਲ ਅੰਦਰਿ ਆਇਆ
ਰਾਜਾ ਮੰਗੇ ਕਉਲ ਫੁਲ, ਕਿਆ ਕੀਜੇ ਸੁੰਦਰ ਰਾਇਆ
ਮੈਂ ਕਵਲਾਲੀ ਲਿਆਵਸਾਂ ਮਨ ਅੰਦਰਿ ਕਰਹੁ ਨ ਕਾਇਆ
ਟੁੱਭੀ ਮਾਰੀ ਸਿਆਮਰੇ, ਜਲ ਅੰਦਰਿ ਸੀਸੁ ਲੁਕਾਇਆ
ਕਾਲੀ ਸਨਮੁਖ ਹੋਇਕੈ, ਪ੍ਰਭ ਸਿਧੇ ਫੂਕ ਚਲਾਇਆ
ਓਤੈ ਥਾਂਇ ਹੋਇਆ ਸਿਆਮਰਾ, ਪ੍ਰਭ ਦੇਹੀ ਰੰਗਿ ਵਟਾਇਆ
ਚੜ੍ਹ ਉਪਰਿ ਬੈਠਾ ਕੰਡ ਦੇ ਫੜ ਕਾਲੀ ਨਾਗ ਨਥਾਇਆ
ਫਣ ਉਪਰਿ ਨਿਰਤ ਅਰੰਭਿਆਸੁ, ਪਗ ਨੂਪਰ ਝੁਰਮਟ ਲਾਇਆ

ਕਾਲੀ ਮਨ ਅੰਦਰਿ ਸਮਝ ਕੇ, ਉਠਿ ਚਰਨਨ ਸਿਉਂ ਲਪਟਾਇਆ
ਕਢਿ ਦਿਤੋਸੁ ਫੁਲ ਕਵਲ ਦੇ ਸਰ ਸਾਗਰ ਸਾਰਾ ਛਾਇਆ
ਕੀਤਾ ਲੋੜੇ ਸੋ ਕਰਹਿ ਤਿਸ ਨਾਲਿ ਨ ਚਲੈ ਕਾਇਆ
ਕਵਲਾਲੀ ਪਿਆਲੋਂ ਲਿਆਇਆ । ੫ ।

ਛਿੱਥ ਪਵਾਇਅਨਿ ਕੰਸ ਨੇ ਗੋਕਲ ਤੇ ਸਿਆਮ ਸਦਾਇਆ
ਬਲਭਦ੍ਰ ਸੰਦ੍ਰ ਸਿਆਮਰਾ, ਉਠਿ ਦੋਵੇਂ ਭਾਈ ਧਾਇਆ

ਕਟਿ ਸੁੰਦਰ ਕੀਚ ਸੁਹਾਵਨੀ, ਪ੍ਰਭੁ ਨਾਨਾ ਰੂਪ ਬਨਾਇਆ
ਵਿਚਿ ਫਿਰਦੇ ਮਾਲਰ ਘੱਤਦੇ, ਪਰਚੰਡ ਚੰਡੂਰੇ ਛਾਇਆ
ਛਡਿ ਦੁਮਾਲਾ ਸਿਆਮ ਜੀ, ਪਿੜ ਅੰਦਰਿ ਭੜਥੂ ਪਾਇਆ
ਦੇਖਿ ਦਰਸਨ ਸੁੰਦਰ ਸਿਆਮ ਦਾ, ਨਰ ਨਾਰੀ ਧਿਆਨ ਲਗਾਇਆ
ਜੜ ਜਾਊ ਰਾਜੇ ਕੰਸ ਦੀ, ਦੇਖ ਕੇਹਾ ਬਾਲ ਅਨਾਇਆ
ਦੇਖਿ ਉਠਿ ਪਿਛਾਂਹ ਚਲਿਆ, ਰਾਜੇ ਨੇ ਕਾਲ ਦਿਖਾਇਆ
ਪ੍ਰਭੁ ਲੰਮਾ ਹਥ ਪਸਾਰ ਕੇ ਗਹਿ ਕੇਸਹੁ ਲੈ ਪਟਕਾਇਆ
ਰਾਜ ਮਿਲਿਆ ਉਗ੍ਰਸੈਨ ਨੇ, ਦੈਂਤਾਂ ਦਾ ਵੰਸ ਗਵਾਇਆ
ਵਿਚਿ ਗੋਕਲ ਮਿਲਨ ਵਧਾਈਆਂ, ਜਿਸਦਾ ਘਰਿ ਮੰਗਲ ਗਾਇਆ
ਸਿਰ ਉਪਰਿ ਲੈ ਲੈ ਵਾਰਨੇ, ਨੰਦ ਬਹੁ ਦਰਬੁ ਲੁਟਾਇਆ
ਸਾਧੂਜਨ ਹਰਿ ਜਸੁ ਗਾਇਆ । ੬ ।

---

੨ ਸ਼ਬਦ ਰਾਗਾਂ ਕੇ

ਸਿਰੀ ਰਾਗ

ਸਮਝਿ ਕਦੇ ਅਭਿਮਾਨੀ ਵੇ
ਜੋਬਨ ਗਇਆ ਬੁਢੇਪਾ ਆਈਆ ਹੋਇਆ ਦੇਹ ਪੁਰਾਨੀ ਵੇ । ੧ ਰਹਾਉ ।
ਕਾਲੀ ਕੇਸੀਂ ਰੰਗੁ ਵਟਾਇਆ ਆਈਆ ਮਰਗ ਨਿਸਾਨੀ ਵੇ
ਜਬ ਲਗਿ ਸਾਸਿ ਤੇਰੇ ਘਟਿ ਭੀਤਰ ਸੰਮਲ ਸਾਰੰਗਪਾਨੀ ਵੇ
ਦੰਦ ਤੇਰੇ ਸਭ ਉਖੜ ਚਲੇ ਜੀਭ ਤੇਰੀ ਥਥਲਾਨੀ ਵੇ
ਕੰਨੀਂ ਸ਼ਬਦ ਉਰੇਰਾ ਸੁਣੀਐ ਨੈਣੀਂ ਢਲਕਣਿ ਪਾਣੀ ਵੇ । ੨ ।
ਆਪਣੇ ਖੇਤ ਕਹਾਂ ਕਿਖ ਬੋਵਹਿ ਕੇਹੀ ਕਰਹਿ ਕਿਰਸਾਨੀ ਵੇ
ਸਾਧੂਜਨ ਸਤਿਗੁਰ ਸੁਖ ਦਾਤੇ, ਸਾਚ ਕੀ ਬਾਤ ਬਖਾਨੀ ਵੇ । ੩ ।

ਹਰਿ ਨਿਰਮਲ ਨਾਮ ਸਮਾਰ ਵਤਿ ਨਹੀਂ ਆਵਣਾ
ਹਰਿ ਨਿਰਮਲ ਨਾਮੁ ਸੰਮਾਰਿ । ੧ । ਰਹਾਉ ।
ਜਗ ਵਿਚਿ ਤੂੰ ਪਰਦੇਸੀ ਆਇਆ ਗੋਂਦਿਲੜਾ ਦਿਨ ਚਾਰਿ । ੧ ।
ਜੀਤਿ ਚਲਹੁ ਭਾਵੇਂ ਹਾਰ ਚਲਹੁ ਏਹੋ ਤੇਰੀ ਵਾਰੁ । ੨ ।
ਪਾਸੇਂ ਤਰਿਓਂ ਉਠ ਉਠ ਜਾਂਦੇ ਤੂੰ ਅਖੀਂ ਦੇਖ ਉਘਾਰਿ । ੩ ।
ਜਿਸ ਤਨੁ ਦਾ ਤੂੰ ਗਰਬ ਕਰੇਨੈਂ ਸੋ ਜਲਿਬਲਿ ਥੀਸੀ ਛਾਰਿ । ੪ ।
ਸਾਧੂਜਨ ਕੇ ਸੇਵਕ ਦਾਸਾ, ਗੁਰ ਮੂਰਤਿ ਮਨ ਮਹਿ ਧਾਰਿ । ੫ ।

ਅਵੈ ਜੀਅਰਾ ਤੂੰ ਕਿਵੈ ਤੂੰ ਖੋਟੇ ਕਰਮ ਕਮਾਂਦਾ
ਅਵੈ ਜੀਅਰਾ ਤੂੰ ਕਿਵੈ ।੧। ਰਹਾਉ ।
ਗਲਿ ਤੇਰੇ ਵਿਚ ਲਾਲ ਅਮੋਲਕ ਦਰਿ ਦਰਿ ਝਾਤੀਆਂ ਪਾਂਦਾ
ਅੰਮ੍ਰਿਤ ਭੋਜਨੁ ਤੇਰੇ ਘਰਿ ਮੈ ਬਹਰਿ ਵਿਖੁ ਲੈ ਖਾਂਦਾ ।੨।
ਸੁੰਦਰ ਮੰਦਰ ਦੂਰ ਦੂਰ ਅੰਤਰਿ ਹਿਤ ਕਰਿ ਨੇਤ੍ਰ ਮਿਲਾਂਦਾ ।੪।
ਕੂੜੇ ਕੰਮ ਤੂੰ ਨਿਤ ਉਠਿ ਦਉੜਹਿੰ ਸਿਮਰਨ ਨੋਂ ਅਲਸਾਂਦਾ ।੩।
ਸਾਧੂਜਨ ਹਰਿ ਚੇਤਿ ਸਵੇਰੇ ਸਤਿਗੁਰ ਕਹਿ ਸਮਝਾਂਦਾ ।੫।

ਮਾਝ

ਕੀ ਵੇ ਜਾਨ ਕਰਹਿ ਮਚਲਾਈਆਂ, ਜੀਆ ! ਜਾਨ ਕਰਹਿ ਮਚਲਾਈਆਂ
ਜੋ ਜੋ ਤੈਂ ਕਰਤੂਤੀਂ ਕੀਤੀਓ, ਸਭ ਕੰਮ ਤੁਸਾਡੇ ਆਈਆਂ ।੧। ਰਹਾਓ ।
ਜਿਸ ਦੇਹੀ ਨੁ ਦੇਖਿ ਹੰਕ ਰਿਆ, ਇਹ ਰੇਤੂ ਦਾ ਕੋਟ ਉਸਾਰਿਆ
ਇਥਹੁੰ ਛਡਿ ਚਲੇ ਵਣਜਾਰਿਆ, ਫਿਰ ਦੋਤਿ ਨ ਮਿਲੈਂ ਪਿਆਰਿਆ ।
ਸਭ ਚਲਣਿ ਸਾਥ ਉਜਾੜ ਨੋਂ, ਕਿਆ ਉਲਝਿਓ ਕੂੜੀ ਰਾੜ ਨੂੰ
ਸਿਰ ਚੁਕਣਿ ਪਾਪਾਂ ਦੇ ਭਾਰ ਨੂੰ, ਮੂੜ ! ਸਿਰਜਣਹਾਰ ਸਮਾਲ ਤੂੰ ।੨।
ਸਤਿਸੰਗਤਿ ਜਨਮ ਸਵਾਰੀਐ, ਆਪ ਸੰਗਤਿ ਆਪ ਵਿਗਾੜੀਐ
ਸਤਿਗੁਰ ਦੀ ਅੰਦਰਿ ਧਾਰੀਐ ਆਪਿ ਹਥੀ ਕਾਜ ਸਵਾਰੀਐ ।੩।
ਜਗ ਭੀਤਰਿ ਜਬ ਲਗਿ ਜੀਜੀਐ ਬੀਜ ਅੰਮ੍ਰਿਤ ਕਉ ਇਤ ਬੀਜੀਐ
ਦਾਸਾ ਸਾਧੂ ਕੇ ਲਾਹਾ ਲੀਜੀਐ, ਭਰਿ ਪ੍ਰੇਮ ਪਿਆਲਾ ਪੀਜੀਐ ।੪।

ਦਰਿ ਤੇਰੇ ਮੰਗੇ ਮੰਗਤਾ, ਮੇਰੇ ਅੰਦਰਿ ਚਿਤਿ ਆਉ ਜੀ
ਜਿਨਾ ਪ੍ਰੇਮ ਪਿਆਲਾ ਚਖਿਆ, ਸੋਈ ਜਾਣੈ ਮੇਤੁ ਸੁਆਉ ਜੀ
ਸਭ ਦਿਸਨਿ ਸਾਥ ਜੁਲੰਦੜੇ, ਕੋਈ ਰਹੈ ਨ ਰਾਣਾ ਰਾਉ ਜੀ
ਰੂਪ ਚਲਦਿਆ ਢਿਲ ਨ ਲਗਈ, ਜਗ ਜਿਉ ਵਿਰਲਾ ਦਾਉ ਜੀ

ਕਿਛੁ ਸੰਗਿ ਨ ਚਲੇ ਤੇਰੈ ਪ੍ਰਾਣੀਆ ਨਿਤ ਗੋਬਿੰਦ ਕੇ ਗੁਣ ਗਾਉ ਜੀ
ਕਿਤੁ ਲਾਲਚ ਲਗਿ ਅਟਕੀਏ ਮਨਿ ਕਿਛੁ ਨ ਪਛੋਤਾਉ ਜੀ
ਤਾਂ ਸਿਮਰਨ ਕੀਜੇ ਸਾਮ ਦਾ, ਮਨ ਬਚਨ ਕਰਮ ਕਰਿ ਭਾਉ ਜੀ
ਸਾਧੂਜਨ ਬਲਿਹਾਰਣੈ ਤੇਰਾ ਵਤੂ ਨ ਏਵਡ ਦਾਉ ਜੀ ।

ਅੰਦਰਿ ਭਾਤੀ ਪਾਇ ਗੋਬਿਦੂ ਭਾਲੀਐ
ਦਰਸਨ ਦੇਹਿ ਦਯਾਲ ਸੁਧ ਹਿਆਲੀਐ
ਸੀਲ ਧਰਮ ਸੰਤੋਖ ਸਦਾ ਪ੍ਰਤਿਪਾਲੀਐ
ਇਥਹੁ ਜਾਸੀ ਜਿੰਦੂ ਖਰੀ ਸੁਖਾਲੀਐ
ਸੋਈ ਪਲੈ ਪਾਇ, ਜੇਹੀ ਘਾਲ ਘਾਲੀਐ
ਹੋਸੀ ਸਦਾ ਸਹਾਇ, ਮਤਿ ਸਤਿਗੁਰ ਵਾਲੀਏ
ਸਾਧੂਜਨ ਕੇ ਦਾਸੁ ਚਾਲ ਨਿਰਮਲ ਚਾਲੀਐ ।

ਹਰਿ ਬੋਲ ਜਿੰਦੂੜੀਏ ਸਰਪਰ ਜਾਣਨੀਏ ਤੂ ਘੁਮਿ ਨ ਆਣਨੀਏ । ਰਹਾਉ ।
ਨਾਂਉ ਲਈਏ ਸਿਰਜਣਹਾਰ ਦਾ, ਭਗਤਾਂ ਦੇ ਕੰਮ ਸਵਾਰਦਾ
ਕੇਵਡ ਆਖਿ ਸਲਾਹੀਐ, ਕਿਹੁ ਕੀਮਤਿ ਕਹਿਣ ਨ ਜਾਇ । ੧ ।

ਸਭਨਾ ਸਿਰਿ ਏਕ ਅਲੇਖ ਹੈ, ਬਹੁ ਭਾਂਤ ਨਿਰੰਜਨ ਭੇਖ ਹੈ
ਕਿਸ ਨਿੰਦਾ ਤੇ ਕੌਣ ਬੰਦੀਏ, ਸਭਨਾ ਘਟ ਰਾਮ ਸਮਾਇ । ੨ ।

ਪ੍ਰਭ ਜੀਆਂ ਕਾ ਦਾਤਾਰੁ ਹੈ, ਸਭ ਮੰਗਨ ਨੋ ਸੰਸਾਰ ਹੈ
ਸਭਨਾ ਨੋ ਰਿਜਕ ਸਮਾਹਦਾ, ਕੋਈ ਦੂਜਾ ਲਵੈ ਨ ਲਾਇ । ੩ ।

ਪਾਰਾਵਾਰੁ ਨ ਪਾਈਐ, ਕਿਆ ਸੋਭਾ ਆਖਿ ਸੁਣਾਇਐ
ਲੈਂਦੀ ਦੁਨੀਆ ਥੱਕੀਐ, ਤੁਹਿ ਦੇਂਦੇ ਓੜ ਨ ਕਾਇ । ੪ ।

ਸਭ ਕੀਤਾ ਹੋਵੈ ਰਾਮ ਦਾ, ਪ੍ਰਤਾਪ ਸਚਾਵੈ ਨਾਮ ਦਾ
ਜਿਸ ਉਪਰਿ ਕ੍ਰਿਪਾ ਧਾਰੀਐ, ਤਿਸ ਆਪੇ ਲਏ ਮਿਲਾਇ । ੫ ।

ਸਾਧਸੰਗਤਿ ਸਚੁ ਪਰਸੀਏ, ਜਿਸ ਮਿਲ ਕਊਲ ਬਿਗਸੀਐ
ਗੁਣ ਗਾਵਹੁ ਰਾਜੇ ਰਾਮ ਦੇ, ਜਮ ਬਾਂਧਹੁ ਲਏ ਛਡਾਇ । ੬ ।

ਤੁਧ ਪਾਸਹੁ ਲਦਿ ਸਿਧਾਨਿਆ, ਭੀ ਸਮਝੇ ਨਾਹਿ ਇਆਨਿਆ
ਜੇਹੇ ਕਰਮ ਕਮਾਨਿਆ, ਤਿਵੇਹੀ ਮਿਲੈ ਸਜਾਇ । ੭ ।

ਹਰਿ ਜੇਵਡ ਹੋਰ ਨ ਕੋਇ ਹੈ, ਸਭਨਾਂ ਸਿਰ ਸਾਹਿਬ ਸੋਇ ਹੈ
ਆਪੇ ਮਾਰਿ ਜੀਵਾਲਦਾ, ਜਰ ਸਤਿਗੁਰ ਦੀਆ ਬਤਾਇ । ੮ ।

ਕੇਹੇ ਮੈਮਟਿ ਮਾੜੀਆਂ, ਪ੍ਰਭੁ ਵੇਖਦਿਆ ਉਜਾੜੀਆਂ
ਤੁਧ ਅੱਖੀਂ ਭੀ ਨ ਉਘਾੜੀਆਂ, ਸਚ ਸਾਧ ਰਹੇ ਕੁਰਲਾਇ । ੯ ।

ਮੈਂ ਜੇਵਡ ਹੋਰ ਨ ਆਲਸੀ, ਪ੍ਰਭੁ ਆਪੇ ਹੀ ਪ੍ਰਤਿਪਾਲਸੀ
ਸਾਧੂਜਨ ਬਲਿਹਾਰਨੈ, ਭੈਜਲ ਤੇ ਪਾਰਿ ਲੰਘਇ । ੧੦ ।

ਗਉੜੀ ਮਾਝ

ਰਾਮ ਰਾਇ ਸੱਜਣੁ ਤੂੰ ਮੇਰਾ, ਪੜਦੇ ਕੱਜਨ ਤੂ ਮੇਰਾ
ਇਥੈ ਉਥੈ ਆਸਰਾ ਸੰਤਾਂ ਨੂੰ ਤੇਰਾ । ੧ । ਰਹਾਉ ।
ਤੂੰ ਹੈਂ ਸਜਣੁ ਸਾਕੁ ਮੇਰਾ ਤੂੰ ਹੈ ਮਾਈ ਬਾਪੁ
ਦੀਨ ਦਰਦ ਦੁਖ ਭੰਜਨਾ ਕਿਰਪਾ ਕਰਿ ਬੰਧਨ ਕਾਪੁ
ਸਰਣਿ ਤਿਹਾਰੀ ਮਾਧਵਾ ਸਭ ਤੇਰਾ ਹੀ ਪਰਤਾਪ । ੧ ।

ਹਉ ਤੇਰਾ ਪ੍ਰਭੁ ਮੰਗਤਾ ਤੂੰ ਮੇਰਾ ਦਾਤਾਰ
ਨਾਮੁ ਤੇਰਾ ਜਪ ਜੀਵੀਐ ਤੂੰ ਨਿਰਧਾਰਾਂ ਅਧਾਰੁ
ਨਿੰਦਾ ਕੋਈ ਕਿਆ ਕਰੇ ਜਾਂਵਲਿ ਸਿਰਜਣਹਾਰੁ । ੨ ।

ਤੂੰ ਧਨ ਮੇਰਾ ਮਾਧਵਾ ਮਨੁ ਨਿਮਾਣੇ ਦਾ ਮਾਣੁ
ਤੂੰ ਹੈਂ ਮੇਰਾ ਆਸਰਾ ਤੂੰ ਤਕੀਆ ਤੂੰ ਤਾਣ
ਤੇਰਾ ਪਾਰਾਵਾਰੁ ਨ ਪਾਈਐ ਪੜਿ ਥਕੇ ਬੇਦੁ ਪੁਰਾਣੁ ।੩।

ਤੂੰ ਹੈਂ ਮੇਰਾ ਗਿਆਨ ਧਿਆਨ ਤੂੰ ਹੈ ਮੇਰੀ ਪਤਿ
ਸਭ ਖਲਕ ਮੁਜੇਰੀ ਕੀਤੀਐ ਚੜਿ ਬੈਠੇ ਆਪਿ ਤਖਤਿ
ਸਾਧੂਜਨ ਬਲਿਹਾਰਨੈ ਤੂੰ ਸਚਾ ਸਾਹਿਬ ਸਤੁ ।੪।

ਕੀ ਵੇ ਗੋਬਿੰਦ ਨਾਹੀ ਸਮਾਲਦਾ ਕੀ ਵੇ ਰਾਮੈ ਨੋ ਨਾਹਿ ਸਮਾਂਲਦਾ
ਸੋ ਸਾਹਿਬ ਕਿਤੁ ਨ ਸਮਾਲੀਐ ਜੋ ਜੀਆਂ ਨੋ ਪ੍ਰਿਤਪਾਲਦਾ ।੧। ਰਹਾਉ ।

ਚਿਤਿ ਮਰਣਾ ਮੂਲਿ ਨ ਆਵਈ । ਮਨੁ ਜੀਵਣ ਨੋ ਤਰਸਾਵਈ
ਤਜਿ ਸਾਧੂ ਪਾਖੰਡ ਕਮਾਵਈ । ਜਗੁ ਜਾਂਦਾ ਨੈਣ ਨਿਹਾਲਦਾ ।੧।

ਸੰਨੇਹਾ ਸਾਹਿਬ ਘੱਲਣਾ । ਤੁਧੁ ਘਰੁ ਉਜਾੜੀਂ ਮੱਲਣਾ
ਕਿਤੁ ਵੇਲੇ ਇਥਹੁੰ ਚਲਣਾ । ਕਿਛੁ ਅੰਤੁ ਨ ਜਾਪੇ ਕਾਲ ਦਾ ।੨।

ਸੁਪਨਾ ਸਭ ਏਹੁ ਸੰਸਾਰ ਹੈ । ਮਦਿ ਮਾਇਆ ਅੰਧਿ ਗੁਬਾਰੁ ਹੈ
ਸਭੁ ਓੜਕਿ ਚਲਣਹਾਰੁ ਹੈ । ਕਿਆ ਗਰਬੁ ਕੂੜਾਵੇ ਮਾਲ ਦਾ ।੩।

ਜਗਿ ਭੀਤਰਿ ਜਬ ਲਗਿ ਜੀਵੀਐ । ਰਸਨਾ ਰਸੁ ਅੰਮ੍ਰਿਤ ਪੀਵੀਐ
ਸੇਵਕ ਸਭਨੂੰ ਕੇ ਥੀਵੀਐ । ਜਾਚਕੁ ਪਗਿ ਸੰਤਿ ਰਵਾਲ ਦਾ ।੪।

ਰਸਨਾ ਰਸੁ ਰਾਮ ਸਮਾਰੀਐ । ਮਨਸਾ ਅਨਿ ਕਤਹੂੰ ਨ ਧਾਰੀਐ
ਤਨ ਮਨੁ ਧਨੁ ਗੁਰ ਪਹਿ ਵਾਰੀਐ । ਸਚੁ ਮਾਰਗੁ ਗੁਰ ਵੇਖਾਲਦਾ ।੫।

ਤੁਧੁ ਸਰਪਰਿ ਐਥਹੁ ਜਾਵਣਾ । ਕਰਿ ਅਵਗੁਣਿ ਫੇਰਿ ਪਛੁਤਾਵਣਾ
ਅਤੇ ਜੇਹਾ ਕਰਮੁ ਕਮਾਵਣਾ । ਤੇਵੇਹੋ ਸਾਥੀ ਨਾਲ ਦਾ ।੬।

ਜਬ ਜਾਗਿ ਸਵੇਰੇ ਸੋਇਆ । ਤੁਧੁ ਜਨਮੁ ਪਦਾਰਥ ਖੋਇਆ
ਚੇਤਿ ਅਚੇਤੁ ਕਿ ਤੁਧਨੋ ਹੋਇਆ । ਭਜ ਗੋਬਿੰਦ ਜਮ ਨੋ ਟਾਲਦਾ ।੭।

ਏਹਿ ਦੁਰਮਤਿ ਦੁਬਿਧਾ ਤਿਆਗੀਐ । ਮਿਲਿ ਸਾਧਾਂ ਦੀ ਸੰਗਤ ਜਾਗੀਐ
ਸਾਧੂਜਨ ਸਿਮਰਣੁ ਲਾਗੀਐ । ਤਜਿ ਧੰਧਾ ਕੂੜਿ ਜੰਜਾਲ ਦਾ । ੮ ।

ਗਾਉ ਲੀਲਾ ਦੀਨਿ ਦਇਆਲ ਦੀ
ਰਾਮ ਵਿਸਾਰੈ ਕਿਆ ਸੋਇਆ ਤੇਰੈ ਸਿਰ ਪਰਿ ਬਰਛੀ ਕਾਲ ਦੀ । ੧ । ਰਹਾਉ ।

ਇਕਨਾ ਥੋਂ ਭਗਤ ਕਰਾਂਇਦਾ । ਇਕਨਾਂ ਨੋ ਭਰਮੁ ਭੁਲਾਇਦਾ
ਤਿਤੁ ਲਾਗਹਿ ਜਿਤੁ ਜਿਤੁ ਲਾਇਦਾ । ਕੈਸੀ ਬ ਤਿ ਸਾਹਿਬ ਦੇ ਖਿਆਲ ਦੀ । ੧ ।

ਪ੍ਰਭੁ ਭਰਿਆਂ ਨੋ ਸਖਨੀਰ ਦਾ । ਜੇ ਭਾਵੈ ਤਾ ਫਿਰਿ ਵਡੀਰਦਾ
ਕਉਣ ਜਾਣੈ ਅੰਤੁ ਗੰਭੀਰ ਦਾ । ਕੁਛੁ ਸੂਧ ਨ ਊਭਿ ਪਇਆਲ ਦੀ

ਮੂੜ ਊਚੇ ਮਹਲ ਉਸਾਰਿਕੈ । ਮੂੜ ਬੈਠਾ ਮਰਣੁ ਵਿਸਾਰਿਕੈ
ਜਮੁ ਆਇਓ ਸੁ ਲੈਣਿ ਵੰਗਾਰਿਕੈ । ਚਹਿ ਚੜਿਆ ਕਰੜੇ ਕਾਲਿ ਦੀ । ੩ ।

ਬਿਨਿ ਸਿਮਰਣੁ ਅਵਧ ਜੋ ਬੀਤੀਐ । ਬਿਖੁ ਵੇਲੜੀਐ ਭਰਿ ਪੀਤੀਐ
ਜੇਹੀ ਜੇਹੀ ਕਰਣੀ ਕੀਤੀਐ । ਤੇਹੀ ਤੇਹੀ ਤਿਹਾਰੇ ਨਾਲ ਦੀ । ੪ ।

ਜੋ ਕਾਹੂ ਕੇ ਲੋਭਿ ਨ ਲੋਭਿਆ । ਖੜਿ ਖੂਭਣਿ ਕਿਨਹੂੰ ਨ ਖੋਭਿਆ
ਤ੍ਰਿਹੁੰ ਲੋਕਾਂ ਦੇ ਅੰਦਰਿ ਸੋਭਿਆ । ਜੋਤਿ ਜਗਮਗ ਜਗਮਗ ਭਾਲਿ ਦੀ । ੫ ।

ਪਰਿ ਨਾਰੀ ਦੇ ਬਾਣਿ ਨ ਬੇਧਿਆ । ਕਰਿ ਉਸਤਤਿ ਕੋਈ ਨ ਨਿਖੇਧਿਆ
ਸੋਈ ਬੈਕੁੰਠਿ ਸਿਧਾ ਸੋਧਿਆ ਤਜਿ ਤਾਤਿ ਬਿਗਾਨੇ ਮਾਲ ਦੀ । ੬ ।

ਘਟਿ ਪ੍ਰੇਮ ਭਗਤਿ ਪਰਗਾਸੀਐ । ਕ੍ਰੋਧ ਭਾਬੜ ਨਾਲੁ ਨ ਨਾਸੀਐ
ਫੇਰਿ ਫਾਹੀ ਮੂਲ ਨ ਫਾਸੀਐ । ਮੋਹਿ ਮਾਇਆ ਜੰਜਾਲ ਦੀ । ੭ ।

ਜਿਨ ਕੈ ਮਨਿ ਤੇ ਨਾਹੀ ਬੀਸਰੈ । ਰੋਮੁ ਰੋਮੁ ਰਮਈਆ ਨੀਸਰੈ
ਕਉਣ ਜਾਣੈ ਵਿਣੁ ਜਗਦੀਸੁਰੈ, ਬਿਧਿ ਸਾਧੂਜਨਿ ਦੇ ਹਾਲ ਦੀ । ੮ ।

ਦੇਖ ਲੀਲ੍ਹਾ ਰਾਮ ਸਮਾਲੀਐ,ਸੁਨਿ ਸਤਿਗੁਰ ਕਾ ਉਪਦੇਸ ਜੀ
ਖਿਨੁ ਏਕੁ ਨਿਮਖ ਨ ਬਿਸਾਰੀਐ ਮਨ ਤੇ ਮਿਟਿ ਜਾਇ ਕਲੇਸੁ ਜੀ । ੯ ।

ਜਿਨ ਸੁਣਿ ਸੁਣਿ ਸਤਿ ਕਰਿ ਮੰਨਿਆ ਤਿਨਾਂ ਅੰਦਰ ਹਰਿ ਪ੍ਰਵੇਸੁ ਜੀ
ਹੁਣਿ ਝੂਠੀ ਪ੍ਰੀਤਿ ਨ ਸਿਝੀਏ ਇਹ ਛੁਬਸਣਿ ਕੂੜੇ ਵੇਸੁ ਜੀ । ੧੦ ।
ਜਾ ਪੂਰਨੁ ਹੋਵਗੁ ਆਰਜਾ ਜਮ ਕੰਕਰੁ ਪਕੜਿ ਘੜੇਸਿ ਜੀ
ਉਥੇ ਬੋਲ ਨ ਸੈਸੇ ਸਾਧੂਨਾ ਤੁਨ੍ਹਾਂ ਬਾੜੇ ਸੋ ਕਰੇਸੁ ਜੀ । ੧੧ ।
ਮੈਂ ਪਾਪੀ ਬਹੁਤ ਜਨਮ ਕਾ ਤੁਮ ਪਤਿਤ ਪਾਵਨ ਬਖਸ਼ੇਸੁ ਜੀ
ਸਾਧੂਜਨ ਬਲਿਹਾਰਣੈ ਮੇਰਾ ਨਿਰਭਤੁ ਕੀਜੈ ਦੇਸ ਜੀ । ੧੨ ।

ਸਰਨਿ ਤੇਰੀ ਅਬਿਨਾਸੀ ਜੀ ਮੈਂ ਸਰਨਿ ਤੇਰੀ ਅਬਿਨਾਸੀ । ਰਹਾਉ ।
ਪੀਛੈ ਲਾਗਾ ਗੌਲ ਨ ਛਾਡੈ ਲਾਲਚਿ ਲੋਭਿ ਨਿਵਾਸੀ
ਤਾਂਤੇ ਰਾਖਿ ਲੀਜੈ ਦੁਖ ਭੰਜਨ ਸਾਹਿਬ ਸਭ ਸੁਖੁ ਰਾਸੀ । ੧ ।
ਬੇਦ ਪੁਰਾਨ ਪੁਕਾਰਨਿ ਸਾਖੀ ਦੇਵਨਿ ਝਿਰਕਾ ਝਾਸੀ
ਜਿਨਾਂ ਨਾਮੁ ਨ ਤੇਰਾ ਰਮਣਾ ਤਿਨਾ ਭ੍ਰਮਣਾ ਲਖ ਚਉਰਾਸੀ ।
ਤਾਗਾ ਤੂਟ ਨਿਹਾਰਾ ਹੂਆ ਲਾਗੀ ਉਤਰ ਸਾਸੀ
ਸਾਧੂਜਨ ਘਰਿ ਐਸੀ ਕ੍ਰਿਪਾ ਕਰਿ ਹੋਵੈ ਨਹੀ ਉਪਹਾਸੀ ।

ਸਤਿਗੁਰੂ ਸੁਖਦਾਈਆ ਜੀ ਸਤਿਗੁਰ ਸੁਖਦਾਈਆ
ਲੜਦਾ ਸਾਂ ਜੀ ਬੰਨੇ ਲਾਇਆ ਤੇਰੀ ਪੰਨ ਕਮਾਈਆ । ੧ । ਰਹਾਉ ।
ਕਪਟ ਕਰਨ ਦੀ ਬਾਨਿ ਮਿਟਾਈ, ਭਰਮਤੀ ਮਨਸਾ ਘਰਿ ਠਹਿਰਾਈ
ਤਿਨਾ ਕੋ ਅਵਰ ਨ ਬਿਆਨੇ ਕਾਈ, ਪਰੇ ਤੁਮਾਰੀ ਸਰਨਾਈਆ । ੧ ।
ਕਹੀਅਤ ਹੌਂ ਗੁਰ ਤੁਮਰਾ ਚੇਰਾ; ਰਾਖੋ ਚਰਨ ਕਮਲ ਕੇ ਨੇਰਾ
ਮਿਟਿ ਜਾਇ ਜਨਮ ਮਰਨ ਦਾ ਫੇਰਾ, ਏਹੁ ਅਰਦਾਸ ਸੁਣਾਈਆ । ੨ ।
ਮੈਂ ਜੈਸਾ ਕੋਈ ਪਾਪੀ ਨਾਹੀ, ਕੀਨੇ ਅਵਗੁਣ ਗਣੇ ਨ ਜਾਹੀ
ਬਖਸਹੁ ਤੋ ਪਤਿ ਸਿਉਂ ਘਰਿ ਜਾਈ, ਮੇਰੀ ਮੁਕਤਿ ਨੇੜੇ ਆਈਆ । ੩ ।
ਸਾਧਸੰਗਤਿ ਮਿਲ ਮਨੁ ਠਹਰਾਇਆ, ਤੁਮ ਤੇ ਯਹ ਗਤਿ ਪਾਈਆ । ੪ ।

ਸਾਧੂਜਨ ਕਰਨੀ ਕਾ ਸੂਰਾ, ਪਰਮੇਸ਼ੁਰ ਕੀ ਸਮਸਰਿ ਪੂਰਾ
ਕੀਤੋਸੁ ਅਪਨਾ ਦਾਸੁ ਹਜੂਰਾ, ਐਸੀ ਬਨਤਿ ਬਨਾਈਆ । ੫ ।
ਸਤਿਗੁਰ ਮੋਹਿ ਤਾਰੀਐ ਜੀ ਸਤਿਗੁਰ ਮੋਹਿ ਤਾਰੀਐ
ਮੈ ਪਾਪੀ ਸੁਣਿ ਪਤਿਤ ਉਧਾਰਣ ਸਾਹਿਬਾ ਬਿਰਦੁ ਸਮਾਰੀਐ । ੧ । ਰਹਾਉ ।

ਮੋਹ ਲਇਆ ਹਉ ਮੋਹਨੀ ਮਾਇਆ, ਜੋ ਘਟ ਵਰਤੇ ਸੋ ਆਖਿ ਸੁਣਾਇਆ
ਸਿਰ ਤੇ ਰਖ ਤੁਸਾੜਾ ਸਾਇਆ, ਦੁਲਭ ਜਨਮ ਸਵਾਰੀਐ । ੧ ।

ਟੇਢਾ ਮਨੂਆ ਸੀਧਾ ਮੋੜਉ, ਸਭ ਤੇ ਤੂਟੇ ਤੁਮ ਸਿਉਂ ਜੋੜਉ
ਹੁੰਦੀ ਆਈ ਹੈ ਜੀਅ ਤੋੜਊ, ਦਾਤੇ ਪਾਸ ਪੁਕਾਰੀਐ । ੨ ।

ਘੋਰਾ ਘਾਲ ਰਹੇ ਹੈ ਦਾਈ, ਇਨਤੇ ਛੂਟਨ ਤੁਮ ਸਰਨਾਈ
ਜਾਨ ਪ੍ਰਬੀਨ ਨਿਬੇਰਉ ਕਾਈ, ਅਬ ਕੀ ਬਾਰ ਉਬਾਰੀਐ । ੩ ।

ਨਿਰਮਲ ਨਾਮੁ ਦੇਵਹੁ ਨਿਸਤਾਰੇ, ਭੈ ਕੇ ਸਾਗਰ ਪਾਰ ਉਤਾਰੇ
ਨਿਪਟਿ ਅਨਾਥ ਤੁਮਾਰੇ ਦੁਆਰੇ, ਜਮ ਕਾ ਤ੍ਰਾਸ ਨਿਵਾਰੀਐਂ । ੪ ।

ਸਾਧੂਜਨ ਕਰਨੀ ਕਾ ਸੂਰਾ, ਪਰਮੇਸ਼ੁਰ ਕੀ ਸਮਸਰਿ ਪੂਰਾ
ਮਾਂਗੇ ਦਾਸ ਚਰਨ ਕੀ ਧੂਰਾ, ਐਸੀ ਕਰਨਾ ਧਾਰੀਐ
ਮਾਇਆ ਠਗਬਾਜ਼ੀ ਹੋਜੀ ਤੂੰ ਹਰਿ ਭਜੁ ਏਕੈ ਹੀ ਰੰਗੁ
ਖੋਟ ਕਪਟੁ ਕਰਿ ਸੰਜੀਆ ਤੇਰੇ ਅੰਤ ਨ ਚਾਲੈ ਸੰਗਿ । ੧ । ਰਹਾਉ ।

ਮੇਰਾ ਮੇਰਾ ਕਿਆ ਕਰਹਿ ਸੁਪਨੇ ਜਿਉ ਅਉਧ ਬਿਹਾਇ
ਦੇਖਦਿਆਂ ਛਲਿ ਜਾਸੀਆ ਹਰਿ ਚੇਤ ਬਿਲੰਬੁ ਨ ਲਾਇ । ੧ ।
ਦੇਖ ਕਿਆ ਹਸਹਿ ਆਰਸੀ, ਦੇਵੈਂ ਕਿਆ ਮੁਛਾਂ ਨੂੰ ਤਾਉ
ਅਚਰਜ ਤੇਰਾ ਜੀਵਣਾ ਜਗੁ ਜਿਵੇ ਵਿਰੋਲਾ ਵਾਉ

ਮਾਇਆ ਬਾਜੀ ਕੂੜ ਕੀ ਇਸ ਨਾਲ ਨ ਲਾਈਏ ਨੇਹੁ
ਕਿਚਰਕੁ ਤੇਰੀ ਤਰੀਐ ਜਿਉ ਤੁਟੇ ਛੱਪਰ ਮੇਹੁ । ੩ ।

ਜਿਉ ਪੁਰਾਨਾ ਨਾਉ ਦਾ ਆਇ ਇਕਠਾ ਹੋਆ ਸੰਜੋਗੁ
ਕੰਢੀਂ ਨੇੜੇ ਆਈਆ ਤਾ ਉਜੜਿਆ ਸਭ ਲੋਗੁ । ੪ ।

ਜਿਉਂ ਕਰਿ ਦਾਣੇ ਅੰਨ ਦੇ ਇਕਠੀ ਕਰ ਬਾਧੀ ਪੰਡ
ਖੁਲਾ ਬੰਧਨ ਪੰਡ ਕਾ ਤਬ ਹੋਇ ਗਈ ਖੰਡ ਖੰਡ ।

ਜਿਉਂ ਪੰਖੇਰੂ ਰੁਖ ਤੇ ਆਇ ਇਕਠੇ ਬੈਠੇ ਰਾਤਿ
ਭੋਰੁ ਭਈ ਤਬ ਉਡਰੇ ਕੋਈ ਕਹੂੰ ਕੇ ਸੰਗ ਨ ਜਾਤਿ । ੬ ।

ਪੰਡਿਤ ਗਿਆਨੀ ਬਹੁ ਗੁਣੀ ਕਰਤੇ ਮਨ ਬਹੁਤੁ ਬਿਚਾਰਿ
ਅੰਤ ਨ ਪਾਈਏ ਰਾਮ ਦਾ ਬਿਸਮੇ ਹੋਇ ਬੈਠੇ ਹਾਰਿ । ੭ ।

ਸਿਧ ਸਾਧਕ ਜੋਗੀਸਰਾਂ ਮੁਨਿ ਜਨ ਦਾਨੋ ਦੇਵ
ਓੜਕ ਸਭਨਾ ਚਲਨਾ ਕਰਿ ਸਚੇ ਸਤਿਗੁਰ ਸੇਵ । ੮ ।

ਇਨ ਮਾਇਆ ਜਗੁ ਮੋਹਿਆ ਭਰਮੁ ਠਗਉਰੀ ਪਾਇ
ਸਾਧੂ ਜਨ ਤੇ ਉਬਰੇ ਪੈ ਸਤਿਗੁਰ ਕੀ ਸਰਨਾਇ । ੯ ।

ਸਿਮਰ ਮਨਿ ਨਾਮੁ ਹਰੀ, ਸਦਾ ਸੁਖ ਪਾਵੈ ਵੇ ਭਾਈ
ਅਮਰੁ ਪਦੁ ਪਾਇ ਕਰੇ ਫਿਰ ਜੂਨ ਨ ਆਵੈ ਵੇ ਭਾਈ
ਹਰਿ ਬਿਨੁ ਫਿਰ ਪਛਤਾਵੇਗਾ ਮਨ ਭੁਲੜਿਆ । ੧ । ਰਹਾਉ ।

ਜੇਤੇ ਹਰਿ ਬਿਨੁ ਹਥ ਮਰੋੜ ਪਛੋੜੇ ਮਖੀ ਵੇ ਭਾਈ
ਇਹੁ ਮੂਰਤਿ ਮਾਨਸ ਦੀ ਅਮੁਲਾ ਮੋਤੀ ਵੇ ਭਾਈ

ਤੂ ਆਬ ਉਤਾਰ ਨਾਹੀ ਏਹ ਵਤ ਨਾ ਹੋਤੀ ਵੇ ਭਾਈ
ਹਰਿ ਬਿਨੁ ਫਿਰ ਪਛਤਾਵੇਂਗਾ ਮਨਿ ਭੁਲੜਿਆ
ਸਤਿਗੁਰ ਕੀ ਸਿਖ ਜੀਏ ਵਿਚ ਰਖੀਂ ਵੇ ਭਾਈ ੨ ।

ਮਾਇਆ ਮਦ ਮੋਹੜਿਆ ਤੁਧੁ ਪਾਪ ਕਮਤੇ ਵੇ ਭਾਈ
ਕੀ ਸਤਿਗੁਰ ਵਿਸਰਿਓ ਆਈਆ ਦੁਰਮਤੇ ਵੇ ਭਾਈ

ਹਰਿ ਬਿਨੁ ਫਿਰ ਪਛਤਾਵੇਂਗਾ ਮਨ ਭੁਲੜਿਆ
ਤੂ ਮੁਠ ਦੇਖ ਦਾਰੂ ਚੀਆ ਅਖੀਂ ਵੇ ਭਾਈ ।੩।

ਏਹੁ ਖੰਡ ਪਲੇਟਿਅੜੇ ਵਿਸੁ ਦੇ ਗੰਡੇ ਵੇ ਭਾਈ
ਜ ਲੇ ਇਤ ਅਗੜੀਏ ਫਿਰ ਹੋਣ ਨ ਠੰਢੇ ਵੇ ਭਾਈ

ਹਰਿ ਬਿਨੁ ਫਿਰ ਪਛਤਾਵਹਿ ਮਨ ਭੁਲੜਿਆ
ਇਹ ਮਹੁਰਾ ਵਤ ਨ ਮੂਲੇ ਚਖੀਂ ਵੇ ਭਾਈ ।੪।

ਜੇਹਾ ਬੀਜੁ ਬੀਜਿਅੜਾ ਤੇਹਾ ਫਲ ਲੇਸੀ ਵੇ ਭਾਈ
ਤੇਰਾ ਓੜਕ ਆਇਅੜਾ ਏਵੈਂ ਉਠਿ ਵੈਸੀ ਵੇ ਭਾਈ ।

ਹਰਿ ਬਿਨੁ ਫਿਰ ਪਛਤਾਵੇਂਗਾ ਮਨੁ ਭੁਲੜਿਆ
ਤੂੰ ਹਥੁ ਨ ਘਤੁ ਕੂੜਾਵੀ ਕੱਖੀਂ ਵੇ ਭਾਈ ।੫।

ਸੁਰਤਿ ਲਹੁ ਸੁਤੜਿਆ ਸਾਧੂਜਨ ਕਹਿਆ ਵੇ ਭਾਈ
ਜੋ ਇਤ ਜਗ ਆਇੜਆ ਸੋ ਕੋਇ ਨ ਰਹਿਆ ਵੇ ਭਾਈ ।

ਹਰਿ ਬਿਨ ਫਿਰ ਪਛਤਾਵੇਂਗਾ ਮਨ ਭੁਲੜਿਆ
ਇਹ ਅਉਸੁਰ ਵਤ ਨ ਆਵੀਂਗਾ ਲਖੀਂ ਵੇ ਭਾਈ ।੬।

ਗਉੜੀ ਮਾਝ ਛੰਤ

ਕਵਣੁ ਜੁ ਵਿਹਾਜਿਓ ਧਿੰਗਣ ਵਾਹੇ ਤੋਟਾ ਵੇ ਭਾਈ
ਨਦੀ ਦੇ ਕਿਨਾਰੜੇ ਕੀਤੇ ਕੱਚਕੋਟਾ ਵੇ ਭਾਈ
ਨਦੀ ਦੇ ਕਿਨਾਰੇ ਕੋਟ ਸਵਾਰੇ ਜਿਉਂ ਬਾਲਕ ਲੈ ਬਾਲੂਆ
ਓੜਕ ਢਹਿ ਢੁਹਿ ਉਜੜਿ ਜਾਂਸੀ ਰੈਣ ਜਿਵਾਹੇ ਝਾਲੂਆ

ਲਾਹੇ ਕਾਰਣ ਇਤ ਜਗ ਆਇਆ ਕੀਤੋ ਕਪਟ ਪਸਾਰਾ
ਸਾਧੂਜਨ ਜਗਿ ਝੂਠ ਤਮਾਸਾ ਲਦ ਚਲਿਆ ਵਣਜਾਰਾ । ੧ ।

ਤੇਰੀ ਰੈਣਿ ਵਿਹਾਣੀਆ ਤੂੰ ਜਾਗ ਸੁਜਾਣਾ ਵੇ ਸੁਜਾਣਾ
ਤੂੰ ਸੰਮਲੁ ਸੋਧੁ ਨੀਚ ਜਿਥੇ ਤੈਂ ਜਾਣਾ ਵੇ ਜਾਣਾ
ਜਿਥੇ ਤੈਂ ਜਾਣਾ ਖਸਮ ਸਤ੍ਹਾਣਾ ਲੇਖਾ ਲੇਵਣਹਾਰਾ
ਸਚ ਨਿਬੇਰਾ ਹੋਵੀ ਤੇਰਾ ਉਸ ਸਚੇ ਦੇ ਦਰਬਾਰਾ
ਤੇਹੋ ਜੇਹਾ ਲੇਖਾ ਲਈਐ ਜੇਹਾ ਜਗਤਿ ਕਮਾਣਾ
ਸਾਧੂਜਨ ਜਗ ਝੂਠ ਤਮਾਸਾ ਹਰਿ ਜਪਿ ਜਾਗੁ ਸੁਜਾਣਾ । ੨ ।

ਮਾਇਆ ਮਦ ਮੋਹਿਆ ਨ ਜਾਗੇ ਸੁਤਾ ਵੇ ਭਾਈ
ਰਾਮ ਨ ਚੇਤਿਓ ਫਿਰ ਅੰਤ ਵਿਗੁਤਾ ਵੇ ਭਾਈ
ਅੰਤ ਵਿਗੁਤਾ ਜਾਗਿ ਨ ਸੁਤਾ ਜਾ ਸਭਿ ਰੈਣਿ ਵਿਹਾਣੀਆ
ਓੜਕ ਆਇਆ ਪਕੜਿ ਚਲਾਇਆ ਫਿਰ ਪਛੁਤਾਇਆ ਪ੍ਰਾਣੀਆ
ਜੂਨਿ ਅਨੇਕ ਭਰਮਾਈਐ ਫਿਰ ਫਿਰ ਕੀਚੈ ਕਾਗੀ ਕੁਤਾ
ਸਾਧੂਜਨ ਜਗ ਝੂਠ ਤਮਾਸਾ ਗਾਫਲ ਅੰਤ ਵਿਗੁਤਾ । ੩ ।

ਸਦਾ ਨਹੀ ਜੀਵਣਾ ਤੁਧੁ ਓੜਕ ਜਾਣਾ ਵੇ ਜਾਣਾ
ਮਮਤਾ ਤਾਈਂ ਮੇਟੀਐ ਨ ਕੀਚੈ ਮਾਣਾ ਵੇ ਮਾਣਾ
ਕੂੜਾ ਮਾਣਾ ਕਰੇ ਇਆਣਾ ਜਾਣਾ ਮੁਹਲਤ ਪੁੰਨਿਆ
ਜਿਨ੍ਹਾਂ ਦੇ ਨਾਲਿ ਮਜਾਲਸ ਤੇਰੀ ਓੜਕ ਸਭ ਵਿਛੁੰਨਿਆ
ਜਗੁ ਵਣਜਾਰਾ ਚਲਣਹਾਰਾ ਸੰਮਲ ਸੁਰਤਿ ਸੁਜਾਣਾ
ਸਾਧੂਜਨ ਜਗ ਝੂਠ ਤਮਾਸ਼ਾ, ਆਇਆ ਹੈ ਤਿਸ ਜਾਣਾ । ੪ ।

ਹਰਿ ਜਪਿ ਜਿੰਦੜੀਏ ਜੋ ਕੁਝ ਵਰਸਾਂਦਾ ਹੀ
ਤੂੰ ਢਿਲ ਨ ਲਾਇ ਜਿੰਦੂ ਤੇਰਾ ਅਉਸਰ ਜਾਂਦਾ ਹੀ

ਤੂੰ ਭੂਲ ਨ ਜਾਹਿ ਜਿੰਦੇ ਕਲਜੁਗ ਭਰਮਾਂਦਾ ਹੀ
ਤੂੰ ਸਚੁ ਵਿਚਾਰ ਜਿੰਦੇ ਸਤਿਗੁਰ ਸਮਝਾਂਦਾ ਹੀ
ਅਉਸਰ ਵਤਿ ਨ ਪਾਈਐ ਮੇਰੀ ਜਿੰਦੁੜੀਏ
ਜਮ ਹਰਿ ਬਿਨ ਬੰਨਿ ਚਲਾਂਦਾ ਹੀ ।੧।

ਸਦਾ ਨਹੀ ਜੀਵਣਾ ਤੁਧੁ ਸਰਪਰ ਮਰਣਾ ਜਿੰਦੇ
ਤੂੰ ਕਰਲੈ ਜਿੰਦੜੀਏ ਤੈਂ ਜੋ ਕਿਛ ਕਰਨਾ ਜਿੰਦੇ
ਬਿਨ ਸੇਵਾ ਸਾਧੂ ਦੀ ਤੂੰ ਜੂੰਨੀ ਪੜਨਾ ਜਿੰਦੇ
ਹਰਿ ਨਾਮ ਜਹਾਜ ਬਨਾਉ ਭੈਜਲੁ ਤਰਨਾ ਜਿੰਦੇ
ਜੇਹੇ ਕਰਮੁ ਕਮਾਵਹੀ ਮੇਰੀ ਜਿੰਦੜੀਏ
ਜਮ ਡੰਡੁ ਤਿਵੇਹੋ ਭਰਨਾ ਜਿੰਦੇ ।੨।

ਮਾਇਆ ਮਨਮੋਹਣੀ ਕਪਟ ਕੀ ਰਾਸੀ ਹੈ
ਜਿਨ੍ਹਾ ਦਾ ਸੁਧੁ ਗਿਆ ਇਹ ਤਿਨਾਂ ਦੀ ਦਾਸੀ ਹੈ
ਸਭੋ ਜਗੁ ਝੂਠਿ ਰਤਾ, ਕੋਈ ਪੁਰਖੁ ਉਦਾਸੀ ਹੈ
ਸੋਈ ਜਨਮੁ ਸਵਾਰਿ ਚਲੇ ਗੁਰਮਤਿ ਪ੍ਰਗਾਸੀ ਹੈ।
ਸੰਗਿ ਤਿਨਾਂ ਦੇ ਉਧਰੀਏ ਮੇਰੀ ਜਿੰਦੜੀਏ
ਜੋ ਸਤਿਗੁਰ ਕਾ ਵਿਸਵਾਸੀ ਹੈ ।੩।

ਸੋਈ ਜਨੁ ਧੰਨੁ ਸਦਾ ਜੋ ਹਰਿ ਜਸਿ ਗਾਵਹੀ
ਸਗਲ ਕੀ ਸੇਵ ਕਰੇ ਹਰਿ ਭਗਤਿ ਕਮਾਵਹੀ
ਓਸ ਸਚ ਸਮਾਧਿ ਲਗੀ ਪਰਪੰਚ ਮਿਟਾਵਹੀ
ਓਹੁ ਬਹੁਰਿ ਨ ਜੂਨੀ ਭਰਮੈ ਅਮਰਾਪਦੁ ਪਾਵਹੀ
ਸਾਧੂਜਨ ਤਿਹ ਉਧਰੇ ਮੇਰੀ ਜਿੰਦੜੀਏ
ਬਲਿਹਾਰ ਸਦਾ ਬਲਿ ਜਾਵਹੀ ।੪।

ਗਉੜੀ ਬੈਰਾਗਣਿ

ਤੇਰਾ ਅਉਸਰ ਜਾਂਦੜੇ ਜਾਇ ਮਹਿੰਡੜੇ ਭਾਇਰਾ ਵੇ
ਹਰੀ ਚਿਤ ਚੇਤ ਖਿਲਮ ਨ ਲਾਉ
ਧੰਧਲ ਜੀਉ ਨ ਪਤਣਾ, ਜਗ ਆਵਣ ਜਾਣ ਸੁਭਾਉ । ੧ । ਰਹਾਉ ।

ਡਿੰਗੜੀ ਪਗ ਦੁਮਾਲੜੇ ਕਢਨਿ, ਅੰਗ ਚਲੰਦੜੇ ਮੋੜਿ
ਜੋਬਨ ਦੇ ਮਦ ਮਾਤੜੇ ਵਤਣ ਵੈਂਦੜੇ ਨੀ ਵਖਰ ਥੋੜਿ । ੧ ।

ਜਿਨ੍ਹਾਂ ਨੂੰ ਦੇਖਿ ਸਰਮੇ ਥੀਂਦੇ, ਪੀਂਦੇ ਪਾਣੀ ਵਾਰਿ
ਦੁਖ ਤਿਨ੍ਹਾਂਦੜੇ ਰੋਂਦੜੇ ਡਿਠੇ, ਲੰਮੜੀ ਰੋਰ ਪੁਕਾਰਿ । ੨ ।

ਜਨਮ ਕੁਪਤੜੇ ਜਾਣਿ ਅਵਤੇ, ਜੀਵਣ ਸੰਦੜੇ ਚਾਇ
ਖਾਕੂ ਦੇ ਨਾਲਿ ਗਡੇਂਦੜੇ ਡਿਠੇ, ਲਡੜੇ ਹੂਅ ਹਵਾਇ । ੩ ।

ਲਾਲਚ ਲਗੜੇ ਲਛਮੀ ਠਗੇ, ਲੋੜਨਿ ਲਖ ਕ੍ਰੋੜਿ
ਨੰਗ ਭੜੰਗ ਸਿਧਾਂਦੜੇ ਡਿਠੇ, ਧੋੜ ਨਿਮਾਣੀ ਨੂ ਛੋੜਿ । ੪ ।

ਨਾਰਿ ਪਰਾਈ ਦੇ ਨੇੜ ਨ ਆਵਣ, ਨਸਿ ਖਲੋਤੇ ਦੂਰਿ
ਤਿਨ੍ਹਾਂ ਨੂੰ ਤੁਠਾ ਆਪਿ ਨਿਰੰਜਨ, ਅੱਠੜੇ ਪਹਿਰ ਹਜੂਰਿ । ੫ ।

ਸਾਧ ਸੁਖਾਲੜੇ ਆਸਨ ਬੈਠੇ, ਛਡਿ ਪਰਾਈ ਤਾਤਿ
ਤਿਨ੍ਹਾਂ ਨੇ ਕੀਤੀ ਹੈ ਆਪਿ ਕਰਤੇ, ਸੁਖੜਾ ਸੰਦੀ ਦਾਤਿ । ੬ ।

ਚੰਦ ਤਿਰੰਗੜੇ ਉਖੜਿ ਚਲੇ, ਬੱਗੜੇ ਥੀਏ ਨੀ ਵਾਲ
ਓੜਕ ਤੇਰਾ ਆਵਣਿ ਲਾਗਾ, ਤੂ ਦੀਨ ਦਯਾਲ ਸੰਮਾਲ । ੭ ।

ਹੈਵਰ ਗੈਵਰ ਪਾਖਰੀ ਪੀੜੇ ਬੱਧੇ ਨੀ ਬੰਕ ਦੁਆਰ
ਉਚੜੇ ਮਹਲ ਉਸਾਰਿ ਵਿਗੁਤੇ, ਕੀਤੀਆ ਕੂਲ ਵਿਗਾਰੂ । ੮ ।

ਫਿਠੜੀ ਗੱਲ ਅਫਿੱਠ ਕਰੇਂਦੇ, ਬੋਲਣ ਮਿਠੜੇ ਬੈਣ
ਤਿਨ੍ਹਾਂ ਨੂੰ ਦੇਖਿ ਦੁਰਮਤਿ ਵੈਂਦੀ, ਜਿਉਂ ਰਵਿ ਡਿਠਿਆਂ ਰੈਣ । ੯ ।

ਵੈਂਦੜੇ ਜੋਬਨ ਇਕ ਸਨੇਹਾ, ਵਿਰਾਸੁ ਵੈਣ ਅਲਾਇ
ਉਡੜੇ ਭੰਬੜੇ ਭਉਰ ਵਿਚਾਰੇ, ਬਗ ਬਹਿਣੜੇ ਆਇ । ੧੦ ।

ਸੀਲ ਸੁਧਰਮ ਦੀ ਤੇੜ ਲੰਗੋਟੀ, ਬੰਨਿ੍ ਸਤਾਣੀ ਕਸਿ
ਸਤਿਗੁਰ ਦੇ ਪ੍ਰਸਾਦਿ ਸਾਧੂਜਨ, ਆਤਮੇ ਨੋ ਕਰਿ ਵਸਿ । ੧੧ ।

ਲਾਹਾ ਲੈਵਣ ਕਾਰਨੇ ਭਾਈ ਵੇ ਆਇਆ ਇਤੁ ਸੰਸਾਰ
ਹਡਾਂ ਦੇ ਵਿਚ ਪ੍ਰਾਹੁਣਾ ਭਾਈ ਵੇ ਗੋਇਲੜਾ ਦਿਨ ਚਾਰ

ਮੂਲ ਗਵਾਇਨ ਗਾਫਲਾ ਭਾਈ ਵੇ ਮਾਇਆ ਦੀ ਵੇਗਾਰ
ਸੰਮਲ ਸੁਰਤਿ ਸੰਮਲ ਤੂੰ ਵੇ ਵਪਾਰੀਆ ਜੂਏ ਜਨਮ ਨ ਹਾਰ। ੧ ।

ਤੇਰਾ ਸਾਥ ਲਡੀਂਦਾਈ, ਤੇਰਾ ਪੂਰ ਭਰੀਂਦਾਈ
ਪਾਸੋਂ ਪਕੜ ਖੜੀਂਦਾਈ, ਤੈਨੂੰ ਜਗਤੁ ਹਿਸੀਂਦਾਈ
ਸਭੋ ਲੋਕ ਠਗੀ ਦਾਈ, ਕੋਈ ਸਾਧੂ ਬਚੀਂਦਾਈ
ਜਾਂ ਸੇਵ ਕਰੀਂਦਾਈ, ਤਾਂ ਸਦੂ ਸਦੀਦਾ ਈ

ਨਿਰਬਾਣ ਰਹੀਂਦਾਈ, ਤਾਂ ਤਖਤ ਬਹੀਂਦਾ ਈ
ਜਾਂ ਗਰਬ ਕਰੀਂਦਾਈ, ਤਾਂ ਸਟ ਘਤੀਂਦਾਈ
ਮਨਾ ਵਪਾਰੀਆਂ ਸਉਦਾ ਸਮਝ ਕਰੈ

ਬਹੁਤ ਗਵਾਇ ਗਏ ਵਣਜਾਰੇ ਕਲਜੁਗ ਕਪਟ ਪਸਾਰੀਆ
ਮਨ ਸਉਦਾਗਰਾ, ਹਰਿ ਭਜੁ ਆਗਰਾ । ੧ । ਰਹਾਉ ।

ਕਪੜ ਰੂਪ ਸੁਹਾਵਣਾ ਭਾਈ ਵੇ ਵੇਖਦੇ ਬਿਗਸਾਇ
ਪਖਾਂ ਦੇ ਪਰਣੈ ਚਲਦਾ ਜੀਵਣ ਸੰਦੜੇ ਚਾਇ ।

ਮੂਰਖ ਸੋਝੀ ਨ ਪਵੈ ਗਲੀ ਸੁ ਅਵਧ ਬਿਹਾਇ ।
ਕੱਖਾਂ ਕੇਰੀ ਝੌਂਪੜੀ ਸੁਤਾ ਅੱਗ ਲਗਾਇ । ੧ ।

ਊਚੇ ਮਹਿਲ ਉਸਾਰ ਕੈ ਭਾਈ ਵੇ ਬੈਠਾ ਮਰਨ ਵਿਸਾਰ
ਭੂਲਾ ਮਾਇਆ ਦੇਖਕੇ ਭਾਈ ਵੇ ਕੀਤੋ ਸੁ ਗਰਬ ਗਵਾਰ
ਮਾਇਆ ਲਾਲਚਿ ਲਗਿਆ ਨ ਉਰਵਾਰ ਨਾ ਪਾਰ
ਰਾਮ ਜਹਾਜ ਨ ਚੇਤਿਓ ਵੇ ਡੁਬੈ ਅਧ ਵਿਚਕਾਰ । ੨ ।

ਸੀਲ ਸੁ ਧਰਮ ਗਵਾਇ ਕੈ ਭਾਈ ਵੇ ਕਰਮ ਕਮਾਵਣ ਹੋਰੁ
ਮੁਹ ਕਾਲੇ ਤਿਨ ਮਾਣਸਾ ਭਾਈ ਵੇ ਦੀਨ ਦੁਨੀ ਦੇ ਚੋਰੁ
ਖੜੇ ਉਡੀਕਣ ਤਿਨਾ ਨੂੰ ਥੰਮ ਤਪੇਦੜੇ ਜ਼ੋਰ
ਤਿਨਾਂ ਦੇ ਨਾਲ ਚਮੋੜੀਅਹਿ ਕਾਮੀ ਕੁਟਲ ਕਠੋਰ । ੩ ।

ਜੋ ਨਰ ਨਿੰਦਕੁ ਸਾਧ ਦਾ ਭਾਈ ਵੇ ਸੁ ਮੂਰਖ ਮਤਿ ਹੀਨ
ਆਪ ਕਰੇ ਬੁਰਿਆਈਆਂ ਭਾਈ ਵੇ ਇੰਦ੍ਰੀ ਕਾ ਅਧੀਨੁ
ਤੜਫ ਤਿਉਂ ਸਹਿਕਾਈਐ ਜਿਉਂ ਜਲ ਬਾਝਹੁ ਮੀਨੁ
ਨਰਕਾਂ ਦੇ ਵਿਚ ਰਖਾਈਐ ਵੇ ਨ ਤਿਸ ਦੁਨੀ ਨ ਦੀਨ । ੪ ।

ਜੇਹਾ ਬੀਜੈ ਸੋ ਲੁਣੇ ਭਾਈ ਵੇ ਜੋ ਆਇਆ ਸੋ ਜਾਇ
ਵਾਰੀ ਆਈ ਆਪਣੀ ਭਾਈ ਵੇ ਰਹੇ ਨ ਰਾਣਾ ਰਾਇ
ਅਗੈ ਲੇਖਾ ਮੰਗੀਐ ਭਾਈ ਮਿਲੇ ਸਜਾਇ
ਤਿਨਾਂ ਦੇ ਮੁਹਿ ਉਜਲੇ ਵੇ ਜੋ ਚਲੇ ਸਚੁ ਕਮਾਇ । ੫ ।

ਮਿਠਾ ਬੋਲਣ ਨਿਵ ਚਲਣ ਆਏ ਤੇ ਪਰਵਾਣੁ
ਹੋਦੇ ਤਾਣ ਨਿਤਾਣੜੇ ਧੰਨ ਤਿਨ੍ਹਾਂ ਦਾ ਤਾਣ

ਵਸੇ ਵਿਚ ਜਹਾਨ ਦੇ ਭਾਈ ਵੇ ਤਿਨਾਂ ਦਾ ਨੀਸਾਣੁ
ਵਿਰਲੇ ਕੋਈ ਭਾਲੀਅਨ ਵੇ ਸਦਾ ਰਹਿਣੁ ਨਿਰਬਾਣ । ੬ ।

ਜਿਉਂ ਪਯਾਣੂ ਪੰਧ ਸਿਰ ਭਾਈ ਵੇ ਰਹਿਨ ਸਰਾਂਈ ਰਾਤ
ਮਾਰਗ ਆਪੋ ਆਪਣੇ ਭਾਈ ਵੇ ਚਲਨਗੇ ਪ੍ਰਭਾਤ
ਛਾਈਮਾਈਂ ਹੋਣਗੇ ਭਾਈ ਵੇ ਫਿਰ ਨ ਦਿਸਦੇ ਵਾਤ
ਵਿਛੜੇ ਮੇਲਾ ਨ ਥੀਵੈ ਟੂਟੇ ਤਰਵਰ ਪਾਤ । ੭ ।

ਜਿਨਾ ਨੌ ਮਤਿ ਨ ਆਪਣੀ ਭਾਈ ਵੇ ਲਾਈ ਨ ਲਗੰਨਿ
ਪਾਸ ਤਿਨ੍ਹਾਂ ਕਿਉਂ ਬੈਠੀਐ ਭਾਈ ਵੇ ਮੰਦੜੇ ਕਰਮ ਕਰੰਨਿ
ਖਾਕ ਵਿਹਾਜੀ ਗਾਫਲਾਂ ਭਾਈ ਵੇ ਮਾਣਕ ਸਟ ਘਤੰਨਿ
ਸਚੀ ਭਗਤਿ ਵਿਸਾਰ ਕੇ ਵੇ ਸਭ ਕੂੜਾ ਧੰਧੁ ਪਿਟੰਨਿ । ੮ ।

ਹਰ ਚੰਦਉਰੀ ਸੋਹਣੀ ਭਾਈ ਵੇ ਦਿਸੇ ਵਿਚ ਉਜਾੜ
ਦੇਖਦਿਆਂ ਹੀ ਉਜੜੀ ਭਾਈ ਵੇ ਕੂੜ ਕੁੜਾਵੀ ਰਾੜ
ਪਾਸਹੁ ਚਲੇ ਕੂਚ ਕਰ ਅੱਖੀਂ ਦੇਖ ਉਧਾੜ
ਸਰਪਰ ਇਥੋਂ ਜਾਵਣਾ ਵੇ ਹੋਵੇਗੀ ਹਟਤਾੜ । ੯ ।

ਜਿਨਾਂ ਸਚ ਵਿਹਾਝਿਆ ਭਾਈ ਵੇ ਭਲੀ ਤਿਨਾਂ ਦੀ ਸੋਇ
ਖੇਪੁ ਨਿਬਾਹੂ ਲਦਿ ਕਰ ਲਾਹਾ ਲੈਸਨ ਓਇ
ਚੜਿ ਚਲੇ ਸੁਖ ਵਾਸਨੀ ਧੰਨੁ ਧੰਨੁ ਕਹੈ ਸਭ ਕੋਇ
ਜਾਇ ਮਿਲੇ ਪ੍ਰਭੁ ਆਪਣੇ ਠਾਂਢੇ ਸਨਮੁਖ ਹੋਇ। ੧੦ ।

ਸੁਣਿਅਹੁ ਲੋਕੋ ਧਿਆਨ ਧਰ ਸਾਧੂ ਦਾ ਵੀਚਾਰ
ਜੇ ਸਉ ਵਰ੍ਹਿਆਂ ਜੀਵਣਾ ਭਾਈ ਵੇ ਭੀ ਤਿਨ ਹੋਸੀ ਛਾਰ

ਅਗੋ ਸਾਹਿਬ ਹੈ ਖੜਾ ਲੇਖਾ ਲੇਵਣਹਾਰੁ
ਸਾਧੂਜਨ ਨ ਵਿਸਾਰੀਐ ਕਰਣਾਨਿਧਿ ਕਰਤਾਰ ।੧੧।

ਗਉੜੀ

ਗਰੀਬਾਂ ਦਾ ਸਤਿਗੁਰ ਵਾਲੀ ਜੀ ।੧।
ਸਿਕ ਸਿਕੰਦਿਆਂ ਸਤਿਗੁਰ ਲੱਧਾ, ਜੈਂਦੀ ਸੂਧ ਹੀਆਲੀ
ਸਬਦ ਗੁਰੂ ਦਾ ਜਪੁ ਜਪੁ ਜੀਵਾਂ ਜੀਭੁ ਕਰੀ ਜਪਮਾਲੀ
ਸਬਦ ਗੁਰੂ ਦੇ ਚਾਨਣ ਕੀਤਾ ਜਿਉਂ ਅੰਧਿਆਰੇ ਦੀਵੇ
ਆਪਿ ਨਿਵਾਰ ਰਹੇ ਹੋਇ ਨਿਰਮਲ ਸਭੁ ਜਗੁ ਸਾਧਿ ਹਿਸੀਵੇ
ਸਾਬਣ ਧੋ ਜੈਸੇ ਮੈਲਾ ਕਪੜਾ ਮਿਲਿਆ ਹਾਛਾ ਹੋਇਆ
... ... ।
ਹਰਫੁ ਰਬਾਣੀ ਆਖ ਸੁਣਾਇਆ ਸਾਧੂ ਭਗਤ ਰਮਾਣੇ
ਇਸ਼ਕ ਸਾਧੂ ਦਾ ਕਾਮਲ ਹੋਇਆ ਲਗਾ ਨਾਲਿ ਸਚਾਣੇ
ਜੋ ਕਛੁ ਹੋਇ ਹਕੀਕਤ ਮਨ ਕੀ ਮੇਰਾ ਸਾਹਿਬ ਸਭੁ ਬਿਧਿ ਜਾਣੇ ।

ਮੈਂ ਬਲਿਹਾਰ ।

ਮੈਂ ਬਲਿਹਾਰ ਗੁਰੂ ਦੀ ਪਗੜੀ ਤੋਂ, ਤੇਰੀ ਪਗੜੀ ਹਰਿ ਲਿਵ ਲਗੜੀ ਤੋਂ
ਬਲਿਹਾਰ ਗੁਰੂ ਦਿਆਂ ਕੇਸਾਂ ਤੋਂ, ਤੇਰੇ ਕੇਸਾਂ ਸਚੁ ਉਪਦੇਸ਼ਾਂ ਤੋਂ
ਬਲਿਹਾਰ ਗੁਰੂ ਦੇ ਮਥੇ ਤੋਂ, ਤੇਰੇ ਮਥੇ ਹਰਿ ਰੰਗ ਰਤੇ ਤੋਂ

ਬਲਿਹਾਰ ਗੁਰੂ ਦੇ ਟਿਕੇ ਤੋਂ, ਸਤਿਗੁਰ ਦੇ ਸਾਏ ਸਿਕੇ ਸੇਂ
ਬਲਿਹਾਰ ਟਿਕੇ ਦੇ ਕੇਸਰ ਤੋਂ, ਤੇਰੀ ਪ੍ਰੀਤਿ ਬਨੀ ਪਰਮੇਸਰੁ ਸੇਂ
ਬਲਿਹਾਰ ਗੁਰੂ ਦਿਆਂ ਭਰਵਟਿਆਂ ਤੋਂ, ਭਰਵਟਿਆਂ ਨੂਰ ਪਲਟਿਆਂ ਤੋਂ
ਬਲਿਹਾਰ ਗੁਰੂ ਦੇ ਨੱਕੇ ਤੋਂ, ਤੇਰੇ ਨਿਕੇ ਨੂਰ ਭਮੱਕੇ ਤੋਂ
ਬਲਿਹਾਰ ਗੁਰੂ ਦੀਆਂ ਨਾਸਾਂ ਤੋਂ, ਰਸ ਅੰਮ੍ਰਿਤ ਭਿਨੜੇ ਸੁਆਸਾਂ ਤੋਂ

ਤੇਰੀਆਂ ਮੁੱਛਾਂ ਸੁੰਦਰ ਸੋਹਣੀਆਂ, ਤੇਰੇ ਸੰਤਾਂ ਦਾ ਮਨ ਮੋਹਣੀਆਂ
ਬਲਿਹਾਰ ਗੁਰੂ ਦੇ ਸ੍ਰਵਣਾਂ ਤੋਂ, ਤੇਰਿਆਂ ਸ੍ਰਵਣਾਂ ਹਰਿ ਜਸੁ ਰਵਣਾਂ ਤੋਂ
ਬਲਿਹਾਰ ਗੁਰੂ ਦੇ ਮੁਖੜੇ ਤੋਂ, ਤੇਰੇ ਮੁਖੜੇ ਹਰਿ ਰੰਗ ਸੁਖੜੇ ਤੋਂ
ਬਲਿਹਾਰ ਗੁਰੂ ਦਿਆਂ ਅਧਰਾਂ ਤੋਂ, ਤੇਰੇ ਅਧਰਾਂ ਹਰਿ ਰਸੁ ਮਧੁਰਾਂ ਤੋਂ
ਬਲਿਹਾਰ ਗੁਰੂ ਦੀ ਰਸਨਾਂ ਤੋਂ, ਤੇਰੀ ਰਸਨਾ ਹਰਿ ਹਰਿ ਬਸਨਾਂ ਤੋਂ
ਬਲਿਹਾਰ ਗੁਰੂ ਦੀ ਬੋਲੀ ਤੋਂ, ਤੇਰੀ ਬੋਲੀ ਆਲੀ ਭੋਲੀ ਤੋਂ
ਬਲਿਹਾਰ ਗੁਰੂ ਦਿਆਂ ਦਸਨਾਂ ਤੋਂ, ਤੇਰਿਆਂ ਦਸਨਾ ਪਾਪੁ ਬਿਨਸਨਾ ਤੋਂ
ਬਲਿਹਾਰ ਗੁਰੂ ਦੇ ਹਿਰਦੇ ਤੋਂ, ਤੇਰੇ ਹਿਰਦੇ ਸਾਰੇ ਸਿਰਜੇ ਤੋਂ
ਬਲਿਹਾਰ ਗੁਰੂ ਦੀ ਦਾੜ੍ਹੀ ਤੋ। ਤੇਰੀ ਦਾੜ੍ਹੀ ਰਾਮੁ ਸਵਾਰੀ ਤੋਂ
ਬਲਿਹਾਰ ਗੁਰੂ ਦੀ ਠੋਡੀ ਤੋਂ; ਬਿਖਿ ਬਿਖਿਆ ਪਰਹਰਿ ਛੋੜੀ ਤੋਂ
ਬਲਿਹਾਰ ਗੁਰੂ ਦੇ ਸੀਨੇ ਤੋਂ, ਤੇਰੇ ਸੀਨੇ ਹਰਿ ਰੰਗ ਭੀਨੇ ਤੋਂ
ਬਲਿਹਾਰ ਗੁਰੂ ਦਿਆਂ ਮੋਢਿਆਂ ਤੋਂ, ਬਿਖੁ ਬਿਖਿਆ ਪਰਿਹਰ ਛੋੜਿਆਂ ਤੋਂ
ਬਲਿਹਾਰ ਗੁਰੂ ਦੀਆਂ ਬਾਹਾਂ ਤੋਂ, ਤੇਰੀਆਂ ਬਾਹਾਂ ਬੇਪਰਵਾਹਾਂ ਤੋਂ । ੩੧ ।
ਬਲਿਹਾਰ ਗੁਰੂ ਦੀਆਂ ਅਰਕਾਂ ਤੋਂ, ਤੇਰੀਆਂ ਅਰਕਾਂ ਭਵਜਲ ਤਰਕਾਂ ਤੋਂ
ਬਲਿਹਾਰ ਗੁਰੂ ਦੀਆਂ ਵੀਣੀਆਂ ਤੋਂ,
ਤੇਰੀਆਂ ਵੀਣੀਆਂ ਹਰਿ ਰੰਗੁ ਭੀਣੀਆਂ ਤੋਂ
ਬਲਿਹਾਰ ਗੁਰੂ ਦਿਆਂ ਹਥਾਂ ਤੋਂ, ਪ੍ਰਭ ਕਰਨ ਕਰਾਨ ਸਮਰੱਥਾਂ ਤੋਂ
ਬਲਿਹਾਰ ਹੱਥਾਂ ਦੀਆਂ ਅੰਗਲੀਆਂ ਤੋਂ,
ਤੇਰੀਆਂ ਅੰਗੁਲੀਆਂ ਹਰਿ ਸਿਤੋਂ ਜੁੜੀਆਂ ਤੋਂ
ਬਲਿਹਾਰ ਗੁਰੂ ਦਿਆਂ ਨਖਾਂ ਤੋਂ, ਿਰਿਆ ਨਖਾਂ ਸਾਚੁ ਪਰਖਾਂ ਤੋਂ
ਬਲਿਹਾਰ ਗੁਰੂ ਦੀਆਂ ਜੰਘਾਂ ਤੋਂ, ਤੇਰੀਆਂ ਜੰਘਾਂ ਭੋਜਲੁ ਲੰਘਾਂ ਤੋਂ
ਬਲਿਹਾਰ ਗੁ ਦਿਆਂ ਗੋਡਿਆਂ ਤੋਂ, ਤੇਰਿਆਂ ਗੋਡਿਆਂ ਪਰਪੰਚ ਛੋਡਿਆਂ ਤੋਂ
ਬਲਿਹਾਰ ਗੁਰੂ ਦੀਆਂ ਪਿੰਨੀਆਂ ਤੋਂ, ਤੇਰੀਆਂ ਪਿੰਨੀਆਂ ਹਰਿਰਸ ਭਿੰਨੀਆਂ ਤੋਂ
ਬਲਿਹਾਰ ਗੁਰੂ ਦਿਆਂ ਗਿੱਟਿਆਂ ਤੋਂ, ਤੇਰਿਆਂ ਗਿਟਿਆਂ ਹਰਿ ਰਸ ਭਿਟਿਆਂ ਤੋਂ
ਬਲਿਹਾਰ ਗੁਰੂ ਦਿਆਂ ਪੈਰਾਂ ਤੋਂ, ਤੇਰੇ ਪੈਰਾਂ ਸਦਿ ਨਿਰਵੈਰਾਂ ਤੋਂ

ਬਲਿਹਾਰ ਪੈਰਾਂ ਦੀਆਂ ਤਲੀਆਂ ਤੋਂ,
ਤੇਰੀਆਂ ਤਲੀਆਂ ਕੋਮਲ ਕਲੀਆਂ ਤੋਂ ।
ਬਲਿਹਾਰ ਗੁਰੂ ਦੀਆਂ ਅੱਡੀਆਂ ਤੋਂ, ਪਰਮੇਸ਼ੁਰ ਸਨਮੁਖ ਗੱਡੀਆਂ ਤੋਂ ।
ਬਲਿਹਾਰ ਗੁਰੂ ਦੀਆਂ ਪੰਨੀਆਂ ਤੋਂ, ਤੇਰੀ ਪਨੀਆਂ ਹੱਛੀਆਂ ਬਨੀਆਂ ਤੋਂ
ਬਲਿਹਾਰ ਗੁਰੂ ਦੀ ਇਕਲਾਈ ਤੋਂ, ਸਤਿਗੁਰ ਦੀ ਪੈਨਿ ਕਮਾਈ ਤੋਂ
ਬਲਿਹਾਰ ਗੁਰੂ ਦੇ ਜਾਮੇ ਤੋਂ, ਤੇਰੇ ਜਾਮੇ ਰਤੇ ਨਾਮੇ ਤੋਂ
ਬਲਿਹਾਰ ਗੁਰੂ ਦੇ ਪਟਕੇ ਤੋਂ, ਲਭ ਜਊ ਪਰਸਪਰ ਲਟਕੇ ਤੋਂ
ਤੇਰੀ ਸ਼ੁੱਭਣ ਬਨੀ ਚਉਤਾਰ ਦੀ, ਤੇਰਿਆਂ ਸੰਤਾਂ ਨੂੰ ਨਿਸਤਾਰਦੀ ।
ਤੈਨੂੰ ਕ੍ਰਿਪਾ ਭਲੀ ਕਰਤਾਰ ਦੀ ।
ਬਲਿਹਾਰ ਤੇਰੀ ਪਾਤਿਸਾਹੀ ਤੋਂ, ਪਾਤਸ਼ਾਹੀ ਬੇਪਰਵਾਹੀ ਤੋਂ
ਬਲਿਹਾਰੀ ਨਖਸ਼ਿਖ ਸੂਰਤ ਤੋਂ, ਮੇਰੇ ਮਨ ਦੀ ਮਨਸਾ-ਪੂਰਤ ਤੋਂ
ਮੈਨੂੰ ਤੁਧੁ ਬਿਨੁ ਹੋਰ ਨ ਆਸਰਾ, ਤੇਰਾ ਧਿਆਨ ਧਰੀ ਨਿਸ ਬਾਸਰਾ
ਮੈਂ ਬਨੀਆ ਮਨੀਅ ਕਾਚ ਕਾ ਗੁਰ ਮੋਤੀ ਕੀਨਾ ਸਾਚ ਕਾ
ਸਾਧੂਜਨ ਮੇਰਾ ਨਾਉ ਕੀਆ, ਕਰਿ ਕ੍ਰਿਪਾ ਸਤਿਗੁਰ ਮੇਲ ਲੀਆ ।

ਕਾਲਰੂਕਾ ਜੇਵੜਾ ਗਲੈ ਮੈਂ ਲੀਏ ਲੀਏ ਜਾਤਾ ਹੈ
ਕੋਈ ਜਨ ਵਡਭਾਗੀ ਪਾਰਬ੍ਰਹਮ ਰੰਗ ਰਾਤਾ ਹੈ
ਪੂਰਨ ਪੁਰਖੁ ਪਰਬੀਨ ਮੁਕਤ ਕਾ ਦਾਤਾ ਹੈ । ੧ । ਰਹਾਉ ।
ਮੇਰੀ ਮੇਰੀ ਕਰਤਾ ਮੂਰਖ ਕਬਹੂੰ ਨ ਹਾਰਿਓ ਹੈ
ਅੰਮ੍ਰਿਤ ਹਰਿ ਜੀ ਕਾ ਨਾਮੁ ਨ ਕਬਹੁੰ ਸਮਾਰਿਓ ਹੈ
ਬਿਖੁ ਬਿਖਿਆ ਸਿਉ ਪ੍ਰੀਤਿ ਅਧਿਕ ਮਨ ਲਾਗੀ ਹੈ
ਪ੍ਰੇਮ ਭਗਤਿ ਪ੍ਰਭ ਜੀ ਕੀ ਮਨ ਤੇ ਤਿਆਗੀ ਹੈ
ਮਰਨ ਬਿਸਾਰਿ ਗਵਾਰਿ ਕਹਾਂ ਸੁਠਿ ਸੋਇਆ ਹੈ
ਧੂਏ ਕੇ ਮੰਦਰਿ ਮ ਹਿ ਮਵਾਸਾ ਹੋਇਆ ਹੈ । ੩ ।

ਕਬਹੂੰ ਸਮਝਿ ਮਨ ਅੰਧ ਬਹੁਤ ਸਮਝਾਇਓ ਹੈ
ਸਾਧੂਜਨ ਊਠੀ ਭੁਜ ਟੇਰਿ ਸੁਣਾਇਓ ਹੈ । ੪ ।

ਹਰਿ ਭਜਿ ਤਜਿ ਅਭਿਮਾਨੁ ਸਮਝ ਮਨ ਬਉਰਾ ਰੇ
ਤੂੰ ਸਤਿਗੁਰ ਕੌ ਕਰੁ ਧਿਆਨ ਜਿਨਿ ਦੀਨੋ ਹੈ—
ਬ੍ਰਹਮ ਗਿਆਨੁ, ਸਮਝ ਮਨਿ ਬਉਰਾ ਰੇ ।
ਕਪਟ ਕੀ ਪ੍ਰੀਤਿ ਨ ਕੀਜੀਐ ਸੁਨਿ ਮਨਿ ਬਉਰਾ ਰੇ
ਹਰਿ ਅੰਤਰਿਜਾਮੀ ਜਾਣੁ ਸਮਝੁ ਮਨ ਬਉਰਾ ਰੇ । ੧ । ਰਹਾਉ ।
ਜਿਉਂ ਪੂਰਾਣਾ ਨਾਵ ਦਾ ਮਨ ਬਉਰਾ ਰੇ ਇਉਂ ਕੁਟੰਬ ਕਉ ਮੇਲਿ
ਕੋ ਕਾਹੂ ਕੈ ਸੰਗਿ ਨਹੀਂ ਸਮਝਿ ਸੁਰਤਿ ਕਰਿ ਖੇਲਿ । ੧ ।
ਤਬ ਲਗਿ ਦੀਪਕ ਜੋਤਿ ਹੈ ਜਬ ਲਗਿ ਤੇਲੁ ਸਹਾਇ
ਤੇਲ ਨਿਖੁਟੇ ਬੁਝਿ ਗਇਓ ਇਉ ਤੇਰੀ ਅਵਧਿ ਵਿਹਾਇ । ੨ ।
ਜਿਉਂ ਜਲਿ ਊਪਰਿ ਬੁਦਬੁਦਾ ਇਉਂ ਤੇਰਾ ਤਨਿ ਮਹਿ ਵਾਸੁ
ਛਿਣਕ ਮਾਹਿ ਛਲਿ ਜਾਇਗੋ ਤੂੰ ਹੋਇ ਰਹੁ ਅਬਹਿ ਉਦਾਸ । ੩ ।
ਸਤਿਗੁਰ ਕੀ ਸਰਨੀ ਪਰਹੁ ਜਿਨਿ ਦੀਨਹੁ ਉਪਦੇਸੁ
ਸਾਧੂਧਨ ਤੋਸੋ ਕਹੈ ਕਰਿ ਸਤਿਗੁਰ ਕੋ ਆਦੇਸ । ੪ ।

ਰਾਮ ਭਗਤਿ ਬਿਨੁ ਬਾਦਿ ਜਨਮ ਗਇਓ
ਤੈਂ ਤਾਂ ਕਬਹੂ ਨ ਸੁਰਤਿ ਸਮਾਰੀ ਭਈਆ
ਨਿਹ ਰਸ ਤੇ ਸੰਗਤਿ ਉਪਜਾਨੀ ਪਟਲੁ ਪੜਿਓ ਅਤਿ ਭਾਰੀ ਭਈਆ ।੧। ਰਹਾਉ
ਲੋਭਿ ਕੀ ਲਹਰ ਕਪਟੁ ਕਉ ਦਰਿੜੀ
ਕ੍ਰੋਧ ਅਗਨਿ ਨ ਨਿਵਾਰੀ ਭਈਆ । ੨ ।
ਨਿਹਸੰਸੈ ਕੋਈ ਸੰਤੁ ਬਿਬੇਕੀ ਸੰਸੈ ਮਹਿ ਸੰਸਾਰੀ ਭਈਆ
ਸੰਸਾ ਮੇਟਿ ਕਰੈ ਨਿਹਸੰਸਾ ਮੇਰਾ ਸਤਿਗੁਰ ਪਰਉਪਕਾਰੀ ਭਈਆ । ੩ ।

ਸ ਤਿਪੁਰੀ ਮਹਿ ਬਸਿ ਰਹੁ ਰੇ ਮਨਿ
ਤਤੇ ਗਤਿ ਹੋਇ ਹੈ ਤਿਹਾਰੀ ਭਈਆ ।
ਸਾਧੂਜਨ ਸੋਈ ਸੰਤਿ ਕਹਾਵੈ
ਜਿਨ ਹਉਮੈ ਮਮਤਾ ਮਾਰੀ ਭਈਆ । ੪ ।
ਹੂਆ ਹਰਿ ਜਸ ਕਾ ਹਿਤਕਾਰੀ ਭਈਆ । ਰਹਾਉ । ਦੂਜਾ ।

ਪ੍ਰੀਤਿ ਮਨ ਰੇ ਪ੍ਰੀਤਿ ਮਨਾ । ਕਰਿ ਸਾਧਸੰਗਤਿ ਸਿਉ ਪ੍ਰੀਤਿ ਮਨਾ
ਅੰਤ ਸਮੇ ਸਭ ਤਿਆਗਿ ਚਲਹਿ ਗੇ
ਅਵਸਰੁ ਜਾਇਗੋ ਬੀਤ ਮਨਾ । ੧ ਰਹਾਉ ।
ਸਾਕਤ ਕੀ ਸੰਗਤਿ ਪਰਹਰੀਐ ਸਤਿਗੁਰ ਬਿਨ ਬਿਪਰੀਤਿ ਮਨਾ ।
ਜਿਹ ਮਿਲਿ ਰਾਮੁ ਰਸਾਇਣ ਪੀਜੈ ਤੇ ਸਾਜਨ ਤੇ ਮੀਤ ਮਨਾ ।
ਮਾਇਆ ਕਾਰਨੁ ਕਪਟੁ ਨ ਕੀਜੈ ਯਹ ਤਉ ਭਰਮ ਕੀ ਭੀਤਿ ਮਨਾ ।
ਸਾਧੂਜਨ ਸਤਿਗੁਰ ਕ੍ਰਿਪਾ ਤੇਂ, ਅਵਸਰ ਚਲੀਐ ਜੀਤਿ ਮਨਾ । ੨ ।

ਸੰਤ ਜਨ ਗੋਬਿੰਦ ਕੇ ਵਣਜਾਰੇ
ਵਣਜ ਕਰਹਿ ਨਿਤ ਸਹਜ ਸੁਰਤਿ ਸਿਉ,
ਸਾਚ ਵਿਹਾਜਨਹਾਰੇ । ੧ । ਰਹਾਉ ।
ਕਾਮ ਕ੍ਰੋਧ ਅਰ ਲੋਭ ਪਿੰਡ ਮਹਿੰ, ਤੀਨ ਬਸਹਿ ਬਟਵਾਰੇ
ਤਿਨ ਕਾ ਜਤਨ ਖਿਮਾ ਗਹਿ ਕੀਨਾ, ਗਿਆਨ ਖੜਗ ਸਿਉਂ ਮਾਰੇ । ੧ ।
ਨਾਮ ਜਹਾਜ ਚੜ੍ਹਹਿ ਭੈਜਲ ਮਹਿ, ਸਤਿਗੁਰ ਪਾਰਿ ਉਤਾਰੇ
ਸਾਧੂਜਨ ਪ੍ਰਭੁ ਅਪੁਨੇ ਜਨ ਕੇ, ਆਪ ਹੀ ਕਾਮ ਸਵਾਰੇ । ੨ ।

ਅੰਦਰਿ ਝਾਤੀ ਪਾਇ ਯਾਰ ਅੰਦਰਿ ਭਾਲ
ਖੋਜ ਕਰਹਿਂ ਤ ਘਰ ਹੀ ਪਾਵਹਿਂ, ਜਿਤ ਸਹੁ ਰੀਝਹਿ ਸੋਈ ਕਮਾਵਹਿਂ
ਸਭ ਛਡ ਕੂੜਾਵੇ ਖਿਆਲ

ਅੰਤ ਜ਼ਰੂਰਤਿ ਏਥੋਂ ਜਾਣਾ, ਦਿਲ ਦਾ ਮਹਿਰਮ ਖਰਾ ਸਿਆਣਾ
ਜੋ ਕਰਸੀ ਸੋ ਚਲੀ ਨਾਲਿ ।੨।
ਚਾਰਿ ਦਿਹਾੜੇ ਰੰਗ ਤਮਾਸ਼ਾ । ਉਮਰ ਵਿਹਾਣੀ ਕਿਆ ਭਰਵਾਸਾ
ਤਿਆਗ ਕਰਹੁ ਪਰ ਮਾਲ ।੩।
ਰੁੱਝ ਰਹਿਨ ਨ ਸਾਧ ਬੇਚਾਰੇ, ਮਿਠਾ ਬੋਲਹਿ ਸਾਹਿਬ ਪਿਆਰੇ
ਦਾਸ ਤਿਨਾਂ ਦੀ ਪਗ ਰਵਾਲ ।੪।

ਕੋਈ ਜਨ ਕਾਇਆ ਨਗਰ ਕਉ ਰਾਜਾ
ਤਾਂ ਕਉ ਅਮਰ ਸਦਾ ਪ੍ਰਭੁ ਕੀਨੋ,ਤੀਨ ਪੁਰੀ ਮਹਿ ਬਾਜਾ ।੧। ਰਹਾਉ ।
ਕਾਮ ਕ੍ਰੋਧ ਕਉ ਬਸ ਕਰਿ ਰਾਖਹਿ, ਲੋਭ ਕੀ ਲਹਰ ਨਿਵਾਰੈ
ਮੋਹ ਮਾਇਆ ਕੀ ਫਾਸੀ ਕਾਟਹਿ, ਸਚੁ ਸਬਦੁ ਵੀਚਾਰੈ
ਧਰਮ ਕਉ ਧਿਆਨ ਧਰਹਿ ਮਨ ਅੰਤਰਿ, ਕੂੜੁ ਕਪਟੁ ਨ ਕਮਾਵੈ
ਸਭ ਤੇ ਨੀਚ ਆਪ ਕਉ ਜਾਨਹਿ, ਸਭਹੂੰ ਕੇ ਊਪਰਿ ਆਵੈ ।੨।
ਉਸਤਤਿ ਨਿੰਦਾ ਦੋਊ ਬਿਬਰਜਤ, ਹਰਖ ਸੋਗ ਤੇ ਨਿਆਰਾ
ਤਿਸਨਾ ਤਿਆਗੀ ਹਰਿ ਲਿਵ ਲਾਗੀ, ਮਿਟ ਗਏ ਸਗਲਿ ਵਿਕਾਰਾ ।੩।
ਤਾ ਕੀ ਸਰਨ ਪਰਹਿ ਸੋ ਛੂਟਹਿ, ਸਹਜ ਖੰਡ ਕਉ ਵਾਸੀ
ਸਾਧੁਜਨ ਬਲਿ ਬਲਿ ਤਿਹਾਂ ਊਪਰਿ, ਜੋ ਘਰ ਹੀ ਮਾਹਿ ਉਦਾਸੀ ।੪।

ਕੋਈ ਜਨ ਐਸਾ ਜੋਗੁ ਕਮਾਵੈ
ਮੁੰਦ੍ਰਾ ਸਾਚ ਸਬਦ ਸਤਿਗੁਰ ਕਾ, ਸ੍ਰਵਨ ਨਿਰਤ ਕਰਿ ਪਾਵੈ
ਭਸਮ ਚੜ੍ਹਾਵਹਿ ਸੰਤ ਚਰਨ ਕੀ, ਖਿੰਥਾ ਖਿਮਾ ਹੰਢਾਵੈ
ਤੋਰਿ ਲੰਗੋਟੀ ਜਤ ਕੀ ਬਾਂਧਹਿ, ਸਿੰਙੀ ਹਰਿ ਜਸ ਗਾਵੈ ।੧।
ਪਤ੍ਰ ਬਿਚਾਰ ਆਹਾਰੁ ਧੀਰਜ ਕਰਿ, ਤਿਸਨਾ ਤਪਤਿ ਮਿਟਾਵੈ
ਪ੍ਰੇਮ ਪਿਆਲਾ ਸਦ ਮਤ ਵਾਲਾ, ਅਰਵਤ ਮਨ ਤ੍ਰਿਪਤਾਵੈ ।੨।

ਸਚ ਖੰਡ ਮਹਿ ਆਸਨ ਕੀਨਾ, ਧਰਮ ਕਉ ਧਿਆਨ ਲਗਾਵੈ
ਸਤਿਗੁਰ ਕਉ ਆਦੇਸ ਕਰੈ ਨਿਤ, ਸਚ ਉਪਦੇਸ ਚਿਤਾਵੈ। ੩।
ਸੋ ਜੋਗੀ ਪਰਵਾਨ ਜਗਤ ਮਹਿ, ਇਉਂ ਕਹਿ ਬੇਦ ਬਤਾਵੈ
ਸਾਧੂਜਨ ਧੰਨ ਧੰਨ ਸੋ ਜੋਗੀ, ਹਰਿ ਜਸ ਸੁਣਹਿ ਸੁਣਾਵੈ। ੪।

ਕੋਈ ਜਨ ਐਸੋ ਹੈ ਸੰਨਿਆਸੀ
ਆਠ ਪਹਰ ਹਰਿ ਕੋ ਜਸ ਗਾਵਹਿ, ਸੁੰਨ ਮੰਡਲ ਕਉ ਵਾਸੀ
ਜਤ ਕੁਪੀਨ ਸਦਾ ਦ੍ਰਿੜ ਰਾਖਹਿ, ਐਸੀ ਜੋਤਿ ਪ੍ਰਕਾਸੀ
ਮੋਹ ਕੇ ਬੰਧਨ ਕਾਟਿ ਉਤਾਰਹਿ, ਲੋਭ ਕੀ ਲਹਿਰ ਬਿਨਾਸੀ। ੧।
ਕ੍ਰੋਧ ਕੀ ਅਗਨ ਪ੍ਰਜਾਰ ਨ ਸਾਕਹਿ ਮਾਇਆ ਤਾਂ ਕੀ ਦਾਸੀ
ਬਾਹਰਿ ਸੂਤ ਸਗਲ ਸੋ ਪੂਰਨ, ਅੰਤਰਿ ਸਕਲ ਉਦਾਸੀ। ੨।
ਏਕ ਹੀ ਬਾਰ ਦੇਹ ਜੋ ਤਿਆਗੀ, ਬਹੁਰਿ ਭਇਓ ਅਬਿਨਾਸੀ
ਸਾਧੂਜਨ ਨਿਰਮਲ ਗਤਿ ਪਾਵਹਿ, ਜਹਾਂ ਵਸਹਿ, ਤਹਾਂ ਕਾਂਸ਼ੀ। ੩।

ਬਹੁਰਿ ਬ੍ਰਿਜ ਆਏ ਬਿੰਦ੍ਰਾਬਨ ਚੰਦ ਅਸਾਡੜੇ ਜੀਵਨ ਨੰਦ ਕੇ ਨੰਦ
ਬਹੁਰਿ ਬ੍ਰਿਜ ਆਉ ਬਿਹਾਰੀ ਲਾਲ, ਅਸਾਂ ਮੁਇਆਂ ਕੂ ਵਤ ਜੀਵਾਲਿ
ਸਾਨੂੰ ਦਰਸ਼ਨ ਆਣਿ ਦਿਖਾਲਿ। ੧। ਰਹਾਉ।
ਸਿਰ ਪਰਿ ਮੁਕਟੁ ਮਹਾਂ ਛਬਿ ਛਾਜੈ, ਨਾਗਰ ਨੰਦ ਕਿਸੋਰ
ਸਯਾਮ ਘਟਾ ਘਨ ਦੇਖਿ ਕਲਾਇਰਿ, ਪਾਇਲ ਪਾਂਵੜੇ ਮੋਰ
ਕ੍ਰਿਪਾ ਕਰਿ ਮਾਧਵਾ। ਰਹਾਉ। ੧।
ਕਾਲੇ ਕੂਲੇ ਘੁੰਗਰਿਆਲੇ, ਅਤਿ ਸੁਹਾਵੜੇ ਵਾਲ
ਜਾਨ ਰਹੇ ਵਲ ਪਾਇ, ਭੁਅੰਗ ਬਾਵਨ ਚੰਦਨ ਨਾਲਿ। ੨।
ਕੰਨ ਸੁਹੰਦੜੇ ਸੁਇਨੇ ਕੁੰਡਲ, ਸਾਂਵਲੀਆਂ ਗੱਲ੍ਹਾਂ ਦੇ ਪਾਸਿ
ਮੋਹਨ ਸੰਦੜਾ ਮੁਖ ਪਸੀਏ, ਅਸਾਂ ਕੂੰ ਏਹ ਪਿਆਸ। ੩।

ਦਾਮਨੀ ਜਿਉਂ ਦਸਨਾ ਮਣੀ ਦਿਸੈਂ, ਖਿੜਨ ਫੁਲ ਝੜੰਨਿ
ਸਾਂਵਲੇ ਛੈਲ ਛਬੀਲੜੇ ਸਜਣ, ਅੱਖੜੀਆ ਵਿਚ ਵਸੰਨਿ । ੪ ।

ਮਿਸਰੀ ਖੰਡ ਨਿਵਾਤਹੁੰ ਮਿਠੇ, ਲਾਲਨ ਸੰਦੜੇ ਬੈਣ
ਭੌਂਹਾਂ ਜਾਨ ਭਵਟੜੇ ਸੋਹਨਿ, ਕਵਲ ਫਰਕੰਦੇ ਨੈਣ । ੫ ।

ਸਾਂਵਲੀਆਂ ਬਾਂਹਾਂ ਦੇ ਨਾਲਿ ਬਹੁਟੇ ਫੁੰਮੜੇ ਲਟਕੰਨਿ
ਫਿਜਰੀਆ ਜਨ ਛੱਡਿ ਦੁਮਾਲੇ, ਮਲਨਿ ਵਲ ਨਚੰਨਿ । ੬ ।

ਫੁਲ ਅਲਸੀ ਰੰਗ ਸਰਸੇ, ਸੋਹਣਾ ਸ਼ਯਾਮ ਸਰੀਰ
ਚਾਂਦਨੀ ਰੈਣ ਜਿਵੇਂ ਚਮਕੰਦਾ, ਜਾਣ ਸਰੋਵਰਿ ਨੀਰੁ । ੭ ।

ਕੈਂਤੜੇ ਪੱਟ ਦੀ ਲੱਕ ਤੜਾਗੀ, ਫੁਲੜਿਆਂ ਸੰਦੀ ਮਾਲ
ਪਟ ਪਛੇਵੜੀ ਪੀਲੜਾ ਲਟਕਣ, ਲਟਕ ਚਲੰਦੜਾ ਚਾਲ । ੮ ।

ਕੰਚਨੀ ਘੁੰਮਰਘੇਰਿ ਘਤੇਂਦੀ, ਨਚਨ ਲਖੜੇ ਲਾਲ
ਘੁੰਗਰੂਆਂ ਛਣਕਣ ਛਬੀਲੇ, ਪੂਰਨ ਪੂਰੇ ਤਾਲ । ੯ ।

ਦਿਤੜੀ ਕੰਡ ਨ ਵੰਞ ਬਿਹਾਰੀ, ਅਸਾਂ ਕੂ ਤੈ ਤੜਾ ਚਾਉ
ਇਸ ਅਸਾਡੜੇ ਜੀਵਨ ਸੰਦਾ, ਹੋਰ ਨ ਕੁਝ ਉਪਾਉ । ੧੦ ।

ਦਿਹੋਂ ਭੁਖ ਨ ਰਾਤੀਂ ਸਵਣ, ਅੱਠੇ ਪਹਿਰ ਉਦਾਸ
ਬਿਹੁੰ ਬਲਾਇ ਮੁਕਾਇ ਘਿਧੋਸੇ, ਹਡੜੀ ਉਤੇ ਮਾਸ । ੧੧ ।

ਕੋਵਲ ਜਿਵੇਂ ਟਹਿਕੰਦੜੇ ਲੋਚਨ, ਅਸਾਂ ਕੂੰ ਵਤ ਦਿਖਾਲ
ਸਾਧੂਜਨ ਕੇ ਨਾਮ ਕੀ ਲਜਾ, ਰਾਖਣੀ ਦੀਨ ਦਇਆਲ । ੧੨ ।

ਗਿਰਧਰ ਗਾਈਐ । ਹੋ ਮੇਰੇ ਪਾਸ ਲਡਾਈਐ । ਪਰਮ ਸੁਖ ਪਾਈਐ ।
ਨੰਦ ਕੇ ਨੰਦਨਾ । ਸਗਲ ਦੁਖ ਭੰਜਨਾ ।
ਮਾਖਨ ਰਸੀਅ ਗੋਕਲ ਬਸੀਆ ਹੋ

ਕੁੰਜ ਬਿਹਾਰੀ ਹੈ । ਗਿਰਵਰ ਧਾਰੀ ਹੈ
ਸਰਨਿ ਤਿਹਾਰੀ ਹੈ । ਗਰਬ ਪ੍ਰਹਾਰੀ ਹੈ । ੧ । ਰਹਾਉ ।

ਕੇਲ ਕਰੈ ਕਲਿੰਦਰੀ ਕੇ ਤਟਿ ਬਾਸੁਰੀ ਬਿਮਲ ਬਜਾਵੈ
ਤਾਂਹੀ ਮਾਹਿ ਅਲਾਪੁ ਸਾਤ ਰਾਗ ਮਧੁਰ ਧੁਨਿ ਗਾਵੈ
ਧੁਨਿ ਸੁਨ ਸੁਧ ਨ ਰਹੈ ਤਨ ਮਨ ਕੀ ਐਸੀ ਭਾਂਤਿ ਮਿਲਾਵੈ । ੧ ।

ਧੁਨਿ ਸੁਨ ਪਸੂ ਪੰਖੀ ਮ੍ਰਿਗ ਮੋਹੇ ਮੋਹੇ ਮੁਨਿ ਬੈਰਾਗੀ
ਮਹਾਂ ਮਗਨੁ ਅਵਧੂਤ ਮਹਾਦੇਉ ਤਿਨ ਹੂੰ ਕੀ ਤਾੜੀ ਤਿਆਗੀ
ਧੁਨਿ ਸੁਨ ਅਚਲੁ ਭਇਓ ਜਮਨਾ ਜਲੁ ਪੁਤਲੀ ਜਿਉ ਲਿਵ ਲਾਗੀ । ੨ ।

ਧੁਨਿ ਸੁਨ ਦੇਵ ਬਿਬਾਣ ਅਚਲ ਭਏ ਪਵਨ ਗਗਨ ਕੇ ਥਾਕੇ
ਧੁਨਿ ਸੁਨ ਰਵਿ ਸਸਿ ਗਗਨ ਮਗਨ ਭਏ ਚਲ ਨ ਸਕੈ ਰਥ ਤਾਕੇ
ਐਸੀ ਬੰਸਰੀ ਕੀ ਧੁਨ ਸੁਨਕੈ ਧੀਰਜ ਰਹੈ ਸੁ ਕਾਂਕੇ । ੩ ।
ਮੋਰ ਮੁਕਟ ਮਾਥੇ ਪਰ ਸੋਹੈ ਸੁੰਦਰ ਕ੍ਰਾਂਤ ਸਵਾਰੀ
ਲੋਚਨ ਲਲਤ ਕੰਵਲ ਦਲ ਕੀ ਗਤਿ ਲਟਰੀ ਘੁੰਘਰਿਆਰੀ
ਕੁੰਕਮ ਤਿਲਕੁ ਲਿਲਾਟ ਬਿਰਾਜੈ ਸੰਤਨ ਕਾ ਹਿਤਕਾਰੀ । ੪ ।

ਕੰਚਨ ਕੁੰਡਲ ਸਰਵਣ ਸੋਹਣੇ ਲਾਗੇ ਨਗ ਨਿਰਮੋਲੇ
ਸੋਭਤ ਸ੍ਰਿਆਮ ਕਪੋਲਨ ਕੇ ਤਟ ਚੰਚਲ ਜਾਨ ਮਮੋਲੇ
ਜਿਉ ਹਰਿ ਨਾਚੈ ਤਿਉਂ ਤਿਉਂ ਡੋਲੈਂ ਝੂਲੇ ਜਾਨਿ ਹਿੰਡੋਲੇ । ੫ ।
ਅੰਮ੍ਰਿਤ ਅਧਰ ਅਨੂਪ ਅਰਨਤਾ ਮੰਦ ਮੰਦ ਮੁਸਕਾਵੈ
ਮਾਨੋ ਦਾਮਨੀ ਸਘਨ ਘਟਾ ਮਧ ਦੂਰ ਦੂਰ ਚਮਕ ਦਿਖਾਵੈ
ਨਥਨੀ ਕੇ ਮਧ ਮੋਤੀ ਚਮਕੈ ਤ੍ਰਿਭਵਣ ਸੋਭਾ ਪਾਵੈ । ੬ ।

ਸਿਆਮੁ ਅੰਗੁ ਪਰ ਪੀਤ ਪਛੇਰੀ ਕੰਠ ਮੁਕਤਾਹਲ ਮਾਲਾ
ਛਾਤੀ ਊਪਰ ਛਾਇ ਰਹੀ ਛਬਿ ਜਗਮਗ ਜਗਮਗ ਵਾਲਾ
ਕਟਿ ਕਛਨੀ ਅਫੂਦਰ ਘੰਟਿਕਾ ਚੰਦਨ ਖੌਰ ਰਸਾਲਾ । ੭ ।

ਝਾਂਝਰੂ ਝਮਕੇ ਘੁੰਘਰੂ ਘਮਕੈਂ ਤਾਲ ਪਖਾਵਜ ਬਾਜੈ
ਨਟਵਰ ਭੇਖ ਕੀਆ ਬ੍ਰਿੰਦਾਬਨ ਤ੍ਰਿਭਵਣ ਨਾਥ ਬਿਰਾਜੈ
ਗੁਆਲ ਮੰਡਲੀ ਸਿਓਂਮਿਲ ਖੇਲੈਂ ਅਦਿਭੁਤ ਲੀਲ੍ਹਾ ਸਾਜੈ
ਥੇਈ ਤਾ ਥੇਈ ਤਾ ਤਾਂ ਥੈਈ ਤਾ ਥੇਈ ਲਾਲ ਤ੍ਰਿਭੰਗੀ ਨਾਚੈ
ਜੋ ਕੋਈ ਧਿਆਨ ਧਰੈ ਗਿਰਧਰ ਕਾ ਬਿਖ ਬਿਖਿਆ ਤੇ ਬਾਚੈ
ਸਾਧੂਜਨ ਬਲਿ ਯਾ ਛਬਿ ਊਪਰ ਹਰਿ ਜਸ ਕੋ ਜਨੁ ਜਾਚੈ ।

ਆਸਾ

ਜਾਗਹਿ ਕਿਉਂ ਨ ਗਵਾਰੁ । ਭਜਿ ਲੇ ਰਾਮੁ ਪਿਆਰੁ
ਮੂੜੇ ਜਾਗਿ ਲਹੋਂ । ੧ । ਰਹਾਉ ।

ਅੰਧਾ ਰਹਿਆ ਮੇਰੀ ਮੇਰੀ
ਛਿਨ ਛਿਨ ਅਉਧ ਘਟੇ ਨਿਤ ਤੇਰੀ
ਏਹ ਤਨ ਅੰਤ ਭਸਮ ਕੀ ਢੇਰੀ । ਮੂੜੇ ਜਾਗਿ ਲਹੋਂ । ੧ ।

ਐਥੋਂ ਜਿੰਦੜੀ ਸਰਪਰ ਜਾਣਾ । ਮਾਇਆ ਮਮਤਾ ਕੂੜਿ ਲੁਭਾਣਾ
ਓੜਕ ਦੋ ਦਿਹ ਲੇਸੀ ਮਾਣਾ ਮੂੜੇ ਜਾਗਿ ਲਹੋਂ । ੨ ।

ਇਸ ਤਨ ਅੰਦਰ ਮਨ ਵਣਜਾਰਾ । ਅਜੁਕਲਿ ਪੰਖੀ ਉਡਣਹਾਰਾ
ਝੂਠੀ ਮਾਇਆ ਕੂੜ ਪਸਾਰਾ । ਮੂੜੇ ਜਾਗ ਲਹੋ । ੩ ।

ਮਾਤ ਪਿਤਾ ਕੋਈ ਨਹੀਂ ਤੇਰਾ । ਫੇਰ ਨ ਇਕੁ ਜਗ ਹੋਸੀ ਫੇਰਾ
ਸਾਧੂਜਨ ਹਰਿ ਚੇਤ ਸਵੇਰਾ ਮੂੜੇ ਜਾਗ ਲਹੋ । ੪ ।

੩੧

ਸੁਣਿ ਰੀ ਭੈਣਾ! ਸਾਧੂ ਕੇ ਬੈਨਾ
ਸਭ ਜਗ ਜਾਤਾ ਦੇਖੀਐ ਨੈਨਾ । ੧ । ਰਹਾਉ ।
ਨਾ ਹਮ ਕਾਹੂ ਸਿਉ ਲੈਣਾ ਦੇਣਾ
ਹਰਿ ਜੀ ਕੋ ਨਾਮ ਜਪੋ ਦਿਨ ਰੈਣਾ । ੧ ।
ਪਾਨੀ ਕੀ ਪੁਤਰੀ ਦੇਹ ਤਿਹਾਰੀ
ਤਿਸ ਊਪਰ ਕਿਆ ਗਰਬੁ ਗਾਵਾਰੀ । ੨ ।
ਕਹਾਂ ਭਇਆ ਜੋ ਜੋੜੀ ਮਾਇਆ
ਮਾਇਆ ਕੇ ਲਾਲਚ ਜਨਮ ਗਵਾਇਆ । ੩ ।
ਇਤ ਉਤ ਤੇ ਇਤ ਭਇਓ ਆਇ ਮੇਲਾ
ਅੰਤ ਸਮੇ ਉਠ ਚਲੈ ਇਕੇਲਾ । ੪ ।
ਅਬ ਹੀ ਹੋਇ ਰਹੋ ਇਕ ਮਨੀਆ
ਪ੍ਰਭ ਕੀ ਸਰਨ ਸਾਧੂਜਨ ਬਨੀਆ । ੫ ।

੩੨

ਅਬਿ ਮੇਰਾ ਗੋਬਿੰਦ ਸਿਉ ਮਨਿ ਮਾਨਿਆ
ਗੁਰ ਮਿਲਿਆ ਤਾਂ ਰਾਮੁ ਪਛਾਨਿਆ ।
ਗੋਬਿਦ ਅੰਤਰਿ ਗੋਬਿੰਦੁ ਬਾਹਿਰ ਜਹਾਂ ਕਹਾਂ ਗੋਬਿੰਦਾ
ਗੋਬਿਦ ਬਿਨ ਕਿਛੁ ਅਵਰ ਨ ਦੀਸੈ ਮਿਟਿ ਗਈ ਉਸਤਤਿ ਨਿੰਦਾ । ੧ ।
ਗੋਬਿੰਦ ਗਾਵੈ ਗੋਬਿੰਦ ਨਾਚੈ ਗੋਬਿੰਦ ਤਾਲ ਬਜਾਵੈ
ਗੋਬਿੰਦ ਘੁਘਰੂਆ ਪਗਿ ਬਾਧੇ ਬਹੁਬਿਧਿ ਨਿਰਤਿ ਦਿਖਾਵੈ
ਗੋਬਿਦੁ ਕਰਤਾ ਗੋਬਿਦੁ ਹਰਤਾ ਗੋਬਿੰਦੁ ਸੇਵਾ ਪੂਜਾ
ਸਾਧੂਜਨ ਗੋਬਿੰਦ ਕਿਰਪਾ ਤੇ ਗੋਬਿੰਦੁ ਨਾਹੀ ਦੂਜਾ ।

੩੩

ਰਾਮ ਨਾਮੁ ਲੀਜੈ ਪ੍ਰਾਣੀ ਰਾਮੁ ਨਾਮੁ ਲੀਜੈ ਰੇ
ਸੁਆਸ ਘਰੀ ਖਾਲੀ ਕੋ ਗਏਜੈ ਕੈਸੇ ਕੀਜੈ ਰੇ

ਰਾਮ ਨਾਮ ਲੀਜੈ ਪ੍ਰਾਣੀ ਬਿਲਮ ਨ ਕੀਜੈ ਰੇ । ੧ । ਰਹਾਉ ।
ਜਿਹ ਮੁਖ ਕਉ ਕੋਈ ਮੁਖ ਨ ਲਗਾਵੈ ਰੇ
ਸੋਈ ਮੁਖ ਸੋਭਾ ਪਾਵੈ ਸਬਹੂੰ ਕੋ ਭਾਵੈ ਰੇ । ੧ ।

ਕਾਹੇ ਕਉ ਤੂੰ ਕੋਝੇ ਰਾਮ ਨਾਮ ਲੇਤਾ ਨਾਹੀ ਰੇ
ਜਗਮਗ ਜੋਤ ਹੋਤੀ ਜੇ ਜੋ ਜਗ ਮਾਹੀ ਰੇ । ੨ ।

ਐਸੋ ਅਵਤਾਰ ਤੇਰਾ ਬਹੁਰ ਨ ਹੋਤਾ ਰੇ
ਲੋਭ ਕੈ ਲਾਲਚਿ ਲਾਗਾ ਕਾਹੇ ਕਉ ਤੂੰ ਖੋਤਾ ਰੇ । ੩ ।

ਕਉਨ ਕੇ ਭਰੋਸੇ ਰਾਮ ਨਾਮ ਤੈਂ ਬਿਸਾਰਾ ਰੇ
ਆਪਨਾ ਜਨਮੁ ਹੀਰਾ ਹਾਥਿ ਹੂੰ ਤੇਂ ਹਾਰਾ ਰੇ । ੪ ।

ਪਾਨੀ ਮਾਹਿ ਪਤਾਸਾ ਤੈਸੋ ਤਨ ਕੋ ਤਮਾਸ਼ਾ ਰੇ
ਤਾਕੇ ਬੀਚ ਬਾਸਾ ਤਾਕੀ ਕਹਾ ਕੀਜੈ ਆਸਾ ਰੇ । ੫ ।

ਸੁੰਦਰ ਸਰੀਰ ਦੇਖ ਕਾਹੇ ਕਉ ਤੂੰ ਭੂਲਾ ਰੇ
ਇਹਤੋ ਐਸੋ ਹੈ ਜੈਸੋ ਬਾਇ ਕੋ ਬਘੂਲਾ ਰੇ । ੬ ।

ਰਾਮ ਨਾਮੁ ਲੀਜੈ ਕੀਜੈ ਪਰਾਨ ਹੂੰ ਕੀ ਪੂਜਾ ਰੇ
ਰਾਮ ਨਾਮੁ ਕੇ ਸਮਾਨ ਨਹੀ ਕੋਈ ਦੂਜਾ ਰੇ । ੭ ।

ਰਾਮ ਨਾਮੁ ਜੀ ਸੋ ਜਾਕੀ ਲਾਗੀ ਪ੍ਰਾਨੀ ਪ੍ਰੀਤਿ ਰੇ
ਆਪਿ ਤੌ ਮੁਕਤਿ ਭਏ ਕੀਨੇ ਹੈ ਪੁਨੀਤਿ ਰੇ । ੮ ।

ਜਿਨਿ ਜਿਨਿ ਰਾਮ ਨਾਮੁ ਪ੍ਰੀਤ ਲਾਇ ਲੀਆ ਰੇ
ਤਿਨ ਕਉ ਬੈਕੁੰਠ ਬਾਸ ਰਾਮੁ ਨਾਮੁ ਦੀਆ ਰੇ । ੯ ।

ਰਾਮ ਜੀ ਕੋ ਨਾਮੁ ਰੋਮਿ ਰੋਮਿ ਰਮਿ ਰਹਿਓ ਰੇ
ਰਾਮ ਨਾਮ ਰਾਮ ਰਾਮ ਰਾਮ ਰਾਮ ਕਹਿਓ ਰੇ । ੧੦ ।

ਰਾਮੁ ਨਾਮੁ ਲੀਏ ਮਹਾਂ ਪਤਿਤ ਉਧਾਰੇ ਰੇ
ਸਾਧੂਜਨ ਕੀਏ ਐਸੇ ਸਾਹਿਬ ਹਮਾਰੇ ਰੇ । ੧੧ ।

ਬੰਦੇ ! ਜਾਣ ਸਦਾ ਹਜੂਰਿ
ਮਿਹਰ ਦਿਲ ਨਜ਼ਦੀਕ ਬਾਸਦ ਬੇਮਿਹਰ ਤੇ ਦੂਰਿ ।੧। ਰਹਾਉ ।
ਆਬਿ ਆਤਸ਼ ਬਾਦਿ ਖ਼ੂਨਕੀ ਜ਼ਿਮੀ ਅਰ ਅਸਮਾਨੁ
ਖ਼ਾਜਿ ਖਾਲਕ ਖਲਕ ਸਾਜੀ ਤਾਸੁ ਪਰ ਕੁਰਬਾਨੁ ।੧।
ਆਪਿ ਕਾਦਰਿ ਕਰੀ ਕੁਦਰਤਿ ਕਹੈ ਕਵਨ ਸੁਮਾਰ
ਦੇਤ ਹਮਹਿ ਰਦਾਹਿ ਰੋਜ਼ੀ ਪਾਕ ਪਰਵਦਿਗਾਰੁ ।੨।
ਮੀਰ ਮਲਕ ਮਲੂਕ ਉਮਰਾਇ ਖ਼ਾਨ ਅਰੁ ਬਾਦਿਸਾਹਿ
ਉਮਰਿ ਦਮ ਦਮ ਕਮ ਕਰੇਂਦੀ ਮੋਬੀਨ ਹਮਹ ਫਨਾਹਿ ।੩।
ਦੁਨੀਆ ਦਰੋਗ ਹਮਹਿ ਦਿਵਾਨੀ ਨਾ ਸਕਰ ਨਾਪਾਕੁ
ਸਾਧੂਜਨ ਕੁਨ ਬੰਦਗੀ ਨਾਪਾਕ ਤੇ ਸਭ ਪਾਕੁ ।੪।

੩੫

ਨਿਰਮਲੁ ਦੇਖੀਐ ਦੀਦਾਰੁ
ਏਕ ਹੋਇ ਅਨੇਕ ਪ੍ਰਗਟਿਓ ਪਾਕ ਪਰਵਦਿਗਾਰੁ ।੧। ਰਹਾਉ
ਆਪਿ ਬਕਤਾ ਆਪਿ ਸੁਨਤਾ ਆਪਿ ਕਰੇ ਬੀਚਾਰ
ਆਪਿ ਪਰਚੈ ਆਪਿ ਖਿਰਚੈ ਅਲਖੁ ਪੁਰਖੁ ਆਧਾਰ
ਆਪਿ ਮੰਗਤਿ ਜਨ ਕਹਾਵੈ ਆਪਿ ਹੀ ਦਾਤਾਰੁ
ਆਪ ਜਗ ਤੇ ਰਹੇ ਨਿਆਰਾ ਆਪਿ ਸਗਲ ਬਿਥਾਰੁ ।੨।
ਆਪ ਹੀ ਬੰਦਾ ਕਹਾਵੈ ਆਪਿ ਸਿਰਜਨਹਾਰੁ
ਆਪ ਹੀ ਸੁਕ੍ਰਿਤਿ ਕਮਾਵੈ ਆਪੁ ਕਰੇ ਬਿਕਾਰੁ ।੩।
ਆਪਿ ਰੋਗੀ ਰੋਗੁ ਆਪੇ ਆਪਿ ਹੀ ਉਪਚਾਰੁ
ਕੁਦਰਤੀ ਮੁਸਤਾਕ ਮਉਲਾ ਸਾਧੂਜਨ ਕੇ ਤਾਰੁ ।੪।

੩੬

ਰਾਜੇ ਰਾਮ ਸਿਉਂ ਰੰਗ ਲਾਗੋ
ਮੇਰੋ ਜੀਅ ਕਾ ਸੰਸਾ ਭਾਗੋ ।

ਚੂਕੂ ਪੜੀ ਅਖਿ ਕਾਨ ਸਭਨਿ ਕੀ
ਸਕਲੁ ਸਗਤਿ ਮਿਲਿ ਤਿਆਗੋ । ੧ । ਰਹਾਉ ।

ਨਰਕਿ ਨ ਜਾਇਬਾ ਸੁਰਗਿ ਨ ਜਾਇਬਾ ਹਰਿ ਪੁਰ ਕੋ ਜਨੁ ਬਾਸੀ
ਜਨਮ ਮਰਨ ਤੇ ਛੂਟਿ ਪਰੇ ਗੁਰ ਕਾਟੀ ਜਮ ਕੀ ਫਾਸੀ । ੧ ।

ਉਸਤਤਿ ਜਿਹਬਾ ਨਿੰਦਿਆ ਤਜਿਬਾ ਤਜਿਬਾ ਕੁਲ ਕੀ ਲਾਜਾ
ਰਾਮ ਰਾਇ ਸਿਉ ਰੰਗੁ ਮਿਲਿਉ ਜਨਿ, ਤੀਨਿ ਭਵਨ ਕੋ ਰਾਜਾ । ੨ ।

ਮਾਇਆ ਤਜਿਬਾ ਮਮਤਾ ਤਜਬਾ ਤਜਬਾ ਕਪਟੁ ਬਿਕਾਰਾ
ਸਾਧੂਜਨ ਸਤਿਗੁਰ ਕਿਰਪਾ ਤੇ ਮਿਲਬੋ ਪ੍ਰਾਨ ਪਿਆਰਾ । ੩ ।

੩੭

ਬਾਹਰਿ ਗੋਬਿੰਦ ਨਾਹਿ ਕਾਇ ਢੰਢੋਲੀਐ
ਢੂੰਢਹੁ ਇਹਿ ਘਟਿ ਮਾਹਿ ਕਤਹੂੰ ਨ ਡੋਲੀਐ । ੧ । ਰਹਾਉ ।

ਜਬ ਲਗਿ ਹਉਮੈ ਹੋਇ ਜੋਨਿ ਭਰਮਾਈਐ
ਆਪਿ ਨਿਵਾਰੇ ਕੋਇ ਅਮਰੁ ਪਦੁ ਪਾਈਐ । ੧ ।

ਰਚਿ ਰਹੁ ਏਕ ਹੀ ਰੰਗਿ ਦੁਬਿਧਾ ਤਿਆਗੀਐ
ਸਾਧ ਜਨਾ ਕੇ ਸੰਗਿ ਸਿਮਰਨ ਲਾਗੀਐ । ੨ ।

ਲਾਲਚ ਲੋਭੁ ਬਿਕਾਰੁ ਕਪਟੁ ਨਹੀ ਕੀਜੀਐ
ਕਰਿ ਸਾਚਾ ਬਿਉਹਾਰੁ ਲਾਹਾ ਲੀਜੀਐ । ੩ ।

ਦੁਲੀਐ ਜਨਮ ਸਵਾਰਿ ਸਰਪਰ ਜਾਵਣਾ
ਸਾਧੂਜਨ ਬੀਚਾਰ ਬਹੁਰ ਨਹੀ ਆਵਣਾ । ੪ ।

੩੮

ਨਿਸ ਦਿਨ ਭਜੀਐ ਰਾਮੁ ਕਿਰਤਿ ਕਰਿ ਖਾਈਐ
ਝੂਠੇ ਲਾਲਚਿ ਲਗਿ ਨ ਜਨਮੁ ਗਵਾਈਐ । ੧ । ਰਹਾਉ ।

ਜਬਿ ਲਗਿ ਘਟਿ ਮਹਿ ਪ੍ਰਾਨੁ ਹਰਿ ਜਸੁ ਗਾਈਐ
ਸਤਿਗੁਰ ਕਾ ਕਰਿ ਧਿਆਨ ਰਿਦੈ ਸੁਖ ਪਾਈਐ । ੧ ।

ਸੰਤਿ ਜਨਾਂ ਕੀ ਧੂਰਿ ਮਸਤਕੁ ਲਾਈਐ
ਜਮਪੁਰਿ ਹੋਇ ਨ ਵਾਸੁ ਹਰਿ ਪੁਰ ਜਾਈਐ । ੨ ।

ਰਸਨਾ ਰਟਿ ਗੋਪਾਲੁ ਜਬ ਲਗਿ ਜੀਜੀਐ
ਸਾਧਸੰਗਤਿ ਮਿਲ ਨਿਤਿ ਅੰਮ੍ਰਿਤ ਪੀਜੀਐ । ੩ ।

ਸਾਕਤ ਸੰਗਤਿ ਦੇਖਿ ਦੂਰਹੁ ਨਾਸੀਐ
ਸਾਧੂਜਨ ਸਤਿਸੰਗਿ ਸਬਦੁ ਪ੍ਰਗਾਸੀਐ । ੪ ।

੩੯

ਗੋਬਿੰਦ ਗਾਇ ਰੇ ਮਨਿ ਗਾਇ
ਬਹੁਰਿ ਯਹਿ ਅਵਸਰ ਨਹੀਂ ਹਰਿ ਸਿਮਰੁ ਬਿਲਮੁ ਨ ਲਾਇ
ਬਹੁੜਿ ਏਹਾਂ ਨ ਆਵਣਾ ਤੇਰਾ ਕਰਨੁ ਅਵਸਰੁ ਜਾਇ । ੧ । ਰਹਾਉ ।

ਅਬ ਘਰੀ ਛਲਿ ਜਾਇਗੀ ਦੇਹੁਰੀ ਦੇਖਿ ਨ ਭੂਲੁ
ਮੂਲ ਜਾਕਾ ਕਾਟੀਐ ਕਿਆ ਕਰੈ ਬਪੁਰਾ ਫੂਲੁ । ੧ ।

ਜਗਤਿ ਕੇ ਜੰਜਾਲਿ ਜੋ ਬਹੁ ਭਾਂਤਿ ਬਾਧਿਓ ਜੀਉ
ਨੀਰ ਨੀਤ ਵਿਰੋਲੀਐ ਕਬਹੂੰ ਨ ਨਿਕਸੈ ਘੀਉ । ੨ ।

ਵਣਜ ਕਰ ਵਣਜਾਰਿਆ ਜਾਂ ਜਾਮੁ ਰੈਣੁ ਬਜਾਰਿ
ਬਹੁੜਿ ਵਣਿਜੁ ਨ ਹੋਇਗਾ ਤੇਰੀ ਏਹਾ ਵਣਿਜਨ ਵਾਰਿ । ੩ ।

ਹਾਟਿ ਬੇਸੁ ਬਿਕਾਰ ਤਜਿ ਕਰੁ ਵਣਜ ਸਾਧਾਂ ਸੰਗਿ
ਸਾਚੁ ਸੁਨ ਸਾਧੁਜਨਾ ਹਰਿ ਨਾਮ ਭਜੁ ਇਕੁ ਰੰਗਿ । ੪ ।

੪੦

ਅੰਨੇ ਪਰਿਤ ਅਰਾਧਿ ਸਿਰਜਣਿਹਾਰ ਨੋ
ਸੁਪਨੇ ਜਿਉਂ ਕਰਿ ਜਾਣੁ ਸਗਲਿ ਸੰਸਾਰ ਨੋ । ੧ । ਰਹਾਉ ।

ਕਿਆ ਸੋਇਆ ਸਠ ਜਾਗੁ ਰੈਣਿ ਵਿਹਾਣੀਆਂ
ਮਾਇਆ ਕੇ ਮਦ ਅੰਧੁ ਨ ਚੇਤੈ ਪ੍ਰਾਣੀਆ । ੧ ।

ਸਚੋ ਸਿਉ ਲਿਵ ਲਾਇ ਬਿਲਮ ਨ ਕੀਜੀਐ
ਕਰਿ ਸਚਾ ਬਿਉਹਾਰੁ ਲਾਹਾ ਲੀਜੀਐ ।੨।

ਲਾਹੇ ਕਾਰਣਿ ਆਇਉ ਮਨ ਵਣਜਾਰਿਆ
ਮੂਲੁ ਗਵਾਇਓ ਮੂੜ ਅਉਗੁਣਿਆਰਿਆ ।੩।
ਕਚੇ ਕੂੜੇ ਕੰਮ ਜਨਮ ਨ ਹਾਰੀਐ
ਸਾਧੂਜਨ ਕਰਤਾਰ ਕਦੇ ਨ ਬਿਸਾਰੀਐ ।੪।

੪੧

ਹਰਿ ਜਸੁ ਮੈਂ ਹਰਿਜਨ ਜਾਗੇ ਰੇ
ਸਾਧੂ ਕਉ ਲੇਪੁ ਨ ਲਾਗੈ ਰੇ ।੧ ਰਹਾਉ।
ਮਾਇਆ ਕੀ ਜਨ ਕਾਨ ਨ ਕਾਢੇ ਠਾਢੀ ਜਨ ਕੇ ਆਗੇ ।
ਜਾਂਕੇ ਜੀਅ ਜੀਵਨ ਕੀ ਆਸਾ ਤਿਸਹੀ ਠਗਨੀ ਠਾਗੇ ।੧।

ਆਪੇ ਕਰਤਾ ਆਪੇ ਹਰਤਾ ਆਪੇ ਹੀ ਪ੍ਰਤਿਪਾਲਕ
ਆਪੇ ਖੇਲਹਿ ਖੇਲਿ ਦਿਖਾਵਹਿ ਆਪ ਪਿਤਾ ਜਗ ਬਾਲਕ ।੨।
ਜਿਸ ਭਾਵੇ ਤਿਸ ਭਗਤਿ ਕਰਾਵੇ ਜਿਸੈ ਭੁਲਾਵੇ ਸੋ ਭੂਲੈ
ਜੈਸੇ ਜੈਸੇ ਪ੍ਰਭੁ ਝੁਲਾਵੇ ਤੈਸੇ ਹੀ ਕੋਈ ਝੂਲੈ ।੩।
ਆਦਿ ਨਿਰੰਜਨ ਅੰਤ ਨਿਰੰਜਨ ਮਧਿ ਬਿਬੇਕੀ ਬੋਲੈ
ਸਾਧੂਜਨ ਕੀ ਧਾਤ ਬਾਵਰੀ ਕੋਈ ਸਾਧੂ ਹੋਇ ਸੁ ਖੋਲੈ ।੪।

੪੨

ਪਰੀ ਹਰਿ ਨਾਮੁ ਜਪਨਿ ਕੀ ਬਾਣਿ
ਅੰਤਹਕਰਣ ਮਿਲੇ ਠਾਕੁਰ ਸੋ ਕਿਆ ਕਾਹੂੰ ਕੀ ਕਾਨ
ਦੁਰਮਤਿ ਦੂਰ ਕਰੀ ਪਰਪੰਚਨ ਕਬਹੂੰ ਨ ਹੋਤੀ ਹਾਨਿ
ਹਰਖ ਸੋਗ ਉਸਤਤਿ ਅਰੁ ਨਿੰਦਾ ਸਭ ਮਾਇਆ ਕੇ ਤਾਨਿ ।੧।

ਕੋਈ ਕਛੂ ਕਹੈਂ ਨ ਕਾਮ ਕਾਹੂ ਸੋ ਲਾਲ ਲੀਓ ਪਹਿਚਾਨਿ
ਪਾਈ ਪ੍ਰੇਮ ਭਗਤਿ ਨਿਰਮਲਿ ਗਤਿ, ਅੰਮ੍ਰਿਤ ਨਿਧਿ ਕੀ ਖਾਨ । ੨ ।

ਨੈਕੁ ਨ ਨਿਆਰੇ ਹੋਹਿ ਹੀਏ ਤੇ ਹਰਿ ਪ੍ਰਾਨਨਿ ਕੇ ਪ੍ਰਾਨ
ਹਮ ਜੈਸੇ ਤੈਸੇ ਸਾਧੂਜਨ, ਕੀਨੇ ਹੈਂ ਕ੍ਰਿਪਾ ਨਿਧਾਨ । ੩ ।

੪੩

ਜਾਤੀ ਪਾਤਿ ਰਾਮ ਨ ਰੀਝੈ ਰੇ । ਕੋਈ ਸਰਨ ਪਰੈ ਸੋ ਸੀਝੈ ਰੇ । ਰਹਾਉ ।

ਤਾਣੇ ਕਉ ਤਣਨਾ ਬਾਣੇ ਕਉ ਬੁਣਨਾ, ਬੁਣਨਾ ਗਹਿਰ ਗੰਭੀਰਾ ਰੇ
ਜਾਂਕੀ ਭਗਤਿ ਪਰਵਾਣ ਭਈ ਵਹੁ ਕਿਆ ਕੁਲਹੀਣ ਕਬੀਰਾ ਰੇ । ੧ ।

ਭੋਲੇ ਭਾਇ ਗੋਬਿੰਦ ਰਾਇ ਸੋਂ ਭਈ ਭਗਤ ਕੀ ਭੇਟਾ ਰੇ
ਜਾਕੀ ਧੇਨ ਸੋ ਠਾਕੁਰ ਚਾਰੇ, ਧੰਨਾ ਜਾਤਿ ਜਟੇਟਾ ਰੇ । ੨ ।

ਬਾਲ ਜਤੀ ਅਵਧੂਤ ਭਗਤ ਕ ਤੂੰ, ਰਹਤਾ ਜਗਤ ਨਿਆਰਾ ਰੇ
ਸੋ ਮੈਂ ਅਪਨੀ ਆਂਖਹੁ ਦੇਖਿਆ, ਲਟਕਨ ਜਾਤਿ ਲੁਹਾਰਾ ਰੇ । ੩ ।

ਤਾਂਤੇ ਪਲ ਨ ਨਿਆਰੇ ਰਹਤੇ, ਰਾਤੇ ਸਦਾ ਸਦੀਪਾ ਰੇ
ਜਾਂਕੀ ਛਪਰੀ ਛਾਇਆ ਕੀਨੀ, ਸੋ ਤਉ ਨਾਮਦੇਉ ਛੀਪਾ ਰੇ । ੪ ।

ਬਿੰਦ੍ਰਾਬਨ ਮਹਿ ਦਰਸਨ ਦੇਖਿਆ, ਬਾਢੀ ਤੋ ਚਤਰਾ ਨਾਗਾ ਰੇ
ਕਲਿ ਤੇ ਕੂਦ ਕਿਨਾਰੇ ਨਿਕਸਿਆ, ਨਰਹਰਿ ਸਿਉ ਮਨ ਲਾਗਾ ਰੇ । ੫ ।

ਪ੍ਰੇਮ ਭਗਤਿ ਕੇ ਪੁਸਤਕ ਕੀਨੇ, ਰਾਮ ਨਾਮ ਕਾ ਗੁਨੀਆ ਰੇ
ਜਾਂਕੀ ਬਾਨੀ ਜਗਤ ਬਖਾਨੀ, ਸੋ ਤੋ ਦਾਦੂ ਧੁਨੀਆ ਰੇ । ੬ ।

ਦਾਸਨ ਕੇ ਜਨ ਦਾਸ ਕਹਾਇਆ, ਹਰਿ ਜਸ ਮਹਿ ਗਲ ਤਾਮਾ ਰੇ
ਜਾਂਕੀ ਭਗਤਿ ਪ੍ਰਵਾਨ ਭਈ ਹੈ, ਕਾਨਾ ਜਾਤਿ ਗੁਲਾਮਾ ਰੇ । ੭ ।

ਆਠ ਪਹਰ ਹਰਿ ਕੇ ਗੁਨ ਗਾਵੈ, ਸਾਹਿਬ ਸਿਉ ਲਿਵ ਲਾਗੀ ਰੇ
ਨੀਚ ਜਾਤਿ ਢਾਡੀ ਕੋ ਬੇਟਾ, ਕਿਆਂ ਪੀਪਾ ਰਬਾਬੀ ਰੇ । ੮ ।

ਜੂਠੇ ਫਲ ਦਾਈ ਭੀਲਨ ਕੇ, ਮਾਨ ਲੀਏ ਗਿਰਧਾਰੀ ਰੇ
ਪ੍ਰੀਤਮ ਕੇ ਪ੍ਰੀਤਮ ਪਰਮੇਸਰ, ਗਰਬੀ ਕੇ ਗਰਬ ਪ੍ਰਹਾਰੀ ਰੇ । ੯ ।

ਨਾਨਕ ਵੇਦੀ ਕੁਲ ਕਾ ਊਚਾ, ਨੀਚਹੁ ਨੀਚ ਕਹਾਇਆ ਰੇ
ਜਗਤ ਗੁਰੂ ਸਭਹੂੰ ਕੇ ਊਪਰਿ, ਤਿਨ ਪਰਮੇਸਰ ਪਾਇਆ ਰੇ । ੧੦ ।

ਜਾਤਿ ਕਮੀਨ ਕਪਟ ਮਨ ਤਿਆਗਿਆ, ਸਹਿਜ ਸਮਾਧਿ ਲਗਾਈ ਰੇ
ਨਾਈ ਸੈਨ ਸਹਜ ਘਰਿ ਆਇਆ, ਪ੍ਰੇਮ ਭਗਤਿ ਗਤਿ ਪਾਈ ਰੇ । ੧੧ ।

ਜਾਕਾ ਸਬਦ ਸੁਨਤ ਜਗਤ ਮਹਿ, ਗਾਵੈ ਗੁਨਿ ਜਨ ਵਾਂਕੇ ਰੇ
ਸੂਰਦਾਸ ਨੈਨਹੁ ਤੇ ਅੰਧੁਲਾ, ਅੰਤਰਿ ਚਾਨਣ ਤਾ ਕੇ ਰੇ । ੧੨ ।

ਆਂਡੇ ਛੀਲੜੇ ਬੱਕਰਾ ਬੋਲਿਆ, ਕਾਹੇ ਬੈਰ ਬਢਾਈਰੇ
ਸੁਨੀ ਪ੍ਰਤੀਤਿ ਪਾਈ ਮਨ ਸਧਨੇ, ਸੋ ਤੋ ਜਾਤਿ ਕਸਾਈ ਰੇ । ੧੩ ।

ਜਾਤੀ ਕਉ ਜਾਟੂ ਭਗਤ ਅਲਬੇਲਾ, ਹਸਨਾ ਡੂਰੇ ਵਾਲਾ ਰੇ
ਜੈਸੇ ਜਲ ਮਹਿ ਕਮਲ ਨਿਰਾਲਮੁ, ਇਉਂ ਜਗ ਮਾਹਿ ਨਿਰਾਲਾ ਰੇ । ੧੪ ।
ਜਾ ਕੇ ਜਸ ਕੀ ਜੋਤਿ ਜਗਤ ਮਹਿੰ, ਹੋਤਾ ਜੈਜੈਕਾਰਾ ਰੇ
ਰਾਮ ਨਾਮ ਸਿਮਰਨ ਕਰਿ ਸੀਝਿਆ, ਸੋ ਰਵਿਦਾਸ ਹਮਾਰਾ ਰੇ । ੧੫ ।

ਕੇਸੋ, ਜੀਵਨ, ਲਾਲ ਖਿਆਲੀ, ਤੀਨੋ ਜਾਤਿ ਸੁਨਾਰਾ ਰੇ
ਭਗਤਿ ਕਰਹਿੰ ਨਾਚਹਿੰ ਅਰ ਗਾਵਹਿੰ, ਪਰਮੇਸਰ ਕੇ ਪਿਆਰਾ ਰੇ । ੧੬ ।

ਕਿਆ ਅਨਾਥ ਬਿਦਰ ਦਾਸੀ ਸੁਤ, ਜਾਕੈ ਗ੍ਰਿਹ ਪ੍ਰਭ ਆਇਓ ਰੇ
ਸਾਧੂਜਨ ਸਭਹੂੰ ਕੋ ਦਾਤਾ, ਸਾਗ ਅਹਾਰ ਅਘਾਇਓ ਰੇ
ਹਰਿ ਨਿਰਮਲ ਜਸ ਗਾਇਓ ਰੇ । ੧੭ ।

੪੪

ਰੰਗ ਬਨਿਆ ਜੀ ਰੰਗ ਬਨਿਆ
ਸਾਧੋ ! ਰੰਗ ਬਨਿਆ । ਮਨ ਲਾਗਾ ਸਤਿਗੁਰ ਨਾਲਿ,
ਇਹ ਮਨ ਮੇਰਾ ਕਢਿ ਖਿਧੋ ਸੁ, ਮਿਹਰ ਦੀ ਨਜ਼ਰ ਨਿਹਾਲ । ੧ । ਰਹਾਉ ।
ਜੈਸੇ ਚੰਦ ਚੜੇ ਗਗਨ ਪਰਿ, ਦੇਖੇਤ ਤਾਹਿ ਚਕੋਰੁ

ਤਿਉ ਮੇਰੇ ਨੈਨ ਨਿਸ ਬਾਸਰ ਲਾਗਿ ਰਹੇ ਗੁਰ ਓਰ । ੧ ।
ਜੈਸੇ ਕਮਲ ਕੁਸਮ ਪਰਿ ਮਧੁਕਰ, ਰੀਝ ਰਹੈ ਉਰਝਾਇ
ਤੈਸੇ ਚਰਨ ਕਮਲ ਪਰ ਮੇਰੋ ਮਨ ਨਿਸ ਦਿਨ ਘੂਮਰ ਪਾਇ । ੨ ।

ਜੈਸੇ ਪ੍ਰੀਤਿ ਬਾਲਕ ਸੰਗਿ ਮਾਤਾ, ਕਰਤ ਅਨੰਦ ਕਲੋਲ
ਤੈਸੇ ਹੀਅਰੇ ਅੰਤਰਿ ਲਾਗਹਿ, ਸਤਿਗੁਰ ਕੇਰੈ ਬੋਲ । ੩ ।

ਜੈਸੇ ਪ੍ਰੀਤਿ ਪੁਰਖ ਪਰ ਨਾਰੀ, ਕਾਮ ਧੁਖਤਿ ਅੰਗਿ ਅੰਗਿ
ਤੈਸੇ ਹੀ ਸਤਿਗੁਰ ਸੋਂ ਮਨ ਲਾਗੋ ਉਪਜਤ ਅਨਤ ਤਰੰਗੁ । ੪ ।

ਜੈਸੇ ਪ੍ਰੀਤਿ ਪਾਨੀ ਸੰਗਿ ਮਛੁਲੀ, ਬਿਛੁਰਿ ਤਰਫਿ ਮਰਿ ਜਾਇ
ਤੈਸੇ ਹੀ ਸਤਿਗੁਰ ਕੇ ਦਰਸਨ, ਬਿਨ, ਤਨ ਮਹਿ ਮਨੁ ਅਕੁਲਾਇ । ੫ ।

ਜੈਸੇ ਪ੍ਰੀਤਿ ਕੁਰੰਕ ਨਾਦ ਸੋਂ, ਅਵਰ ਨ ਰਹਤ ਸਮ੍ਹਾਰਿ
ਤੈਸੇ ਹੀ ਸਤਿਗੁਰ ਕੀ ਬਾਣੀ ਸੁਨਿ ਬਿਸਮੁ ਭਇਓ ਬੀਚਾਰਿ । ੬ ।

ਜੈਸੇ ਪ੍ਰੀਤਿ ਅਮਲ ਸੰਗਿ ਅਮਲੀ, ਚਾਤ੍ਰਿਕ ਬੂੰਦ ਪਿਆਸ
ਤੈਸੇ ਹੀ ਸਤਿਗੁਰ ਕੇ ਸਾਧੂਜਨ ਸਿਮਰਤ ਸੁਆਸਿ ਸੁਆਸਿ । ੭ ।

ਆਸਾ ਕਾਫੀ

੪੫

ਵਾਹ ਫਕਰ ਪਾਤਸਾਹ ਤੂ, ਤੇਰੀ ਅਜਬ ਪਾਤਸ਼ਾਹੀ
ਬੇਤਰੰਦਤ ਤੇਰੀ ਸਾਹਬੀ, ਸਦਾ ਹੋਇ ਹਮਰਾਹੀ । ਰਹਾਉ ।

ਤੇਰੋ ਤਖਤੁ ਤੁਰੀਆ ਬਣਿਓ, ਕੁਦਰਤੀ ਭਲੇ ਵਖਤਿ ਆਇਆ
ਤਹਾਂ ਸਰਸਿ ਬੈਠਕੁ ਬਣੀ, ਫਕਰ ਪਰਮ ਸੁਖ ਪਾਇਆ । ੧ ।

ਦੀਨ ਦੁਖਹਰਨ ਤੁਝ ਕਉ ਦੀਆ, ਹੀਏ ਹਰਫੁ ਹਕਾਨੀ
ਫਕਰ ਪਾਤਸਾਹ ਕੇ ਮੁਲਖ ਮੈਂ; ਭਈ ਅਵਾਦਾਨੀ । ੨ ।

ਤਹ ਜੋਰ ਜਜਤੀ ਨਹੀਂ ਕਰ ਸਕੇ, ਭਇਆ ਰਾਜ ਨਿਰਦੁੰਦੀ
ਪਾਚ ਤਸਕਰ ਫਕਰ ਪਾਤਸਾਹ, ਪਕੜਿ ਦੀਏ ਹੈਂ ਬੰਦੀ । ੩ ।

ਗਇਆ ਗੁਬਾਰੁ ਚਾਨਣੁ ਭਇਆ, ਜੁਗਤਿ ਜੋਤਿ ਪ੍ਰਗਾਸੀ
ਫਕਰ ਕੋ ਰਾਜੁ ਸਾਬਤੁ ਸਦਾ, ਅਦਲ ਕੀਆ ਅਬਿਨਾਸੀ । ੪ ।

ਫਕਰ ਕੋ ਮਿਲਿਆਂ ਦਰਗਾਹ ਤੇ, ਖਿਮਾ ਖਰਚੁ ਅਥਾਹੀ
ਬਡੀ ਬਖਸ਼ੀਸ ਜਗਦੀਸ਼ ਕੀ, ਕਬਹੂੰ ਨਿਖੁਟ ਨਹੀਂ ਜਾਈ । ੫ ।

ਫਕਰ ਪ੍ਰੇਮ ਪਿਆਲਾ ਪੀਆ ਸਹਜ ਸਿਉ, ਕਬਹੂੰ ਖੇਪ ਨਾਹੀ ਖੂਲੇ
ਅਹਲ ਅਲਮਸਤ ਅਨੰਦ ਮੈਂ, ਅਟਲ ਛਤ੍ਰ, ਸਿਰਿ ਝੂਲੇ । ੬ ।

ਫਿਕਰ ਬਿਨ ਫਕਰ ਪਾਤਸਾਹ ਕੋ, ਕੋਈ ਮਰਮੁ ਨਹੀਂ ਜਾਨੈ
ਦੀਨ ਦੁਨੀਆ ਦੋਊ ਜਹਾਨ ਮੈਂ, ਤੇਰੀ ਭਗਤਿ ਹਰਿ ਮਾਨੈ । ੭ ।

ਦਿਆਲ ਦਰਸਨ ਤੇਰਾ ਦੇਖੀਐ, ਨੂਰ ਨਜ਼ਰ ਮੈਂ ਝਾਕੀ
ਸਾਧੂਜਨ ਕੋਈ ਬਖਤ ਕਾ ਬਲੀ, ਤੇਰੇ ਦਰਸ ਕੋ [illegible] । ੮ ।

੪੬

ਨਿਰਮਲ ਨਾਮ ਸਮਾਲ ਵੇ ਪ੍ਰਭੂ ਜੀ ਕਾ ਕੀਰਤਨ ਕੀਜੀਐ
ਜੀਅ ਮੈਡੜਿਆ ਪ੍ਰਭ ਜੀ ਕਾ ਕੀਰਤਨ ਕੀਜੀਐਂ । ਰਹਾਉ ।
ਸੋਈ ਦੀਵਾ ਬਾਲ ਵੇ ਕਦੇ ਅਨ੍ਹੇਰਾ ਨ ਥੀਵੈ । ੧ ।
ਜਲ ਥਲ ਊਭ ਪਇਆਲ ਵੇ, ਪੂਰਿ ਰਹਿਆ ਸਰਬਤ੍ਰ ਮੈਂ । ੨ ।
ਚਲੀਏ ਨਿਰਮਲ ਚਾਲ ਵੇ ਸਾਧਾਂ ਦੀ ਸੰਗਤਿ ਬਸੀਐ । ੩ ।
ਹਰਿ ਸਿਮਰਨ ਕੀ ਮਾਲ ਵੇ, ਸਾਸ ਕੋ ਸੂਤ ਪਰੋਈਐ । ੪ ।
ਬਿਖਿਆ ਕੇ ਜੰਜਾਲ ਵੇ ਜਮ ਕੰਕਰ ਤੇਰੇ ਜੀਆਂ ਦੇ । ੫ ।
ਇਕ ਨ ਚਲੀ ਤੇਰੇ ਨਾਲ ਵੇ, ਜਿਨਾ ਨੇ ਵੇਖਿ ਗਰਬਿਓ । ੬ ।
ਜਮ ਦੀ ਕਉਨ ਮਜਾਲ ਵੇ, ਤੇਰਿਆਂ ਸਾਧਾਂ ਨੂੰ ਦਰਸਨ ਦੇ ਸਕੇ । ੭ ।
ਤੇਰਿਆਂ ਸਾਧਾਂ ਦੀ ਚਰਣ ਰਵਾਲ ਵੇ,
ਨਿਵ ਨਿਵ ਮਸਤਕਿ ਲਾਈਐਂ । ੮ ।
ਪੀਚਨ ਚਰਣ ਪਖਾਲ ਵੇ ਹੋਇ ਸਰੀਰ ਸੁ ਪਾਵਨਾ । ੯ ।
ਕਰੋ ਰਾਗਨ ਨਾਲ ਵੇ, ਉਮਗ ਉਮਗ ਜਸ ਗਾਈਐ । ੧੦ ।

ਪ੍ਰੇਮ ਭਗਤਿ ਕੇ ਤਾਲ ਦੇ, ਪ੍ਰਭ ਜੀ ਕੇ ਆਗੈ ਨਾਚੀਐ । ੧੧ ।
ਠਾਕੁਰ ਦੀ ਧਰਮਸਾਲ ਦੇ, ਤੋਟ ਨ ਕਬਹੂੰ ਆਵਸੀ । ੧੨ ।
ਸੋਈ ਪਾਸਾ ਢਾਲ ਦੇ ਜਿਤ ਜਨਮੁ ਅਮੋਲਕ ਜੀਤੀਐ । ੧੩ ।
ਸਾਧੂਜਨ ਦੇ ਖਿਆਲ ਦੇ, ਖਾਲਕੁ ਖਾਲੀ ਨ ਕਰੈ । ੧੪ ।

ਬਿਹਾਗੜਾ

੪੭

ਤੇਰੇ ਗੁਨ ਜੇਤੇ ਤੇਤੇ ਅਵਗੁਨ ਮੇਰੇ
ਪ੍ਰਭੁ ਗਿਨਹਿ ਨ ਜਾਹਿ ਗਰੁੜ ਧੁਜਗਾਮੀ
ਤੁਮਰੇ ਨਿਕਟਿ ਕੈਸੇ ਪਹੁੰਚਨ ਪਾਵਉਂ
ਕਪਟੀ ਕੁਟਲ ਕੁਟੀਚਰ ਕਾਮੀ । ੧ । ਰਹਾਉ ।

ਮਾਇਆ ਭਰਮਾਇਆ ਹੋ ਜਤਨ ਕਰਿ ਥਾਕਿਓ
ਤਰਿ ਨ ਸਕਉਂ ਤੇਰੀ ਲੀਲ੍ਹਾ ਅਤਿਲਾਮੀ
ਜੋ ਜੋ ਸਰਨਿ ਪਰੇ ਚਰਨਨ ਕੀ
ਤੇਊ ਤੇਊ ਕੀਏ ਪ੍ਰਭ ਪਾਰਿਗਰਾਮੀ । ੧ ।

ਕੇਤੇ ਪਤਿਤ ਤੈਂ ਕ੍ਰਿਤਾਰਥ ਕੀਨੇ
ਮੈਂ ਕਿਆ ਕਹੌਂ ਤੁਮਹੌਂ ਅੰਤਰਜਾਮੀ
ਸਾਧੂਜਨ ਨਾਮੁ ਮੋਹੇ ਜਗਤਿ ਪ੍ਰਗਟਿਓ
ਬਿਰਦੁ ਸਮਾਰਿ ਕਿਰਪਾ ਨਿਧਿ ਸੁਆਮੀ । ੨ ।

੪੮

ਜਾਗ ਰੇ ਜਾਗਨ ਕੀ ਬੇਲਾ
ਸੁਰਤਿ ਸਮਾਰਿ ਨਿਹਾਰਿ ਜਨਮ ਕਉ
ਹਰਿ ਬਿਸਾਰਿ ਦੀਓ ਮੋਹਿ ਹੇਲਾ । ੧ । ਰਹਾਉ ।

ਇਹ ਅਉਸਰਿ ਬਡਭਾਗੀ ਜਾਗੀ ਆਗੈ, ਹੋਇ ਸੋਈ ਸੰਤ ਸੁਹੇਲਾ
ਲਿਵ ਲਾਗੀ ਸਾਚੇ ਸੁਆਮੀ ਸਿਉ
ਤਿਆਗੇ ਕਪਟ ਕਰਨ ਕੇ ਕੇਲਾ । ੧ ।

ਅਪੁਨਾ ਆਪੁ ਅਥਾਪਿ ਕੀਆ ਜਿਨਿ
ਜਾਪੁ ਜਪੈ ਅਦਭੁਤ ਅਲਬੇਲਾ
ਚੇਤਨ ਤਨ ਚਿਤਵਨਾ ਚੁਕੀ ਚਿਹਨ ਪਰਿਓ ਚੇਤਨ ਕੋ ਚੇਲਾ । ੨ ।

ਜਾਕੇ ਘਟਿ ਸਤਿਗੁਰ ਕਿਰਪਾ ਤੇ
ਪ੍ਰਗਟਿਤ ਪ੍ਰਬਲ ਬਿਬੇਕ ਬਘੇਲਾ
ਤਾਕੇ ਆਗੈ ਕਹਾ ਲਉ ਭਾਗੈ
ਲਾਲਚਿ ਲੋਭੁ ਲਿਬਾਸੀ ਲੇਲਾ । ੩ ।

ਪਾਂਚ ਕੀ ਆਂਚ ਭੁਜੈ ਕਾਇਆ ਕਉ
ਜੈਸੇ ਭੂਜੈ ਤਰਕਾਰੀ ਕਉ ਤੇਲਾ
ਤਿਨ ਕਉ ਤਜਿ ਹਰਿ ਭਜ ਸਾਧੂਜਨ
ਬਹੁਰਿ ਨਹੀ ਇਆ ਤਨ ਸਿਉ ਮੇਲਾ । ੪ ।

ਵਡਹੰਸ

੪੯

ਅੰਮ੍ਰਿਤ ਪ੍ਰੇਮ ਪਿਆਲਾ ਸਤਿਗੁਰ ਭਰਿ ਦੀਆ
ਸੰਤ ਭਇਆ ਮਤਵਾਲਾ ਅੰਮ੍ਰਿਤ ਰਸ ਪੀਆ

ਆਵਹਿ ਬਾਝਹਿ ਬਾਤਿ ਮੈ ਸਤਿਗੁਰ ਤੇ ਪਾਈ
ਭਈ ਪਰਮ ਕੁਸਲਾਤਿ ਹਰਿ ਜੀ ਸਿਉ ਬਣਿ ਆਈ

ਬਿਖਿਆ ਕੇ ਜੰਜਾਲ, ਜੀਆ ਤੇ ਦੂਰਿ ਕੀਏ
ਦੀਨਿ ਦਿਆਲ ਕਿਰਪਾਲ, ਕਿਰਪਾ ਕਰਿ ਮੇਲ ਲੀਏ

ਪ੍ਰੇਮ ਭਗਤਿ ਕੀ ਚਾਲ ਘਟਿ ਮਹਿ ਪ੍ਰਗਟਿ ਭਈ
ਹਰਿ ਸਿਮਰਨ ਕੀ ਮਾਲ ਕੰਠਿ ਪਰੋਇ ਲਈ
ਪੰਚ ਤਤ ਕੋ ਪੁਤਰਾ ਤਾਤੇ ਭਿੰਨ ਭਇਆ
ਜਨਮ ਮਰਨ ਕਾ ਸੰਸਾ ਜੀਆ ਤੇ ਉਤਰਿ ਗਇਆ
ਜਾਗਤ ਸੁਪਨ ਸਖੋਪਤਿ ਜੋਗ ਜੁਗਤਿ ਤੁਰੀਆ
ਤਾਤੇ ਪਰੇ ਪਰਮ ਤਤ, ਅਬਿਗਤਿ ਕੀ ਪੁਰੀਆ
ਤਹਾਂ ਬਸਹਿ ਸਾਧੂਜਨ ਬਪੁਰੇ ਬਡਭਾਗੀ
ਯਹ ਗਤਿ ਸੋਈ ਕੋਈ ਜਾਣੈ, ਜਾ ਕੀ ਲਿਵ ਲਾਗੀ ।੧।

੫੦

ਕੋਈ ਦਿਨ ਮਾਣ ਲੈ ਰੰਗ ਰਲੀਆਂ
ਇਹ ਅਉਸਰ ਹਰਿ ਕੇ ਰੰਗ ਰੰਗੀਆ
ਧੰਨਿ ਧੰਨਿ ਤੇ ਅਲੀਆ ।੧। ਰਹਾਉ ।

ਸਿਮਰਨਿ ਕਰ ਸ੍ਰੀ ਨਰਹਰਿ ਜੀ ਕਾ ਕਰਿ ਕਰਤੂਤੀ ਭਲੀਆਂ
ਹਰਿ ਕੇ ਨਾਮੁ ਬਿਨੁ ਭੋਗ ਜੋ ਭੋਗੈ
ਜਾਨ ਬਿਖੁ ਕੀ ਡਲੀਆਂ ।੧।

ਜੈਸੋ ਬੀਜਿ ਬੀਜੈ ਧਰਤੀ ਮਹਿ ਤੈਸੋ ਪਤ੍ਰਸਨਿ ਫਲੀਆਂ
ਜੋ ਜੋ ਤੈਂ ਕਰਤੂਤੀਂ ਕੀਤੀਆਂ ਸੇ ਤੇਰੇ ਸੰਗਿ ਚਲੀਆਂ ।੨।
ਬੇਮੁਖੀਆਂ ਅਪੁਨੇ ਮੁਖਿ ਦੁਖੀਆਂ ਕ੍ਰੋਧ ਅਗਨਿ ਸੰਗ ਜਲੀਆਂ
ਕਪਟ ਕਮਾਵਣ ਖਸਮ ਨ ਭਾਵਨਿ ਜੀਆਵਤਿ ਭਖਿ ਝਲੀਆਂ ।੩।
ਕੁਟਲ ਕੁਟੀਚੜੀਆਂ ਕਲਜੁਗ ਦੀਆਂ ਕਿਨੈ ਬਿਬੇਕੀ ਛਲੀਆਂ
ਦੂਰਹੁ ਦਿਸਨਿ ਜਲ ਜਿਉ ਝਿਲਮਿਲ
ਨੇਰਹੁ ਤਾਪਨਿ ਤਲੀਆਂ ।੪।
ਇਹ ਅਉਸਰ ਫਿਰਿ ਹਥਿ ਨ ਆਵੈ ਫੇਰ ਫਟੀਸੀ ਤਲੀਆਂ

ਤੂਟੇ ਫੂਲਿ ਪਰੇ ਝੜਿ ਭੁਇ ਪਰਿ
ਫੇਰਿ ਨ ਬੀਸਨਿ ਕਲੀਆ । ੫ ।
ਅਚਲ ਸੁਹਾਗੁ ਜਿਨ੍ਹਾਂ ਦੇ ਸਿਰ ਪਰਿ ਹਰਿ ਸਨਮੁਖਿ ਹੋਇ ਖਲੀਆਂ
ਸਾਧੂਜਨ ਪ੍ਰਭ ਅਪਨੇ ਘਟਿ ਮੈਂ ਬਾਹਰਿ ਗੋਲੂ ਨ ਗਲੀਆ । ੬ ।

੫੧

ਅਤਿ ਲੜਬਾਵਲੀ ਬਾਤਿ ਕੋਈ ਗੁਰਮੁਖਿ ਬੂਝੈ ਸੰਤ ਬਿਬੇਕੀ
ਅਲਖ ਨਿਰੰਜਨ ਸਿਉ ਬਨਿ ਆਈ ਇਕ ਮਨ ਏਕਾ ਏਕੀ । ੧ । ਰਹਾਉ ।

ਭਰਿ ਭਰਿ ਪੀਵੈ ਪ੍ਰੇਮ ਪਿਆਲਾ, ਮਹਾਂ ਮਗਨਿ ਹਰਿ ਰਸ ਮਤਵਾਲਾ
ਕੰਠਿ ਬਨੀ ਹਰਿ ਜਸੁ ਕੀ ਮਾਲਾ, ਪਰੀ ਝਰੋਖੇ ਝਾਤਿ । ੧ ।

ਜਬ ਕੀ ਬਾਤ ਝਰੋਖੇ ਪਰੀਆ, ਤਬ ਕੀ ਚੂਕਿ ਗਈ ਸਭ ਡਰੀਆ
ਘਟਿ ਮਹਿ ਪ੍ਰਗਟ ਭਏ ਨਰਹਰੀਆ, ਭਈ ਪਰਮ ਕੁਸਲਾਤਿ । ੨ ।

ਪਰਮ ਕੁਸਲ ਪਾਇਓ ਅਲਿਬੇਲੇ, ਕੁਸਲੀ ਪਰਮ ਕੁਸਲ ਸਿਉਂ ਖੇਲੇ
ਸਤਿਗੁਰ ਪੁਰਖੁ ਪਛਾਣਿਆ ਚੇਲੈ,ਭਜਨ ਕਰੈਂ ਦਿਨ ਰਾਤਿ । ੩ ।

ਹਰਿ ਕੋ ਭਜਨ ਕਰੇ ਬਡਭਾਗੀ, ਅੰਤਰਿ ਪ੍ਰੀਤਿ ਨਿਰੰਤਰਿ ਲਾਗੀ
ਸਾਧੂਜਨ ਬਪੁਰੋ ਬੈਰਾਗੀ, ਪਾਰਬ੍ਰਹਮ ਕੀ ਜਾਤਿ । ੪ ।

ਵਡਹੰਸ ਅਲਾਹੁਣੀਆ

੫੨

ਤੇਰਾ ਮਰਣਾ ਨੇੜੇ ਆਇਆ ਜਿੰਦ ਨਿਮਾਣੀਏ ਨੀ
ਤੂੰ ਜੀਵਨ ਕਾਰਣਿ ਲੋੜਹਿ ਕੂੜ ਲੁਭਾਣੀਏ ਨੀ । ੧ । ਰਹਾਉ ।

ਤੇਰੇ ਸਾਥਿ ਨ ਚਲੈ ਸਰੀਰ ਕੂਚਿ ਕਰ ਜਾਵਣਾ
ਤੇਰੇ ਅੰਤ ਸਮੇਂ ਕਿਸੇ ਹਰਿ ਬਿਨੁ ਕੰਮੁ ਨ ਆਵਣਾ
ਬਾਲਪਣ ਤਰਣੇਪਾ ਸੁਪਨੇ ਜਿਉਂ ਗਇਆ

ਹੁਣਿ ਆਜਜ਼ ਕੀਆ ਬੁਢੇਪੇ ਅਤਿ ਦੁਰਬਲ ਭਇਆ । ੧ ।

ਕਫਹਿ ਕੀਆ ਬਿਕਰਾਲ ਬਾਤ ਐਸੀ ਬਨੀ
ਜਬ ਲਗਿ ਘਟਿ ਮਹਿ ਸਾਸਿ ਸਿਮਰਿ ਸਾਚਾ ਧਨੀ
ਇਹੁ ਲੋਭੀ ਲੰਪਟਿ ਲੋਕੁ ਲਿਬਾਸੀ ਬਹੁ ਘਣੇ
ਤੁਧਨੋ ਮਿਲਿ ਮਿਲਿ ਸੰਗਿ ਡੂੰਘੇ ਡੁਬਣੇ । ੨ ।

ਬਾਲ ਅਵਸਥਾ ਵਿਚਿ ਹਰਿ ਨਹੀ ਚੇਤਿਆ
ਕੰਚਨਿ ਅਪਣੇ ਹਾਥਿ ਇਆਣੀ ਰੇਤਿਆ
ਹੀਰੇਂ ਗਇਆ ਨਿਕੰਮਾ ਬਾਇ ਨ ਲਾਹਿਆ
ਟਾਲੇ ਟੋਲੇ ਕਰਦਿਆਂ ਸੋ ਦਿਨਿ ਆਇਆ । ੩ ।

ਇਸ ਮਨ ਕੂੰ ਪੰਥ ਸੁ ਪੰਥ ਨ ਜੋਲਣਾ
ਬੋਲਣ ਸਬਦੁ ਸੁ ਸ਼ਬਦੁ ਕੁ ਸਬਦੁ ਨ ਬੋਲਣਾ
ਹਰਿ ਸਿਮਰਨਿ ਬਿਨੁ ਬੋਲਿ ਜੋ ਬੋਲਿ ਗਵਾਵਣਾ
ਤੇਰਾ ਮੰਦਾ ਚੰਗਾ ਕਿਸੈ ਨ ਬੋਲਿਆ ਭਾਵਣਾ । ੪ ।

ਸੱਤਰ ਗਏ ਬਹੱਤਰਿ ਬੁਢੇਪਾ ਆਇਆ
ਤੇਰਾ ਹੱਸਿਆ ਖੇਡਿਆਂ ਲੋਕਾਂ ਕਹੀਂ ਨ ਭਾਇਆ
ਜੋਬਨ ਹਥਿ ਡੰਗੋਰੀ ਦੇ ਕਰ ਚਲਿਆ
ਮੈਂ ਕੀਤੇ ਜਤਨ ਅਨੇਕ ਨ ਰਹਿੰਦਾ ਠੱਲ੍ਹਿਆ । ੫ ।
ਮਾਨਸ ਜਨਮ ਅਮੋਲੁ ਬਾਦਿ ਨਹੀ ਖੋਵਣਾ
ਕਰਮ ਭੂਮਿ ਕੇ ਖੇਤਿ ਕੁਬੀਜਿ ਨ ਬੋਵਣਾ
ਜੇਹੀ ਜੇਹੀ ਹੋਇ ਜੋ ਕਰਮ ਕਮਾਵਣਾ
ਮੰਦਾ ਚੰਗਾ ਕੀਤਾ ਆਪਣਾ ਪਾਵਣਾ । ੬ ।

ਸਚ ਸਤਿਗੁਰ ਕਾ ਉਪਦੇਸਿ ਜੀਅ ਵਿਚਿ ਰੱਖਣਾ
ਸਦਾ ਸਹਾਈ ਧਰਮ ਸੁ ਧਰਮ ਸੁਲੱਖਣਾ
ਸਾਧੂਜਨ ਹਰਿ ਸਿਮਰਿ ਦੀਨ ਦੁਖ ਭੰਜਨਾ

ਤੇਰੀ ਏਹ ਸਿਮਰਨਿ ਦੀ ਵੇਲਾ ਨਾਥਿ ਨਿਰੰਜਨਾ । ੭ ।
ਵਾਹਿ ਵਿਹੂਣੇ ਸਾਧ ਜੁ ਆਵਣਿ ਕਬ ਘਰੇ
ਮੈਂ ਦੇਨੀ ਹਾਂ ਘਰਿਬਾਰਿ ਜੇ ਆਵਣਿ ਵਤਿ ਫਿਰੇ
ਸਾਧੂਜਨ ਹਰਿ ਸਿਮਰਿ ਪਤਤਿ ਕੇ ਪਾਵਨਾ
ਤੇਰਾ ਇਹ ਸਿਮਰਣੁ ਦਾ ਵੇਲਾ ਬਹੁੜਿ ਨਹੀ ਆਵਣਾ । ੮ ।

ਧਨਾਸਰੀ

ਪਤ

ਹਾਂਕਤਿ ਹੈ ਹਰਿ ਰਥ ਅਰਜਨ ਕਾ ।
ਭਗਤਿ ਅਧੀਨ ਪਤਿਤ ਕੋ ਪਾਵਨਿ,
ਪ੍ਰਗਟਿ ਨੀਸਾਨਿ ਪਰਜੋ ਜਾ ਧੂਨ ਕਾ । ਰਹਾਉ ।
ਦੁਸ਼ਟ ਸਭਾ ਮਹਿ ਕਿਨਹੂੰ ਨ ਦੇਖਿਆ, ਦਰਸਨ ਦਰੁਪਤ ਸੁਤਾ ਕੇ ਤਨ ਕਾ
ਖਾਇਓ ਸਾਗ ਬਿਦਰ ਕੇ ਗ੍ਰਿਹ ਕਾ, ਗਰਬ ਪ੍ਰਹਾਰਿਓ ਦੁਰਜੋਧਨ ਕਾ । ੧ ।
ਪੂਤ ਕੇ ਹੇਤੁ ਅਜਾਮਲੁ ਉਧਰਿਓ, ਸੂਆ ਪੜਾਵਤਿ ਉਧਰੀ ਗਨਕਾ
ਜਨਮ ਜਨਮ ਕੇ ਪਾਪ ਬਿਨਸ ਗਏ,
ਲਾਗੋ ਹਰਿ ਸਿਮਰਨ ਕਾ ਠਨਕਾ । ੨ ।
ਅੰਤਰਿਜਾਮੀ ਪ੍ਰਾਨਨਾਥ ਬਿਨ ਮਰਮ ਕਹਾਂ ਜਾਨੈ ਕੋਊ ਮਨ ਕਾ
ਚਰਨ ਸਰਨ ਪ੍ਰਭ ਪਤਿਤ ਪਾਵਨਿ ਕੀ, ਇਹੀ ਆਸਰਾ ਸਾਧੂਜਨ ਕਾ । ੩ ।

ਪਦ

ਤੁਲਸੀ ਕੀ ਮਾਲਾ ਹਾਥੀ ਕਬ ਹਾਥਿ ਲੀਨੀ ।
ਬੰਧਨ ਕਾਟਿ ਖਲਾਸ ਕੀਏ ਹੈਂ ਜਿਨ ਪਰਿ ਅਪਨੀ ਕਿਰਪਾ ਪ੍ਰਭੂ ਕੀਨੀ । ੧ ।
ਕਬ ਰਵਿਦਾਸ ਪੁਰਾਨ ਪੜ੍ਹਨ ਗਇਓ ਪ੍ਰੇਮ ਭਗਤਿ ਜਾਂ ਕੋ ਪ੍ਰਭ ਦੀਨੀ
ਕਿਆ ਕੁਲਹੀਨ ਕਬੀਰ ਕਾਸਬੀ ਅਗਮ ਨਿਗਮ ਕੀ ਬਾਤੇ ਚੀਨੀ
ਕਵਨ ਕਰਮ ਕੁਸਲੀ ਭਇਓ ਅਜੈਮਲ ਗਨਕਾ ਕਵਨ ਕਰਮ ਪਰਬੀਨੀ
ਤੇ ਬਪੁਰੇ ਭਏ ਬੈਕੰਠ ਬਾਸੀ ਮਾਲਾ ਕੰਠਿ ਬਿਖਿਆ ਕੀ ਬੀਨੀ । ੨ ।

ਤਿਨ ਕਉ ਕਿਆ ਉਧਰਨ ਕਾ ਸੰਸਾ, ਤੁਮਰੋ ਭਜਨ ਜਾਂਕੀ ਰਸਨਾ ਭੀਨੀ
ਬਨੀਆ ਕਾ ਨਾਮ ਪਰਿਓ ਸਾਧੂਜਨ
ਤੁਮ ਬਿਨ ਕਹਾਂ ਕਰਤੁ ਅਰਧੀਨੀ। ੩।

੫੫

ਅਵਰ ਪਤਿਤ ਹਮ ਤੇ ਸਭ ਊਰੇ
ਮਹਾਂ ਪਤਿਤ ਪਰਿ ਆਪਨੀ ਕਿਰਪਾ ਕਰੀ
ਪਤਿਤ ਉਧਾਰਨਿ ਤੁਮ ਤੇ ਪੂਰੇ। ੧। ਰਹਾਉ।

ਬਹੁਤ ਜਨਮ ਕਾ ਪਤਿਤ ਪੁਰਾਤਨ, ਅਜਹੂੰ ਤੋ ਕਰਮ ਕਮਾਵਤ ਕੂਰੇ
ਕਪਟ ਕੋ ਭੇਖ ਕੀਆ ਕਲਜੁਗ ਮਹਿ
ਘੁੰਗਰੂ ਬਾਂਧਿ ਬਜਾਵਤ ਤੂਰੇ। ੧।

ਲੋਭ ਕੀ ਲਹਿਰ ਲਪੇਟ ਲੀਏ ਹੈਂ, ਨਟ ਕੇ ਕਪਿ ਜਿਉਂ ਕੀਏ ਖਲੂਰੇ
ਕਿਰਪਾ ਨਿਧਾਨ ਕਿਰਤਾਰਥ ਕੀਜੈ, ਦੀਜੈ ਸੰਤ ਚਰਨ ਕੀ ਧੂਰੇ। ੨।

ਇਹ ਤਉ ਬਾਤ ਪ੍ਰਗਟਿ ਹੋਇ ਪਸਰੀ ਸਰਨ ਪਰੇ ਤੇ ਕਬਹੂੰ ਨ ਝੂਰੇ
ਬਨੀਏ ਕਾ ਨਾਮੁ ਪਰਿਓ ਸਾਧੂਜਨ
ਰਾਖਹੁ ਪੈਜ ਸਰਨ ਕੇ ਸੂਰੇ। ੩।

੫੬

ਕਾਲੀ ਨਾਥ ਕੇ ਮਾਥੇ ਊਪਰਿ
ਨ੍ਰਿਤਤਿ ਨਾਥ ਤ੍ਰਿਭੰਗੀ ਨਟੂਵਾ। ੧। ਰਹਾਉ।

ਮੋਰ ਮੁਕਟ ਮਣਿ ਕੰਠ ਮੁਰਲੀ ਮੁਖ, ਕਵਲ ਨੈਨ ਅਦਭੁਤ ਭੇਖ ਬਟਵਾ
ਕੰਚਨ ਕੁੰਡਲ ਸ੍ਰਵਨ ਸੋਹਣੇ ਲੁਰਕਤ ਲਲਤ ਕਪੋਲਨ ਤਟਵਾ
ਬਾਰਜ ਬਦਨ ਕੇ ਨਿਕਟਿ ਲਟਕਤਿ
ਮਾਨੋ ਅਲ ਗੁੰਜਤਿ ਘੁੰਘਰਾਲੀ ਲਟਵਾ। ੧।

ਅੰਤਿ ਹਾਛੀ ਕਟਿ ਕੰਚਨ ਕੀ ਛਬਿ ਸਾਮ ਅੰਗ ਪ੍ਰੇਵੇ ਪੀਤ ਪਟਵਾ
ਪਗ ਨੂਪਰ ਨਾਨਾ ਬਿਧਿ ਬਾਜੈ, ਬਾਢਿਓ ਪ੍ਰੇਮ ਕੋ ਨੇਮੁ ਅਘਟਵਾ । ੨ ।

ਹਮ ਕਾਮੀ ਕਰੋਧੀ ਕਲਿਜੁਗ ਕੇ ਨਾਮ ਤੇਰੋ ਕਲਮਲ ਕੋ ਕਟਵਾ
ਚਰਨ ਸਰਨਿ ਪ੍ਰਭੂ ਪਤਿਤ ਪਾਵਨ ਕੀ
ਸਾਧੂਜਨ ਤੇਰੇ ਨਾਮ ਕੋ ਰਟਵਾ । ੩ ।

੫੭

ਮੇਰੀ ਪ੍ਰੀਤਿ ਗੋਬਿੰਦ ਸਿਉਂ ਨ ਘਟੈ
ਮਿਲੇ ਪ੍ਰੀਤਮ ਸਬਲਿ ਕਾਟਿ ਕਲਿਮਲਿ
ਸਕਲ ਰਾਮ ਕੋ ਨਾਮੁ ਰਸਨਾ ਰਟੈ । ੧ । ਰਹਾਉ ।

ਤਪਤਿ ਤਨ ਤੇ ਗਈ ਸਾਂਤਿ ਮਨ ਮੈ ਭਈ, ਪਤਤਿ ਪਾਵਨ ਕੀਏ ਕਰਨਹਾਰੇ
ਕਾਢਿ ਲੀਏ ਕਠਨਿ ਸਿੰਧੁ ਸੰਸਾਰ ਤੈਂ
ਦੀਨ ਦੁਖ ਹਰਨਿ ਬਿਨੁ ਕਵਨ ਤਾਰੇ । ੧ ।

ਪਰਮ ਸੰਤੋਖੁ ਪਾਇਓ ਚਰਨ ਕਮਲ ਸਿਉ
ਰਹੀ ਲਿਵਲਾਗ ਨਹੀਂ ਟਰਤ ਟਾਰੀ
ਸਾਧੂਜਨ ਸਰਨਿ ਅਘ ਹਰਨ ਗੋਪਾਲ ਕੀ
ਮਿਟੈ ਸੰਸਾ ਮਿਲੇ ਸ੍ਰੀ ਮੁਰਾਰੀ । ੨ ।

੫੯

ਆਰਤੀ

ਮੇਰੀ ਰਾਮ ਜੀ ਕੇ ਨਾਮੁ ਕੋ ਬੰਦਨਾ
ਪਤਿਤ ਪਾਵਨ ਕੀਏ ਮੇਲ ਪਾਰਸ ਲੀਏ
ਕਾਟ ਕਲੀਕਾਲ ਕੇ ਫੰਧਨਾ । ੧ । ਰਹਾਉ ।
ਰਹਤਿ ਅਲਮਸਤ ਉਨਮਨ ਉਦੋਂ ਅਸਤਿ ਲਉਂ

ਜਲ ਕਮਲ ਜਿਉਂ ਬਸਉਂ ਗ੍ਰਿਹਸਤ ਮਾਂਹੀ
ਸ੍ਰੀ ਰਾਮ ਕੇ ਨਾਮ ਕਉ ਸਦਾ ਸਿਮਰਨ ਕਰਉਂ
ਬਹੁਤਿ ਜੰਜਾਲਿ ਮੈਂ ਪਰਉਂ ਨਾਹੀ ।
ਭਗਤ ਕਉ ਖੰਡਨਾ ਦੁਸਟ ਕਉ ਡੰਡਨਾ
ਕਰਨ ਕਾਰਨ ਕਿਰਪਾ ਸਿੰਧੁ ਸੁਆਮੀ
ਸਾਧੂਜਨ ਜਨਮ ਅਰ ਮਰਨ ਕਾ ਭਰਮ ਭਿਓ
ਭਏ ਨਿਰਭੌ ਕੋਇ ਪਾਰ ਗ੍ਰਾਮੀ । ੨ ।

੫੯

ਗੁਣਿ ਨਿਧਿ ਗੋਬਿੰਦ ਰਾਇ, ਤੇਰੀ ਮਹਿਮਾ ਬਰਨੀ ਨ ਜਾਇ
ਤੂੰ ਘਟਿ ਘਟਿ ਰਹਿਆ ਸਮਾਇ
ਕੈਸੀ ਤੇਰੀ ਆਰਤੀ ਕਰਉਂ । ੧ । ਰਹਾਉ ।
ਹਰਿ ਅਗਮ ਅਗਾਧਿ ਅਲੇਖ ਨਿਰੰਜਨ ਕਰਨਾ ਨਿਧਿ ਕਰਤਾਰ
ਮੈਂ ਮਤਹੀਨ ਕਹਾਂ ਗੁਣ ਗਾਵਉਂ ਤੇਰਾ ਮਰਮ ਨ ਪਾਵਉਂ ਪਾਰ । ੧ ।
ਹਰਿ ਅੰਤਰਜਾਮੀ ਤ੍ਰਿਭਵਨ ਸੁਆਮੀ ਅਵਗੁਣਿ ਮੇਟਿ ਮਿਲਾਇ
ਭਗਤਿ ਦਾਨ ਕਿਰਪਾ ਕਰ ਦੀਜੈ, ਸਾਧੂਜਨ ਬਲਿ ਬਲਿ ਜਾਇ । ੨ ।

੬੦

ਕੈਸੀ ਆਰਤੀ ਕਰਉਂ ਤੇਰੀ ਕਰਣਹਾਰ
ਪਉਣ ਪਾਣੀ ਅਗਨਿ ਚੰਦ ਸੂਰਜ
ਗਗਨ ਤਾਰਕਾ ਮੰਡਲਾ ਤੂੰ ਹੀ ਧਾਰੇ । ੧ । ਰਹਾਉ ।
ਏਕ ਤੇ ਅਨੇਕ ਬਿਧਿ ਬਿਸਥਰਿਓ ਅਗਮ ਗਤਿ ਪਰੇ ਤੇ ਪਰੇ ਨਿਆਰੇ
ਸਭ ਕੇ ਅੰਤਰੇ ਸਭ ਕੇ ਬਹਰੇ ਅਦਿਭੁਤ ਚਰਿਤ ਦੀਸਹਿ ਤਿਹਾਰੇ । ੧ ।
ਅੰਡਜ ਜੇਰਜ ਸੇਤਜ ਉਤਭੁਜਾ ਚਾਰ ਖਾਣੀ ਸਗਲ ਗਿਣਤ ਤਾਰੇ

੬੧

ਜੈਜਾਵੰਤੀ

ਦੀਨਾਬੰਧੁ ਦੀਨਾਨਾਥ ਸਰਨ ਸਰਨ ਸਰਨ ਹੋ । ੧ । ਰਹਾਉ ।
ਦਰੋਪਤੀ ਕਉ ਕਠਨਿ ਬਨੀ, ਲਾਜ ਪਰੀ ਤੋਹਿ ਧਨੀ
ਤੇ ਹਿਤ ਓਹ ਚਰਨਨ ਲਾਗੀ ਕ੍ਰਿਸ਼ਨ ਕ੍ਰਿਸ਼ਨ ਕਰਨ ਹੋ । ੧ ।
ਗਜਪਤਿ ਰੋਕੈ ਜਲ ਮੈਂ ਤਾਂਤੇ ਪ੍ਰਭ ਆਏ ਪਲ ਮੈ
ਏਕ ਨਿਮਖ ਮਨ ਮਾਹਿ ਅਰਾਧੇ ਸ੍ਰੀ ਗੋਪਾਲ ਚਰਨ ਹੋ । ੨ ।

ਭੀਖਮ ਜੂ ਪ੍ਰਨ ਕੀਨੋ ਧਾਨ ਛਾਡਿ ਸਸ਼ਤ੍ਰ ਲੀਨੋ
ਭਗਤ ਕੇ ਹਿਤਕਾਰੀ ਨਾਥ ਪਤਿਤ ਕੇ ਉਧਰਨ ਹੋ । ੩ ।

ਸਾਧੂਜਨ ਸਰਨਿ ਆਏ ਸੁਖ ਪਾਏ ਗੁਨ ਗਾਏ
ਭਜਨ ਤੇ ਪੁਨੀਤਿ ਕੀਨੇ ਦੇਖੇ ਨਾਂਹੀ ਬਰਨ ਹੋ । ੪ ।

੬੨

ਐਸੋ ਅਬਿਨਾਸੀ ਨਾਥ ਧਿਆਨ ਹੂ ਮੈਂ ਧਿਆਵਣਾ
ਇਹੀ ਅਵਸਰਿ ਈਹਾ ਬਾਰ ਬਹੁਰਿ ਨਹੀ ਆਵਣਾ । ੧ । ਰਹਾਉ ।
ਪਰਮ ਪ੍ਰਬੀਨ ਪ੍ਰਭੁ ਪਰਮ ਸੋ ਪਾਵਨਾ
ਪਰਮ ਦਇਆਲ ਹਰਿ ਹੀਅਰੇ ਹਿਤਾਵਣਾ । ੧ ।

ਮਾਇਆ ਕੀ ਸਮਿਗ੍ਰੀ ਦੇਖਿ ਕਾਹੇ ਕਉ ਡੋਲਾਵਣਾ
ਸੁਪਨੇ ਕੀ ਨਿਆਈਂ ਛਾਈਂਮਾਈਂ ਹੋਇ ਜਾਵਣਾ । ੨ ।

ਨਿਰਮਲ ਨਾਮ ਜਾਂਕੋ ਤਾਕੋ ਜਸੁ ਗਾਵਣਾ
ਸਾਧੂਜਨ ਸਿਮਰਿ ਸਿਮਰਿ ਸਿਮਰਿ ਸੁਖ ਪਾਵਣਾ । ੩ ।

੬੩

ਸਹਨੇ ਕੋ ਸਾਗਰ ਤੇਰੋ ਨਾਮ ਲਗਿ ਤਰਨਾ
ਅੰਤਰਜਾਮੀ ਹੋ ਸੁਆਮੀ ਗਰੜ ਗਾਮੀ ਗੋਬਿਂਦ
ਆਤਮੇ ਕੋ ਅੰਤਰਿ ਰਾਖੋ ਤੇਰੋ ਚਰਨਾ । ੧ । ਰਹਾਉ ।

ਜਬ ਤੇਂ ਜਨਮੁ ਲੀਆ ਸੁਕ੍ਰਿਤ ਨ ਕਛੂ ਕੀਆ
ਪ੍ਰਭ ਜੀ ਜੋ ਦੀਆ ਸੋਈ ਮਾਥੇ ਪਰ ਧਰਨਾ
ਪਤਿਤ ਪੁਨੀਤ ਕੀਜੈ ਸਾਧ ਕੀ ਸੰਗਤਿ ਦੀਜੈ
ਆਪਨੀ ਭਗਤਿ ਤੇ ਬੇਮੁਖ ਨ ਕਰਨਾ । ੧ ।

ਮਾਇਆ ਕੇ ਭਰਮ ਭੂਲੇ ਕਰਮ ਕੀਏ ਕਸੂਲੇ
ਫੂਲ ਫੂਲ ਫੂਲੇ ਫਿਰਹਿ ਬਿਸਰਿ ਗਇਓ ਮਰਨਾ
ਸਾਧੂਜਨ ਕੋ ਸਮਾਲਿ ਬਿਰਦੁ ਤੇਰੋ ਕਿਰਪਾਲ
ਕਾਹੇ ਨ ਕੀਜੈ ਨਿਹਾਲ ਆਇਓ ਤੇਰੀ ਸਰਨਾ । ੨ ।

੬੪

ਹਰਿ ਕੋ ਭਜਨ ਮੇਰੇ ਪ੍ਰਾਨ ਕੇ ਪਰਾਨੀਆ
ਸੁਆਸ ਹੂੰ ਕੋ ਸੂਤ੍ਰ ਹਰਿ ਨਾਮ ਨਿਜ ਮਨੀਆ । ੧ । ਰਹਾਉ ।

ਜੈਸੇ ਚੰਦ ਕੋ ਚਕੋਰ ਚਕਵੀ ਚਿਤਵਤਿ ਭੋਰੁ
ਤੈਸੇ ਮਿਰਗ ਮੋਹੇ ਧੁਨਿ ਸੁਨਿ ਸ੍ਰਵਨਨੀਆ
ਐਸੇ ਹੀ ਤੇਰੋ ਧਿਆਨੁ ਹਿਦੇ ਮੈਂ ਭਇਓ ਪਰਵਾਨੁ
ਚਾਤ੍ਰਿਕ ਚਾਹਤ ਜੈਸੇ ਘਨ ਕੋ ਪਰਨਨੀਆ । ੧ ।

ਦਿਨ ਦਿਨ ਦੂਨਾ ਪ੍ਰੇਮ ਦੂਸਰੋ ਨ ਕੋਊ ਨੇਮ
ਤੁਮਰੋ ਸੁ ਜਸੁ ਰਸੁ ਰਟਤੀ ਰਸਨੀਆ

ਜੀਵਨ ਪਰ ਹਮਾਰੀ ਟਰੈ ਨ ਕਾਹੂ ਕੀ ਟਾਰੀ
ਨਿਸਿ ਦਿਨ ਦਾਮ ਗਨੈ ਜੈਸੇ ਬਨੀਆ । ੨ ।

ਜਲ ਬਿਨ ਮੀਨ ਕੈਸੇ ਜੀਵਹਿ ਜਾਨ ਪ੍ਰਬੀਨ
ਦੀਨ ਕੇ ਦਇਆਲ ਦੁਖ ਦਾਰਦ ਦਲਨੀਆ

ਸਾਧੂਜਨ ਕੇ ਪਰਤੀਤਿ ਪਤਿਤ ਭਏ ਪੁਨੀਤ
ਬਿਰਦ ਸੁਨੀਤ ਪ੍ਰੀਤਿ ਬਾਢੀ ਬਹੁ ਘਨੀਆ । ੩ ।

੬੫

ਤੇਰਾ ਨਾਉਂ ਮਿੱਠੜਾ ਸਾਈਂ
ਜਿਨਾ ਨੇ ਕ੍ਰਿਪਾ ਕਰਕੇ ਦਿਤੋ, ਮੈਂ ਤਿਨਾਂ ਥੋਂ ਬਲਿ ਜਾਈਂ । ਰਹਾਉ ।

ਮਾਂਗਉ ਦਾਨ ਭਗਤਿ ਦਾ ਸਾਹਿਬਾ, ਫਿਰਿ ਨ ਭ੍ਰਮ ਭੁਲਾਈਂ
ਅਠੇ ਪਹਿਰ ਫਿਰਾਂ ਇਤੁ ਆਹਰ, ਲਾਗਿ ਤੁਸਾਡੜੀ ਪਾਈਂ । ੧ ।

ਜਿਧਰਿ ਗੱਲ ਤੁਸਾਡੜੀ ਸੁਣੀਐ, ਤਿਧਰਿ ਤਿਧਰਿ ਜਾਈ
ਮੇਰੇ ਦਾਤਾ ਤੁਸਾਡਾ ਅਸਾਂ ਕੂ, ਕਿਸ ਦਾ ਹੋਰ ਸਹਾਈ । ੨ ।

ਮੋਹਨੀ ਮੂਰਤਿ ਲਾਲ ਬਿਹਾਰੀ, ਅਸਾਂਕੂੰ ਦਰਸ ਦਿਖਾਈ
ਸਾਧੂਜਨ ਕੇ ਦਾਸ ਉਧਾਰੇ, ਪ੍ਰੇਮ ਜਿਨ੍ਹਾਂ ਦਰਿ ਗਾਈ । ੩ ।

੬੬

ਜੋ ਸੁਖ ਪ੍ਰੇਮ ਭਗਤਿ ਮੈਂ ਪਾਇਓ
ਸੋ ਸੁਖ ਨਹੀਂ ਸੰਸਾਰ ਸਕਲ ਮੈਂ
ਸਨਮੁਖ ਦੁਰਮਤਿ ਦੁਰੈਰਾਇਓ । ੧ । ਰਹਾਉ
ਦੇਖੇ ਮੈਂ ਜੋਗੀ ਜਤੀ ਦਿਗੰਬਰਿ, ਤਿਨਹੂ ਤੁਮ ਕਿ ਦਰਸਨ ਦਿਖਲਾਇਓ
ਗਿਆਨ ਕਰੰਤੇ ਗਿਆਨੀ ਦੇਖੇ, ਤਿਨਹੂ ਪਰਸਪਰ ਬਾਦ ਬਢਾਇਓ । ੧ ।

ਪੁਸਤਕ ਪੜਤੇ ਪੰਡਿਤ ਦੇਖੇ, ਲੋਭ ਕੇ ਲਾਲਚ ਜਿਨ੍ਹੋਂ ਲਲਚਾਇਓ
ਕਥਨੀ ਕਥਤੇ ਕਬਿ ਜਨ ਦੇਖੇ, ਤਿਨਹੂ ਤੋਂ ਕਥਿ ਕਿਛੁ ਅੰਤ ਨ ਪਾਇਓ

ਕਵਨ ਕੀਆ ਤੀਰਥ ਪਰਸਨ ਕਉ, ਗੰਗਾ ਜਾ ਪ੍ਰਾਚੀ ਜਾਇ ਨ੍ਹਾਇਓ
ਸੀਤਲ ਸ਼ਾਂਤਿ ਨ ਕਿਨਹੂੰ ਦੀਨੀ, ਦੂਣ ਚਉਣ ਕਲੇਸ ਕਰਾਇਓ । ੩ ।

ਰਾਜ ਕਰੰਤੇ ਰਾਜੇ ਦੇਖੇ, ਤਿਨ ਕਉ ਸੁਖ ਸੁਪਨੇ ਨਹੀਂ ਆਇਓ
ਸਭ ਦੁਖੀਏ ਕੋਈ ਸੁਖੀ ਨ ਦੇਖਿਆ
ਸੋ ਸੁਖੀਆ ਜਿਨਿ ਹਰਿ ਜਸੁ ਗਾਇਓ । ੪ ।

ਦੇਖੇ ਕਲਿ ਕੇ ਗੁਰ ਪ੍ਰਪੰਚੀ, ਤਿਨਹੂੰ ਕਪਟ ਕਰਿ ਜਗ ਭਰਮਾਇਓ
ਸਭ ਤੇ ਛੂਟਿ ਪਰੈ ਸਾਧੂਜਨ, ਕਟਿ ਜੰਜੀਰ ਫਕੀਰ ਕਹਾਇਓ । ੫ ।

੬੭

ਤਿਲੰਗ

ਰਾਮੁ ਜਪ ਰੇ ਜੀਅ ਰਾਮ ਜਪ ਤੇਰੇ ਜਪਨ ਕੀ ਵੇਲਾ
ਇਹ ਅਉਸਰ ਬਹੁਰਿ ਨ ਪਾਈਐ ਮੁਝੇ ਦੀਓ ਹੈ ਹੇਲਾ । ੧ । ਰਹਾਉ ।

ਦਹੀ ਨ ਥੀਵੇਂ ਦੋਸਤੀ ਨਹੀਂ ਮੋਲ ਬਿਕਾਵੇ
ਤਨੁ ਮਨੁ ਸਉਂਪੈ ਸੰਤ ਕਉ ਤਉ ਪ੍ਰੇਮ ਰਸ ਪਾਵੈ । ੧ ।

ਤੁਰੀਆ ਅਤੀਤ ਗਤਿ ਬਾਵਰੀ ਕਟੇ ਕਰਮ ਕੀ ਫਾਸੀ
ਅੰਤਰਿਜਾਮੀ ਪਾਈਐ ਮਿਲੈ ਪੁਰਖ ਅਬਿਨਾਸੀ । ੨ ।

ਕਾਮ ਕ੍ਰੋਧ ਤ੍ਰਿਸ਼ਨਾ ਤਜੈ ਬਸੈ ਸਤ ਪਦ ਮਾਹੀ
ਭਗਤ ਭਗਵੰਤ ਤਿਹ ਭੇਟੀਐ ਭ੍ਰਮ ਭੇਦ ਕੁਛ ਨਾਹੀ । ੩ ।

ਤਾਂਹਿ ਸੋ ਕਪਟਿ ਕੈਸੇ ਬਨੈ ਜੋ ਜੀਅ ਕੀ ਜਾਨੈ
ਸਾਧੂ ਜਨ ਸਤਿਗੁਰ ਮਿਲੈ ਸੋ ਤਤੁ ਪਛਾਨੈ । ੪ ।

੬੮

ਗਾਫਲਾ ਗੁਮਾਨ ਛਾਡਿ ਆਖਰ ਮਰਨਾ ਹੈ
ਸਤਿਗੁਰ ਕੀ ਆਗਿਆ ਹਰਿ ਸਿਮਰਨ ਕਰਨਾ ਹੈ । ੧ । ਰਹਾਉ ।

ਸਿਮਰਨ ਕਰਿ ਸੁਆਸ ਸੁਆਸ ਆਪ ਕਉ ਪਛਾਨਿ
ਹੋਇ ਨ ਅਚੇਤ ਅਵਧ ਬੀਤੀ ਹੀ ਜਾਨ । ੧ ।

ਜ਼ਿਕਰ ਬਿਕੁਨ ਹਰ ਦਮ ਖੁਦ ਰਾ ਬਿਸ਼ਨਾਸ਼
ਹੇਚ ਨੇਸਤ ਮੁਦਤ ਬੇਖਬਰ ਨ ਬਾਸ਼ । ੨ ।

ਮਾਦਰ ਪਿਦਰ ਬਿਰਾਦਰ ਫਰਜ਼ੰਦ ਯਾਰ ਖੇਸ਼
ਨਾ ਬਿਕੁਨ ਮੁਹੱਬਤ ਦਿਲ ਕਾਮਲ ਦਰਵੇਸੁ । ੩ ।

ਬਿਨ ਗੁਪਾਲ ਅਵਰ ਧਿਆਨ ਧਰਤ ਨਹੀ ਸਾਧ
ਸਾਧੂ ਜਨ ਕਹਤਿ ਲਾਇ ਸਾਚੁ ਕੀ ਸਮਾਧਿ । ੪ ।

੬੯

ਹਰਿ ਨਾਮੁ ਲੈ ਰੇ ਬੰਧੁ ਬਿਲਮ ਨ ਕਰੁ ਰੇ
ਡਗਮਗ ਛਾਡਿ ਸਾਚੇ ਸਾਹਿਬ ਤੇ ਡਰੁ ਰੇ । ੧ । ਰਹਾਉ ।
ਦੇਖਹੁ ਰੇ ਕਉਤਕ ਕੈਸੋ ਰਾਮ ਜੀ ਕੇ ਖਿਆਲ ਕਾ
ਕੀਨੋਂ ਹੈ ਅਨੂਪ ਰੂਪ ਕੈਸੀ ਕੋਥੀ ਖਾਲ ਕਾ । ੧ ।

ਅਚਰਜ ਰਾਮ ਜੀ ਕੇ ਲਖੇ ਨ ਜਾਹਿ
ਕਾਚੀ ਖਲ ਪਉਣ ਭਰੀ ਖਿਨ ਮਹਿ ਬਿਲਾਹਿ । ੨ ।

ਤਾਗਾ ਤੂਟਨਹਾਰਾ ਹੂਆ ਟੂਟੇ ਨਾਹੀ ਕੂਟੇਗਾ
ਕਾਲ ਕੇ ਕਲਾਵੇ ਹੂੰ ਤੇ ਕਬਹੂੰ ਨ ਛੂਟੇਗਾ । ੩ ।

ਤੇਰਾ ਤਨੁ ਐਸਾ ਜੈਸਾ ਪਾਣੀ ਮੈਂ ਲੋਨ ਰੇ
ਗਰ ਗਰ ਗਇਓ ਤਬ ਤੇਰਾ ਪਾਛੇ ਕੌਨੁ ਰੇ । ੪ ।

ਪਾਣੀ ਮੈ ਫਲੋੜਾ ਪੜਿਓ ਪਾਣੀਆ ਪਰਿ ਜੈਸੋ ਰੇ
ਸੋਹਨਾ ਸਰੀਰ ਤੇਰਾ ਦੇਖੀਓ ਤਉ ਤੈਸੋ ਰੇ । ੫ ।

ਪਾਨੀ ਮੈ ਪਤਾਸਾ ਜੈਸਾ ਤਨ ਕਾ ਤਮਾਸ਼ਾ ਰੇ
ਤਾਂਕੇ ਬੀਚ ਬਾਸਾ ਤਾਕੀ ਕੈਸੀ ਕੀਜੈ ਆਸਾ ਰੇ । ੬ ।

ਪੂਨਵਤਿ ਸਾਧੂਜਨ ਅਵਸਰ ਤੇਰੋ ਏਹੀ ਰੇ
ਰਾਮ ਜੀ ਕੇ ਨਾਮ ਬਿਨੁ ਕੋਈ ਨ ਸਨੇਹੀ ਰੇ । ੭ ।

੧੦

ਤਿਲੰਗ ਕਾਫੀ

ਵਾਹ ਮਿਹਰਵਾਨਾ ! ਵਾਹ ਤੇਰੀ ਸਾਹਿਬੀ ਸਾਚੀ
ਸ੍ਰਿਸਟਿ ਕੀਨੀ ਕਈ ਭਾਂਤਿ ਕੀ ਨਾਨਾ ਬਿਧਿ ਰਾਚੀ । ੧ । ਰਹਾਉ ।

ਕਈ ਕੋਟਿ ਬ੍ਰਹਮੇ ਤੇਰੇ ਦਰਿ ਖੜੇ ਮਹਾਦੇਵ ਅਵਧੂਤਾ
ਪਰੇ ਤੇ ਪਰੇ ਤੂੰ ਪਾਤਿਸ਼ਾਹ ਕੋਈ ਪਾਰ ਨ ਪਹੂਤਾ । ੧ ।

ਕਈ ਕੋਟਿ ਸੁਰ ਸਿਧਿ ਸੇਵੈਂ ਖੜੇ ਪੜੇ ਪ੍ਰਭ ਸਰਨਿ ਤੇਰੀ
ਸਕਲ ਤੇ ਸਬਲ ਜਗਿ ਲਛਮੀ ਤੇਰੇ ਚਰਨ ਕੀ ਚੇਰੀ । ੨ ।

ਕਈ ਕੋਟਿ ਅਵਤਾਰ ਤੇਰੇ ਕੀਏ ਭਗਤ ਜਗਤ ਮਹਿ ਆਏ
ਸਿਫਤ ਤੇਰੀ ਕਰੈਂ ਦਰਿ ਖਰੈ ਕੋਈ ਪਾਰਿ ਨ ਪਾਏ । ੩ ।

ਸਾਧੂਜਨ ਸਿਫਤ ਕਿਆ ਕਰਿ ਸਕੈ ਬਿਸਮਿ ਭਇਆ ਮਨ ਮਾਂਹੀ ।
ਨੀਚ ਤੇ ਨੀਚ ਅਤਿ ਨਾਨੜੋ, ਮੇਰੇ ਬੀਚਿ ਕਿਛੂ ਨਾਹੀ । ੪ ।

੧੧

ਮੇਲਿ ਲੈ ਲਾਲ ਜੀ ਮੇਲਿ ਲੈ ਤੇਰਾ ਲਾਲਾ ਗੋਲਾ
ਤੇਰਾ ਬਿਰਦ ਨਿਰਮੋਲਾ, ਮੇਰਾ ਨਾਊਂ ਹਰਿ ਬੋਲਾ । ੧ । ਰਹਾਉ ।

ਪਤਿਤ ਪਾਵਨ ਮੇਰੇ ਮਾਧਵਾ ਮੁਝੈ ਕਰੋ ਮਨ ਮੇਲੀ
ਤੁਝ ਬਿਨ ਅਵਰ ਦੂਜਾ ਨਹੀ ਮੇਰੇ ਜੀਅ ਕਾ ਬੇਲੀ । ੧ ।

ਤਮਕਾ ਤਿਸਨਾ ਬਹੁ ਬਢ ਰਹੀ ਕਬਹੂੰ ਸਾਂਤਿ ਨਹੀ ਪਾਵੈ
ਉਲਟ ਸੀਤਲ ਕਰਹੁ ਕੇਸਵਾ ਤੇਰੋ ਬਿਮਲ ਜਸੁ ਗਾਵੈ । ੨ ।

ਕਾਮ ਕੀ ਲਹਿਰ ਤਨ ਕੋ ਗੁਸੈ ਉਠੈ ਰੰਗਿ ਉਨ ਮਾਤੇ
ਤੁਝ ਬਿਨਾਂ ਕਉਣ ਰਖਿਆ ਕਰੈ ਮੇਰੇ ਸਰਬ ਸੁਖ ਦਾਤੇ । ੩ ।

ਸ੍ਵਾਨ ਜਿਉਂ ਲੋਭ ਲਾਗਾ ਫਿਰੈ ਸਗਲ ਜਗਤਿ ਪੁਕਾਰੈ
ਤੁਧੁ ਬਿਨ ਕਉਨ ਐਸੀ ਕਰੈ ਮੋਸੇ ਪਤਿਤ ਕਉ ਤਾਰੈ । ੪ ।

ਗੁਣ ਕੋਈ ਸਭ ਕੀਏ ਗੁਣ ਕਰੈ ਕਾਂਕੀ ਪਰਉ ਸਰਨਾਈ
ਪਤਿਤ ਪਾਵਨ ਮੇਰੇ ਮਾਧਵਾ, ਮੇਰੀ ਮੇਟਿ ਬੁਰਿਆਈ । ੫ ।

ਜਾਂ ਪਹਿ ਜਾਇ ਬਿਰਥਾ ਕਹਉਂ, ਸੋਈ ਅਧਿਕ ਦੁਖ ਭਰਿਆ
ਪਰਮ ਕ੍ਰਿਪਾਲ ਦੁਖ ਭੰਜਨਾ, ਤੇਰੀ ਸਰਨਿ ਜਨੁ ਪਰਿਆ । ੬ ।

ਸਾਧੂਜਨ ਤੁਮਰਾ ਕੀਆ ਐਸਾ ਪਤਿਤ ਹੌ ਬਨੀਆ
ਸ੍ਵਾਸ ਕੇ ਸੂਤ ਪ੍ਰੋਵਤ ਰਹੌਂ, ਤੇਰੋ ਨਾਮੁ ਨਿਜ ਮਨੀਆ । ੭ ।

੭੨

ਸ੍ਰੀ ਗੋਪਾਲ ਕੈਸੀ ਕੁਦਰਤਿ ਕੀਨੀ, ਕਛੂ ਨ ਜਾਨੀ ਜਾਈ ਜੀ
ਕਿਸ ਹੀ ਜੈਸਾ ਕੋਇ ਨ ਕੀਆ, ਐਸੀ ਕਲਾ ਬਨਾਈ ਜੀ । ਰਹਾਉ ।

ਕਾਂਚਾ ਕਲਸੁ ਕਲੇਵਰ ਕੂਤਾ, ਬੀਚ ਬੰਦੇ ਕਾ ਬਾਸਾ ਜੀ
ਅਪੁਨਾ ਆਪਿ ਸਮਝਿ ਨਹੀਂ ਦੇਖਹਿ, ਐਸਾ ਅਜਬ ਤਮਾਸਾ ਜੀ । ੧ ।

ਬੰਦਾ ਗੰਦਾ ਬੇਮੁਨਿਆਦਾ, ਬਹੁਤੁ ਬਡਾਈ ਕਰਤਾ ਜੀ
ਮਾਇਆ ਮਾਰਿ ਖਰਾਬ ਕੀਆ ਹੈ, ਮੇਰੀ ਕਰਿ ਕਰਿ ਮਰਤਾ ਜੀ । ੨ ।

ਮਾਇਆ ਜੋਰ ਜੁਲਮ ਕਰਿ ਜੋੜੀ, ਕਾਹੂੰ ਸੰਗਿ ਨ ਚਾਲੀ ਜੀ
ਭੂਲੇ ਭਉਂਦੂ ਭਗਤਿ ਬਿਸਾਰੀ, ਅੰਤਿ ਚਲਿਆ ਉਠਿ ਖਾਲੀ ਜੀ । ੩ ।

ਬਦਫੈਲੀ ਮਨ ਕੀ ਮਤਿ ਮੈਲੀ, ਸੂ ਹਿ ਨ ਸਾਚੀ ਸਾਖੀ ਜੀ
ਬਖਸਹੁ ਤੋ ਸਾਧੂਜਨ ਮੀਤੇ, ਪਰਿਆ ਤਿਹਾਰੀ ਪਾਖੀ ਜੀ । ੪ । ੫

ਸੂਹੀ

੧੩

ਜਾਗਿ ਪਿਆਰਿਆ ਜਾਗ ਵੇ ਕਿਆ ਸੁਖ ਭਰਿ ਸੋਇਆ
ਤੇਰੇ ਸਿਰਿ ਪਰਿ ਕਾਲੁ ਮਹਾਂ ਬਲੀ ਸਾਰ ਸ ਧਿ ਖਲੋਇਆ । ੧ । ਰਹਾਉ ।
ਸਿਮਰਨ ਕਰਿ ਹਰਿਨਾਮੁ ਕਾ ਜਬ ਲਗਿ ਤੇਰੀ ਬੇਲਾ
ਟੂਟੇ ਤਰੁਵਰ ਪਾਤ ਜਿਉਂ ਫਿਰਿ ਨਾਹਿ ਨ ਮੇਲਾ । ੧ ।
ਤੂੰ ਪਰਦੇਸੀ ਪ੍ਰਾਹੁਣਾ ਨਿਸਿ ਕੀਆ ਬਸੇਰਾ
ਭੋਰ ਭਈ ਉਠਿ ਜਾਇਗਾ ਫਿਰਿ ਕਰਹਿ ਨ ਫੇਰਾ । ੨ ।
ਬੀਤ ਗਇਆ ਜੋਬਨੁ ਬਲੀ ਭਈ ਬਿਰਧ ਵਰੇਸਾ
ਨ ਤੇਬਤਿ ਬਾਜੀ ਅੰਤਿ ਕੀ ਸੁਨਿ ਸਾਰਿ ਸੰਦੇਸਾ । ੩ ।
ਕੈ ਬਰੀਆਂ ਤੁਝਿ ਕਉ ਕਹਿਆ ਤੂੰ ਸਮਝਤ ਨਾਹੀ
ਮੂੰੜ ਪਰੈਗੋ ਮੂਸਲਾ ਪਾਛੈ ਪਛੁਤਾਹੀ । ੪ ।
ਨਾਮ ਨਿਰੰਜਨ ਨਾਥ ਕਾ ਨਿਰਮੋਲਕੁ ਮਣੀਆ
ਸੁਆਸ ਕੇ ਸੂਤ ਪ੍ਰੋਇ ਲੈ ਸਾਧੂਜਨ ਬਣੀਆ । ੫ ।

੧੪

ਹਰਿ ਸਿਮਰਿ ਸਵੇਰੇ ਵੇ ਤੇਰਾ ਏਹੋ ਵੇਲਾ ਹੈਈ
ਸੰਤਾਂ ਸੰਗਿ ਮਿਲੇ ਵੇ ਤੈਨੂੰ ਨਿਰਮਲ ਪਦਵੀ ਦੇਈ । ੧ । ਰਹਾਉ ।
ਤਬ ਲਗਿ ਹਰਿ ਸਿਮਰਨ ਕੀਜੈ ਵੇ ਜਬ ਲਗਿ ਅਉਧ ਨ ਨੇੜੇ ਆਈ
ਇਹ ਮਨ ਅਨਤ ਨ ਦੀਜੈ ਵੇ ਹਰਿ ਭਜਿ ਤਜ ਮਨ ਤੇ ਅਲਸਾਈ । ੧ ।

ਮੇਰਾ ਪ੍ਰਭੁ ਅੰਤਰਜਾਮੀ ਵੇ ਹਿਰਦੇ ਕੀ ਬਾਤਿ ਪਛਾਨੈ
ਤ੍ਰਿਭਵਣਪਤਿ ਸੁਆਮੀ ਵੇ ਕਪਟੀ ਕਉ ਕਬਹੂੰ ਨ ਮਾਨੈ । ੨ ।

ਸੋਈ ਸਾਧੁ ਸੁਖਾਲਾ ਵੇ ਜਿਨਿ ਹਰਿ ਸਿਮਰਨ ਕਰਿ ਲੀਆ
ਝੂਲੇ ਮਤਵਾਲਾ ਵੇ ਭਰਿ ਪ੍ਰੇਮ ਪਿਆਲਾ ਪੀਆ । ੩ ।

ਇਕ ਮਨ ਹੋ ਰਹੀਏ ਵੇ ਸ੍ਰੀ ਨਰਹਰਿ ਸਿਮਰਨ ਕੋ ਸੂਆ
ਸੋਈ ਸਾਧੂਜਨ ਕਹੀਏ ਵੇ, ਜਾਕਾ ਆਛਾ ਹਿਰਦਾ ਹੂਆ । ੪ ।

ਬਿਲਾਵਲ

੭੫

ਸਤਿਗੁਰ ਤੂੰ ਮੇਰੇ ਪ੍ਰਾਨ ਅਧਾਰੁ, ਦੇਖ ਬਿਨ ਕਿਉਂ ਜੀਵੇਂ । ੧ । ਰਹਾਉ ।
ਖਟ ਪਦ ਜਿਉ ਜਨ ਹੋਇ ਰਹੇ ਚਰਨ ਕਮਲ ਸਿਉਂ ਧਿਆਨ
ਪਰਸਿ ਪਰਮ ਸੁਖਿ ਪਾਈਐ ਜਨੁ ਅੰਮ੍ਰਿਤ ਰਸ ਗਲਤਾਨੁ
ਸਾਚ ਸਬਦੁ ਗੁਰਦੇਵ ਕਾ ਜਗਤਿ ਸਮੁੰਦਰ ਸਮਾਨਿ
ਸੇਵਕ ਬਪੁਰੇ ਮੀਨ ਹੈਂ ਤਿਹ ਬਿਛੁਰਤਿ ਨਿਕਸਹਿ ਪ੍ਰਾਨ । ੨ ।
ਸਤਿਗੁਰ ਮੂਰਤਿ ਚੰਦੁ ਮਹਾ ਸੀਤਲ ਸੁਧਿ ਨਿਧਾਨ
ਸੇਵਕ ਨੈਨ ਚਕੋਰਿ ਹੈ ਤਹਾਂ ਦ੍ਰਿਸਟਿ ਨ ਰਾਖਹਿ ਆਨ । ੩ ।
ਤਨੁ ਮਨੁ ਧਨੁ ਸਭੁ ਵਾਰੀਐਂ ਜੇ ਪ੍ਰਾਪਤਿ ਹੋਵੈ ਗੁਰ ਗਿਆਨ
ਸਾਧੂਜਨ ਬਲਿਹਾਰਨੈਂ, ਦੇਹਿ ਦਰਸਨ ਮਾਂਗਉਂ ਦਾਨ । ੪ ।

੭੬

ਜਾ ਹਰਿ ਮਨਹੁ ਨ ਵੀਸਰੈ ਤਬ ਕਵਨ ਸੰਤਾਵੈ
ਤਾਕੌਂ ਚਿੰਤਾ ਕਵਨ ਕੀ ਜਾਕੈ ਪ੍ਰਭ ਚਿਤਿ ਆਵੈ । ੧ । ਰਹਾਉ ।

ਜਨ ਪ੍ਰਹਿਲਾਦਿ ਭਗਤਿ ਕਰੈ ਨਿਰਮਲੁ ਜਸੁ ਗਾਵੈ
ਹਰਨਕ ਸੰਖ ਦੇ ਸ ਸਨਾ ਪ੍ਰਭੁ ਗਰਬੁ ਮਿਟਾਵੈ । ੧ ।

ਚੀਰ ਸਭਾ ਕੈ ਦ੍ਰੋਪਤੀ, ਖਲ ਨਗਨ ਕਰਾਵੈ
ਲੱਜਾ ਰਾਖੀ ਰਾਮਰਾਇ, ਜਗਿ ਸੋਭਾ ਪਾਵੈ ।੨।

ਰਾਮੁ ਨਾਮੁ ਤਜਹਿ ਨਹੀਂ ਸੁਲਤਾਨੁ ਬੰਧਾਵੈ
ਪੈਜ ਸਵਾਰੀ ਸਿਆਮ ਹੈ ਸੁਰਹੀ ਜੀਵਾਵੈ ।੩।

ਸਰਨਿ ਤਿਹਾਰੀ ਮਾਧਵਾ ਕਲਜੁਗ ਭ੍ਰਮਾਵੈ
ਸਾਧੂਜਨ ਸੰਸਾਰਿ ਮਹਿ, ਤੇਰਾ ਦਾਸ ਕਹਾਵੈ ।੪।

੭੭

ਸਾਹਿਬ ਅੰਤਰਿ ਕੇ ਜਾਮੀ ਜੀ
ਕੋਈ ਪਾਰਾਵਾਰ ਨ ਪਾਇ ਸਕੈ ਤੇਰੀ ਲੀਲ੍ਹਾ ਲਾਮੀ ਜੀ
ਸਿਰਕਾਰ ਤੇ ਕੋਈ ਨ ਦੂਰਿ ਕੀਆ ਸਭਹੂ ਕੇ ਸੁਆਮੀ ਜੀ ।ਰਹਾਉ।

ਕੈਸੇ ਕਰੀ ਉਤਪਤਿ ਕੋਈ ਕਿਸਹੀ ਨ ਜੈਸਾ ਹੈ
ਐਸੀ ਦੇਖਿ ਕੁਦਰਤਿ ਆਪ ਜੈਸੇ ਕਾ ਤੈਸਾ ਹੈ ।੧।

ਜੋ ਤਉ ਪਤਿਤ ਨ ਭਾਵਤਾ ਥਾ ਤਉ ਭੀ ਨ ਡਾਰ ਦੀਆ
ਪਤਿਤ ਪਾਵਨ ਕਹਾਵਨੇ ਕੋ ਅਦਭੁਤ ਕਉਤਕ ਕੀਆ ।੨।

ਤਿਧਰਿ ਤਿਧਰਿ ਕੋ ਭੇਜ ਦੀਏ ਜਿਧਰ ਜਿਧਰ ਕੀ ਦਉਰਿ
ਕਹੀਂ ਦੂਸਰੇ ਕਾ ਹੁਕਮੁ ਨ, ਦੋਹੀ ਤੇਰੀ ਠਉਰਿ ਠਉਰਿ ।੩।

ਵਾਹਿ ਵਾਹਿ ਸਚਾ ਪਾਤਿਸਾਹੁ ਜੋ ਤੈਂ ਭਾਵੈ ਸੋ ਹੋਇ
ਤੈਂ ਡੋਰੀ ਆਪਨੇ ਹਾਥਿ ਲੀਨੀ ਸਭਹੂੰ ਨਾਕ ਪਰੋਇ ।੪।

ਜਿਨ ਜਿਨ ਸਾਹਿਬ ਕੋ ਨਾਮ ਲੀਆ ਤਿਨਿ ਤਿਨਿ ਅੰਮ੍ਰਿਤ ਪੀਆ
ਜੋਈ ਜੋਈ ਕ੍ਰਿਪਾ ਕਰਿ ਤੈਂ ਦੀਆ ਸੋਈ ਸਾਧੂਜਨ ਲੀਆ ।੫।

੭੮

ਸਾਹਿਬ ਤੇਰੀ ਸਾਹਿਬੀ ਸਾਚੀ ਹੈ
ਪ੍ਰੇਮ ਕੀ ਪੋਥੀ ਸਾਚ ਕਥਾ ਕਰਤਾਰ ਕੀ ਬਾਚੀ ਹੈ ।੧।ਰਹਾਉ।

ਭਾਂਤਿ ਭਾਂਤਿ ਕੇ ਫੂਲੇ ਫੂਲਿ ਕਰਤਾਰ ਨੇ ਕੈਸੇ ਗੂੰਦੇ ਹੈਂ
ਮਾਇਆ ਨ ਦੇਖਨਿ ਦੇਇ ਲੋਕਨ ਕੇ ਲੋਇਨ ਮੂੰਦੇ ਹੈਂ। ੧।

ਮਾਇਆ ਬੁਰੀ ਬਲਾਇ ਬਹੁਤ ਬੁਰਿਆਈਆਂ ਕਰਤੀ ਹੈ
ਨਖ ਸਿਖ ਲਉ ਬਿਖੁ ਭਰੀ ਨਾਗਨਿ ਜਿਉਂ ਲਰਤੀ ਹੈ। ੨।

ਕੋਈ ਗੁਨ ਨਿਧਾਨ ਗੋਬਿੰਦ ਕੇ ਗੁਣ ਗਰੀਬੁ ਹੋਇ ਗਾਤਾ ਹੈ
ਸੋਈ ਸਾਧੂ ਨਿਮਖ ਮੈ ਸੰਸਾਰ ਕੇ ਪਾਰ ਕੋ ਪਾਤਾ ਹੈ। ੩।

ਸਿਮਰਨ ਸਿਉਂ ਲਾਗਾ ਹੇਤੁ ਅੰਮ੍ਰਿਤ ਕਾ ਪਿਆਲਾ ਪੀਆ ਹੈ।
ਸਾਧੂਜਨ ਅਲਮਸਤ, ਕ੍ਰਿਪਾ ਕਰਿ ਅਪਨਾ ਕੀਆ ਹੈ। ੪।

੭੯

ਹਰਿ ਸਿਉ ਮੀਤ ਅਵਰੁ ਨਹੀ ਕੋਇ
ਸੰਕਟ ਆਇ ਪਰੈ ਜਹਾਂ ਜਨ ਕੌ
ਤਹਿ ਤਹਿ ਆਪਿ ਸਹਾਈ ਹੋਇ। ੧। ਰਹਾਉ।

ਜਨ ਪ੍ਰਹਿਲਾਦ ਪਤਿਤ ਪਾਵਨ ਪ੍ਰਭੁ ਰਾਖਿਓ ਹੀਅਰੈ ਮਾਹਿ ਪਿਰੋਇ
ਭਗਤ ਹੇਤ ਅਵਤਾਰ ਕੀਓ ਪ੍ਰਭੁ, ਮਹਿਮਾ ਪਸਰਿ ਰਹੀ ਤ੍ਰਿਹੁ ਲੋਇ। ੧।

ਬੀਚਿ ਸਭਾ ਕੇ ਦੁਖਤ ਪ੍ਰਭੂ ਦ੍ਰੋਪਤੀ ਊਭੈ ਸੁਆਸੁ ਭਰਤਿ ਦ੍ਰਿਗ ਰੋਇ
ਸਾਧੂਜਨ ਪ੍ਰਭ ਲੱਜਿਆ ਰਾਖੀ; ਦੁਰਯੋਧਨ ਕੀ ਜੜੁ ਖੋਇ। ੨।

੮੦

ਪ੍ਰਾਨੀ! ਤੂੰ ਸੁਪਨਾ ਜਾਨ ਜਹਾਨੁ ਰਾਮੁ ਰਸਿ ਪੀਜੀਐ
ਪ੍ਰਾਨੀ! ਤੂੰ ਜਗਿ ਆਇਆ ਮਿਹਮਾਨ ਗੁਮਾਨ ਨ ਕੀਜੀਐ। ੧। ਰਹਾਉ।
ਮਨ ਮਹਿ ਬਸਿਓ ਭਇਓ ਨਿਰਮਲ ਤਾਂਹਿ ਸਰੀਰ। ੧।

ਨਾਮਾ ਛੀਂਬਾ ਹਰਿ ਭਜੈ ਮਨਿ ਆਨ ਦੁਰਾਸਾ ਲਾਹਿ
ਹਰਿਜਨ ਕੇ ਬਾਢੀ ਭਏ ਗ੍ਰਿਹਿ ਛਾਨਿ ਛਵਾਈ ਤਾਹਿ। ੨।

ਜਨਮ ਕਰਮ ਕਾ ਹੀਨ ਥਾ ਮੋਚੀ ਜਨ ਰਵਿਦਾਸ
ਅਮਰੁ ਭਇਓ ਸੰਸਾਰ ਮਹਿ ਮਨਿ ਰਾਮ ਨਾਮੁ ਪਰਗਾਸੁ । ੩ ।
ਮੁਨਿ ਮਨ ਧਿਆਨ ਨ ਆਵਈ ਜਨ ਪ੍ਰੇਮ ਭਗਤਿ ਬਸਿ ਕੀਨ
ਸਾਧੂਜਨ ਬਲਿਹਾਰਨੈ ਪ੍ਰਭ ਸੰਤਨਿ ਕੇ ਆਧੀਨ । ੪ ।

੯੧

ਹਮ ਅਪਰਾਧੀ ਮਾਧਵਾ । ਪਤਿ ਰਾਖੁ ਹਮਾਰੀ
ਕਵਨੁ ਕਵਨੁ ਨਹੀਂ ਉਧਰੇ ਲਗਿ ਸੇਵ ਤੁਮਾਰੀ । ੧ । ਰਹਾਉ ।
ਮਾਇਆ ਮਮਤਾ ਕਠਿਨ ਹੈ ਤਰਨੀ ਨਹੀ ਜਾਈ
ਪਾਰਿ ਉਤਾਰਾ ਕੀਜੀਐ ਪ੍ਰਭੁ ਹੋਹੁ ਸਹਾਈ । ੧ ।
ਭੂਲੇ ਭਰਮ ਕੀ ਲਾਲਸਾ ਸੁਪਨਾ ਸੰਸਾਰਾ
ਸਾਧੂਜਨ ਕੋ ਰਾਖਿ ਲੈ ਮੇਰੇ ਪ੍ਰਾਨ ਅਧਾਰਾ । ੨ ।

੯੨

ਗੌਂਡ

ਐਸੇ ਤੋਹਿ ਨਿਹਾਰਉਂ ਰਾਮਾ
ਰਸਨਾ ਜਪਤ ਰਹਉਂ ਤੇਰੋ ਨਾਮਾ । ੧ । ਰਹਾਉ ।
ਜੈਸੇ ਸਸੀਅਰ ਪ੍ਰੀਤਿ ਚਕੋਰੈ, ਉਲਟਿ ਪਰੈ ਪਰ-ਦ੍ਰਿਸਟਿ ਨ ਮੋਰੈ
ਜੈਸੀ ਦੀਪਕ ਪ੍ਰੀਤਿ ਪਤੰਗੈ, ਪ੍ਰਾਨ ਤਜੈ ਨਹੀ ਮੋਰਤਿ ਅੰਗੈ । ੨ ।
ਜੈਸੇ ਪ੍ਰੀਤਿ ਪੁਰਖ ਪਰਨਾਰੀ
ਚਿਤਵਿਤ ਦ੍ਰਿਸਟਿ ਨ ਇਤ ਉਤ ਟਾਰੀ । ੩ ।
ਜੈਸੇ ਘੰਟ ਸਬਦ ਮ੍ਰਿਗ ਮੋਹੈ, ਸਾਧੂਜਨ ਹਰਿ ਸੋ ਜਨ ਸੋਹੈ । ੪ ।

੯੩

ਜਗਿ ਤੇ ਛੂਟੀ ਹੀ ਬਨਿ ਆਵੈ
ਗੁਰ ਪ੍ਰਸਾਦਿ ਸਹਜਿ ਘਰ ਰਹੀਐ ਯਹ ਉਪਦੇਸੁ ਦਿੜਾਵੈ । ੧ ਰਹਾਉ ।

ਜਗ ਸਿਉਂ ਤੋਰਹੁ ਗੁਰ ਸਿਉਂ ਜੋਰਹੁ ਜਗੁ ਨਿਤਿ ਨਿਪਟਿ ਸੰਤਾਵੈ
ਜਗ ਕੀ ਅਗਨਿ ਜੀਉ ਪਰਜਾਲੈਂ ਸਤਿਗੁਰ ਜਰਨਿ ਮਿਟਾਵੈ । ੧ ।

ਕਾਮ ਕ੍ਰੋਧ ਤ੍ਰਿਸਨਾ ਕਉ ਤਿਆਗੈ ਚੰਚਲੁ ਮਨ ਠਹਰਾਵੈ
ਧੰਨਿ ਹਰਿ ਜਨ ਹਰਿ ਕੇ ਹਿਤਕਾਰੀ ਹਰਿ ਹੀ ਮਾਹਿ ਸਮਾਵੈ । ੨ ।

ਸਭ ਕੋ ਮੀਤੁ ਸਭ ਹੂ ਤੇ ਨਿਆਰੋਂ ਸਭ ਤੇਂ ਨੀਚੁ ਕਹਾਵੈ
ਪ੍ਰੇਮ ਮਗਨ ਨਿਰਮਲ ਗੁਣੁ ਗਾਵੈ ਸੋਉ ਅਮਰੁ ਪਦੁ ਪਾਵੈ । ੩ ।

ਇਹ ਕਰਤੂਤਿ ਕਰੈ ਬਡਿਭਾਗੀ ਸਤਿਗੁਰ ਪੰਥ ਬਤਾਵੈ
ਸਾਧੂਜਨ ਤ੍ਰਿਸਨਾ ਤੇ ਛੂਟੈ ਅੰਮ੍ਰਿਤ ਅਚਿ ਤ੍ਰਿਪਤਾਵੈ । ੪ ।

੯੪

ਹਰਿ ਭਜੁ ਹਰਿ ਭਜੁ ਇਆਨੜਿਆ
ਵੇ ਤੂੰ ਹਰਿ ਭਜਿ ਹਰਿ ਭਜੁ ਇਆਨੜਿਆ । ੧ । ਰਹਾਉ ।

ਰਕਤ ਬਿੰਦ ਤੇ ਜਿਨਿ ਤਨ ਕੀਆ ਜਠਰ ਅਗਨਿ ਮਹਿ ਜਲਨਿ ਨ ਦੀਆ
ਹਰਿ ਜੀ ਕਾ ਨਾਮੁ ਨ ਹਿਤਕਰਿ ਲੀਆ ਹਛੇ ਕਰਮ ਕਮਾਨੜਿਆ । ੧ ।

ਮਾਇਆ ਜੋੜ ਕਰੀ ਬਹੁਤੇਰੀ ਆਸਾ ਧੂੰਏਂ ਕੇ ਮੰਦਰ ਭਇਆ ਮਵਾਸਾ
ਕੰਠਿ ਪਰਿਆ ਮਮਤਾ ਕਾ ਫਾਂਸਾ ਬਿਖਿਆ ਕੇ ਹਾਥਿ ਬਿਕਾਨੜਿਆ । ੨ ।

ਜਾਂ ਕਉ ਤੂ ਕਰਿ ਜਾਨਹਿ ਮੇਰੀ, ਕਾਇਆ ਅੰਤ ਭਸਮ ਕੀ ਢੇਰੀ
ਇਉਂ ਮਤਿ ਭ੍ਰਸਟਿ ਭਈ ਸਠਿ ਤੇਰੀ, ਭੂਲੇ ਭਰਮਿ ਭੁਲਾਨੜਿਆ । ੩ ।

ਤੇਂ ਨਰ ਅਤਿ ਊਚਨ ਤੇ ਊਚੇ, ਅਤਿ ਨਿਰਮਲ ਸੂਚਨ ਤੇ ਸੂਚੇ
ਭੈ ਸਾਗਰਿ ਤਰਿ ਪਾਰਿ ਪਹੂਚੇ ਹਰਿ ਜਸੁ ਹਿਰਦੈ ਹਿਤਾਨੜਿਆ । ੪ ।

ਲਾਹੇ ਦੇ ਕਾਰਨਿ ਇਤ ਜਗਿ ਆਇਆ, ਮੂਰਖ ਮਾਹਨੂ ਮੂਲ ਗਵਾਇਆ
ਮਾਇਆ ਕੈ ਕਾਰਣਿ ਕਪਟਿ ਕਮਾਇਆ
ਓੜਕ ਤਿਆਗਿ ਸਿਧਾਨੜਿਆ । ੫ ।

ਸਰਪਰ ਜਾਸੀ ਜਿੰਦੂ ਇਕੇਲੀ, ਹਰਿ ਬਿਨੁ ਤੇਰਾ ਕੋਈ ਨਾ ਬੇਲੀ
ਪੀੜੇਗਾ ਤਿਲ ਵਾਂਗੂੰ ਤੇਲੀ, ਕੀ ਤੂਧੁ ਪਾਪ ਕਮਾਨੜਿਆ । ੬ ।

ਬੁਰਿਆਈਆਂ ਦੇ ਭਾਰ ਉਠਾਏਂ, ਭਲਿਆਈ ਦੇ ਨਿਕਟਿ ਨ ਆਏਂ
ਤੈ ਜਮਕੰਕਰ ਬੰਧਿ ਚਲਾਏ, ਫਿਰਿ ਪਾਛੈ ਪਛਤਾਨੜਿਆ । ੭ ।

ਜਾ ਕੈ ਅੰਤਰ ਹਉਮੈ ਹੋਈ, ਅੰਤ ਕੀ ਬਾਰਿ ਵਿਗੂਚੇ ਸੋਈ
ਜੋ ਆਇਆ ਸੋ ਰਹੈ ਨ ਕੋਈ,ਪਹੁੰਚ ਭਜਾ ਮਿਹਮਾਨੜਿਆ । ੮ ।

ਆਗੈ ਬਿਖੜਾ ਮਾਰਗ ਸੁਣੀਐ, ਪ੍ਰਾਣੀ ਪਾਣੀ ਵਾਂਗੂ ਪੁਣੀਐ
ਜੇਹਾ ਬੀਜੇ ਤੇਹਾ ਲੁਣੀਐ, ਖੇਤਿ ਭੰਜਾ ਕਿਰਸਾਨੜਿਆ । ੯ ।

ਪ੍ਰੇਮ ਭਗਤਿ ਜਾਕੇ ਘਟਿ ਜਾਗੀ, ਤੇ ਉਧਰੇ ਬਪੁਰੇ ਵਡਭਾਗੀ
ਸਹਜਿ ਸੁਭਾਇ ਭਇਆ ਬੈਰਾਗੀ, ਹਰਿ ਪਦ ਮਾਹਿ ਸਮਾਨੜਿਆ । ੧੦ ।

ਹਰਿ ਜਪੁ ਜਿਨ ਕੇ ਸੁਆਸ ਨਿਖੁਟੇਂ, ਤੇ ਨਰ ਜੋਨਿ ਭਰਮਿ ਤੇਂ ਛੂਟੇਂ
ਜਨਮ ਮਰਨ ਕੇ ਬੰਧਨ ਤੂਟੇ , ਜਮ ਤੇ ਭਏ ਨਿਕਾਨੜਿਆ । ੧੧ ।

ਹਰਿ ਕੇ ਸਾਧ ਸਦਾ ਸੁਖਦਾਈ, ਪਰਹਰਿ ਛਾਡਹਿ ਤਾਤ ਪਰਾਈ
ਠਾਕੁਰ ਤਿਨ ਕੈ ਸੰਗਿ ਸਹਾਈ, ਸਹਜਿ ਫਿਰਹਿ ਬਿਗਸਾਨੜਿਆ । ੧੨ ।

ਪਰਹਰਿ ਛਾਡਹਿ ਤਾਤ ਬਿਗਾਨੀ, ਹਰਿ ਜਸੁ ਉਚਰਹਿ ਅੰਮ੍ਰਿਤ ਬਾਨੀ
ਸਾਧੂਜਨ ਗੁਰਪਹਿ ਕੁਰਬਾਨੀ, ਜੋਪ੍ਰਭ ਕੈ ਮਨ ਭਾਨੜਿਆ । ੧੬ ।

੯੫

ਪਤਿਤ ਪਾਵਨਿ ਸਿਉਂ ਪ੍ਰੀਤਿ ਬਨੀ
ਜੇ ਹਮ ਪਤਿਤ ਹਰਿ ਪਤਿਤ ਉਧਾਰਨ
ਪ੍ਰੀਤਿ ਦਿਨੋ ਦਿਨ ਹੋਤਿ ਘਨੀ । ੧ । ਰਹਾਉ ।

ਜਨਮ ਜਨਮ ਕੀ ਦੁਰਮਤਿ ਕਾਟੀ ਹਰਿ ਸਿਮਰਨਿ ਕੀ ਏਕ ਕਨੀ
ਰਾਮ ਨਾਮ ਕੀ ਧਮਕ ਜੁ ਲਾਗੀ ਟੂਟਿ ਗਈ ਮੇਰੀ ਤਮਕ ਤਨੀ । ੧ ।

ਰਾਮਕਲੀ ਰੰਗਨਿ ਰੰਗਿ ਭੀਨੀ ਹਰਿ ਰਸ ਮਾਹਿ ਬਸੀ ਰਸਨੀ
ਮਹਿਮਾ ਮਹਾਰਾਜ ਰਾਜਨ ਕੀ ਮੋ ਪੈ ਕਛੂ ਨਾ ਜਾਤ ਬਰਨੀ । ੨ ।

ਧਰਮ-ਪੁਜਾ ਪ੍ਰਭੂ ਗਰਬਪ੍ਰਹਾਰੀ ਕਾਹੂੰ ਕੀ ਰਹਨਿ ਨ ਦੇਤ ਮਨੀ
ਬਡੋ ਗਰੀਬ ਨਿਵਾਜ ਨਿਰੰਜਨ,ਸਾਧੂ ਜਨ ਕੋ ਸਾਚੂ ਧਨੀ । ੩ ।

੮੬

ਤਹਾਂ ਮਨ ਲਾਗਾ ਜਹਾਂ ਅਵਰ ਕੋਈ ਨਾਹੀ
ਉਲਟਿ ਮਗਨਿ ਭਇਓ ਆਪਿ ਹੀ ਮਾਹੀ । ੧ । ਰਹਾਉ ।

ਪੁੰਨ ਨਹੀ ਪਾਪੁ ਨਹੀ ਵਰ ਨ ਸਰਾਪ ਨਹੀ ਬਾਪੁ ਨਹੀ ਕੋਈ ਦੂਜਾ
ਗੁਰੂ ਨਹੀ ਚੇਲਾ ਨਹੀਂ ਕਾਹੂੰ ਸੰਗਿ ਮੇਲਾ ਨਹੀਂ
ਆਪ ਹੀ ਇਕੇਲਾ ਕਰੈ ਆਪਨੀ ਹੀ ਪੂਜਾ । ੧ ।

ਖਰਾ ਨਹੀ ਖੋਟਾ ਨਹੀ ਲਾਹਾ ਨਹੀ ਤੋਟਾ ਨਹੀਂ
ਬਡਾ ਨਹੀਂ ਛੋਟਾ ਨਹੀਂ ਜੋਈ ਹੈ ਸੋਈ
ਕਾਹੂੰ ਸੋ ਸਮਾਧਿ ਨਹੀਂ ਕਾਹੂੰ ਸੋ ਉਪਾਧਿ ਨਹੀਂ
ਅਗਮ ਅਗਾਧਿ ਗਤਿ ਐਸੀ ਸੀ ਹੋਈ । ੨ ।

ਜੁਗਤਿ ਨ ਜੋਗੁ ਨਹੀ ਭੁਗਤਿ ਨ ਭੋਗ ਨਹੀ
ਹਰਖ ਨ ਸੋਗਿ ਨਹੀ ਜਾਗੈ ਨਹੀ ਸੋਵੈ
ਨਰਮ ਨਹੀਂ ਗਰਮ ਨਹੀ ਕਾਹੂ ਸੋ ਭਰਮ ਨਹੀਂ
ਜਨਿਆ ਮਰਮੁ ਕਿਛੁ ਪਾਵੈ ਨ ਖੋਵੈ । ੩ ।

ਅਜਰ ਜਰਨ ਨਹੀ ਅਕਰ ਕਰਨ ਨਹੀ ਜਨਮ ਮਰਨ ਨਹੀ ਮੇਰਾ ਨ ਤੇਰਾ
ਕਾਹੂ ਸੋ ਨ ਗੋਸ਼ਟਿ ਗੋਈ ਬਾਵਰੀ ਸੀ ਬਾਤਿ ਹੋਈ
ਸਾਧੂਜਨ ਸੋਈ ਫਿਰ ਕਰੈ ਨ ਫੇਰਾ । ੪ ।

੮੭

ਸ਼ਰਨਿ ਤੇਰੀ ਹਰਿ ਸ਼ਰਨਿ ਤੇਰੀ
ਕਠਿਨ ਕਲਿਜੁਗ ਕਥੀ ਗੈਲ ਛਾਡੇ ਨਹੀਂ
ਕ੍ਰਿਪਾ ਕਰਿ ਰਾਖਿ ਪ੍ਰਭ ਲਾਜ ਮੇਰੀ । ੧ । ਰਹਾਉ ।

ਗਹਿਰ ਗੰਭੀਰ ਮਾਇਆ ਪ੍ਰਬਲਨੀ ਰਹੇ ਲੋਭੀ ਕੀ ਲਹਰ ਘੁੰਮਨ ਘੇਰੀ
ਮੋਹ ਕੀ ਫੰਧ ਮੈ ਅੰਧਿ ਹੋ ਰਹਿਆ ਹੈ
ਕਹਾਂ ਕੀਜੈ ਪਰੀ ਪਾਇ ਬੇਰੀ । ੧ ।

ਤ੍ਰਿਖਾ ਅਰੁ ਭੂਖ ਪਾਪਨ ਗ੍ਰਸਿਓ ਗ੍ਰਹਿ ਜਿਉਂ
ਪਾਪ ਕੀ ਪੋਟ ਸਿਰ ਪਰਿ ਘਨੇਰੀ
ਚੰਚੂ ਚਿਤਿ ਹੋ ਰਹਿਓ ਪਤਿਤ ਪਾਵਨ ਪ੍ਰਭੂ
ਕਾਮੁ ਅਰੁ ਕ੍ਰੋਧ ਘੁਲੈ ਅੰਧੇਰੀ । ੨ ।

ਥਕਾ ਹੌਂ ਥਾਮ ਲੀਜੈ ਬਹਿਆ ਜਾਤ ਹੋ, ਨਹੀਂ ਤੋਂ ਬਾਤਿ ਹੋਇ ਹੈ ਭਲੇਰੀ
ਸਾਧੁਜਨ ਨਾਮੁ ਤੁਮਰਾ ਲੀਓ ਨਾਥ ਜੀ
ਤਰਨ ਕਉ ਚਰਨ ਕੀ ਸਰਨਿ ਹੇਰੀ । ੩ ।

੮੮

ਬਾਬਾ ਇਹ ਅਉਸਰ ਮਤਿ ਖੋਈਓ ਰੇ
ਹਰਿ ਜੈਸੋ ਮੀਤ ਕਾਲ ਜੈਸੋ ਬੈਰੀ
ਮਨਹੁ ਬਿਸਾਰਿ ਨ ਸੋਈਓ ਰੇ । ੧ । ਰਹਾਉ ।

ਮਨਿ ਕਿਰਸਾਨ ਧਰਨਿ ਕਰ ਕਾਇਆ ਧਰਮ ਬੀਜਿ ਨਿਤਿ ਬੋਈਓ ਰੇ
ਸਾਚਿ ਸਿੰਚੁ ਅੰਮ੍ਰਿਤੁ ਜਲੁ ਉਪਜੈ ਹਉਮੈ ਕਾਲਰ ਧੋਈਓ ਰੇ । ੧ ।

ਦੂਧ ਬਿਨੁ ਮਾਖਨ ਹਾਥਿ ਨ ਆਵੈ ਕਾਹੇ ਨੀਰ ਬਿਲੋਈਓ ਰੇ
ਇਹ ਸੰਸਾਰ ਅਗਨਿ ਕਾ ਭਾਥਰਿ ਤਾਤੇ ਆਪਿ ਸੰਗੋਈਓ ਰੇ । ੨ ।

ਹਰਿ ਕਾ ਨਾਮ ਸਦਾ ਨਿਰਮੋਲਕੁ ਸ੍ਵਾਸ ਕੇ ਸੂਤ ਪਰੋਈਓਰੇ
ਸਾਧੂਜਨ ਭਗਵੰਤ ਭਜਨ ਬਿਨ ਮੁਕਤਿ ਨ ਕਬਹੂੰ ਹੋਈਓਰੇ । ੩ ।

੮੯

ਜੋਗੀ ਕੀ ਨਗਰੀਆ ਸੰਤਪੁਰੀ ਕਿੰਗੁਰੀ ਬਾਜੈ
ਮਧੁਰਿ ਮਧੁਰਿ ਧੁਨਿ ਗਾਵਤ ਗੋਂਵਿਦੁ ਗੁਨਿ
ਨਿਜ ਘਰਿ ਲਿਵਲਾਗੀ ਗਗਨਿ੍ਗਾਜੈ । ੧ । ਰਹਾਉ ।

ਪਾਇਓ ਹੈ ਪਰਮ ਪਦੁ ਸਤਿਗੁਰ ਕੇ ਸ਼ਬਦੁ
ਨਿਰਮਲ ਬਾਣੀ ਜਾਂਕੀ ਦੁਰਮਤਿ ਭਾਜੈ । ੨ ।

ਸਾਧੂਜਨ ਐਸੋ ਜੋਗੀ ਕੋਈ ਹੈ ਅੰਮ੍ਰਿਤ ਭੋਗੀ
ਭਗਤ ਜਗਤਿ ਤਾਂਕੀ ਸੋਭਾ ਬਿਰਾਜੈ । ੩ ।

ਰਾਗ ਢੋਲਾ

੯੦

ਲੋਕ ਲਡੀ ਦਾ ਤੈਨੂੰ ਸੱਜਣ ਕੇਹਾ
ਭਲੀਆ ਅੱਖੀਆਂ ਲਗ ਵੈਸੀਆ ਲੇਹਾ । ੧ । ਰਹਾਉ ।

ਕੰਚਨਿ ਦੇਹੀ ਰਲਿ ਵੈਸੀਆ ਖੇਹਾ । ੧ ।
ਭਜਿ ਲੈ ਤੂੰ ਰਾਮੁ ਤੇਰੀ ਵਾਰੀ ਏਹਾ । ੨ ।
ਫੇਰਿ ਨ ਥੀਸੀਆ ਇਹ ਮਾਨਸ ਦੇਹਾ । ੩ ।
ਸਾਧੂਜਨ ਦਾ ਸੁਣਿ, ਤੂੰ ਸੱਚ ਸਨੇਹਾ । ੪ ।

੯੧

ਇਹ ਮਨ ਹਥਿ ਨ ਆਂਵਦਾ ਹੀ
ਵਲ ਛਲ ਜਾਣਦਾ ਬਹੁਤ ਘਨੇਰੇ ਸੋ ਧੰਨ ਜੋ ਮਨ ਠਹਰਾਵਦਾ ਹੀ
ਮਨ ਵਰਜਿਆ ਹਥਿ ਨ ਆਂਵਦਾ ਹੀ । ੧ । ਰਹਾਉ ।

ਪਲਕਿ ਮੈਂ ਜਾਵਈ ਉਤਿ ਪਇਆਲੇ
ਨਿਮਖ ਨ ਰਾਮ ਜੀ ਕਾ ਨਾਮੁ ਸਮਾਲੇ
ਸਾਚੁ ਕਉ ਛਾਡਿ ਲੈ ਕੂੜ ਕਉ ਪਾਲੇ
ਬਿਰਥੜਾ ਜਨਮ ਗਵਾਂਵਦਾ ਹੀ । ੧ ।

ਕਵਨ ਕਾ ਪੂਤ ਹੈ ਕਵਨ ਕਾ ਪੋਤਾ
ਕਹਾਂ ਜਾਂਕੀ ਜਾਤਿ ਪਾਂਤਿ ਕਵਨੁ ਯਹ ਹੋਤਾ
ਬੇਦ ਪੁਰਾਨ ਮੈਂ ਕੇਤੜੇ ਸੋਧਿਆ
ਕੋਈ ਨਹੀਂ ਆਖ ਸੁਣਾਂਵਦਾ ਹੀ । ੨ ।

ਕਹਾਂ ਤੇ ਆਇੜਾ ਕਹਾਂ ਏਹ ਜਾਈ
ਕਿਸੇ ਨਹੀਂ ਆਇਕੇ ਖ਼ਬਰ ਸੁਨਾਈ
ਅਗਮ ਲੀਲ੍ਹਾ ਮੇਰੇ ਰਾਮ ਬਨਾਈ
ਪਾਰ ਕੋਈ ਨ ਪਾਂਵਦਾ ਹੀ । ੩ ।
ਕਾਮ ਕੈ ਲਾਲਚਿ ਨਰਿ ਜਿਉਂ ਰਾਤਾ
ਬੇਟੀਆਂ ਬੇਟੇ ਕਰੀ ਉਤਪਾਤਾ
ਤਾਹਿ ਕੇ ਮੋਹਿ ਨਹੀਂ ਰਾਮੁ ਜਾਤਾ
ਸਹਿਜੇ ਮਾਂਹਿ ਮਰ ਜਾਂਵਦਾ ਹੀ । ੪ ।

ਝੂਠ ਕੀ ਬਾਤਿ ਕਉ ਸਾਚੁ ਕਰਿ ਮਾਨੈ
ਮਰਨ ਬਿਸਾਰਿ ਥਿਰ ਜੀਵਣਾ ਜਾਨੈ
ਸਮਝਿ ਨ ਦੇਖਣੀ ਅੰਧਿ ਅਗਿਆਨੈ
ਸਿਰ ਕਾਲ ਨਗਾਰਾ ਵਜ ਵਦਾ ਹੀ ੫ ।

ਦੇਖਦਿਆਂ ਦੇਖਦਿਆਂ ਕੇਤੜੀ ਗਈਆਂ
ਤੈਂ ਮੂਰਖ ਸੋਝੀ ਮੂਲ ਨਾ ਪਈਆ
ਸੁਰਤਿ ਸਮਾਲਿ ਕੈ ਦੇਖ ਤੂੰ ਭਈਆ
ਜਗ ਆਇੜਾ ਰਹਣੁ ਨ ਪਾਂਵਦਾ ਹੀ । ੬ ।

ਰੇਤ ਕਾ ਕੋਟਲਾ ਹੈ ਤਨ ਭਾਈ
ਖਿਨਸਤੇ ਏਕ ਪਲਕ ਨਹੀਂ ਲਾਈ
ਅੰਧੁਲਾ ਸਮਝਿ ਨ ਦੇਖਈ ਕਾਈ
ਸਤਿਗੁਰੂ ਬੂਝ ਬੁਝਾਂਵਦਾ ਹੀ ।੭।

ਖਾਕੂ ਕਾ ਪੂਤਲਾ ਇਹ ਤਨੁ ਤੇਰਾ
ਤਾਂਹਿ ਕੇ ਮਾਹਿ ਕੀਆ ਪਵਣੁ ਬਸੇਰਾ
ਜਾਇਗੋ ਪਵਨ ਕੋਈ ਆਇ ਨ ਨੇਰਾ
ਤੇਰਾ ਦਰਸਨ ਦੇਖ ਡਰਾਂਵਦਾ ਹੀ ।੮।

ਰੰਗ ਰੰਗੀਲੜੇ ਮਹਲ ਬਣਾਏ
ਭਾਂਤਿ ਭਾਤਿ ਕੇ ਭਾਇ ਉਠਾਏ
ਬਾਰੀਆਂ ਬੈਠਕਾਂ ਅਜਬ ਬਣਾਏ
ਦੇਖਿ ਦੇਖਿ ਬਿਗਸਾਂਵਦਾ ਹੀ ।੯।

ਤਾਂ ਦਿਨ ਕੀ ਨਹੀਂ ਸੋਝੜੀ ਕਾਈ
ਜਾਂ ਦਿਨ ਈਹਾਂ ਤੇ ਕੂਚਿ ਕਰਿ ਜਾਈ
ਸੰਗਿ ਨ ਤੇਰੇ ਚਲਸੀਆ ਰਾਈ
ਖੇੜ ਭੀ ਛੋਡਿ ਸਿਧਾਂਵਦਾ ਹੀ ।੧੦।

ਜਨਮੁ ਅਮੋਲਕ ਬਾਦੁ ਗਵਾਵੈਂ
ਲੋਭ ਕੈ ਲਾਲਚਿ ਨਾਮੁ ਧਿਆਵੈਂ
ਲਖ ਕਰੋੜਿ ਜੋੜਿ ਤ੍ਰਿਪਤਿ ਨ ਪਾਵੈਂ
ਅੱਠੇ ਪਹਰਿ ਬਿਲਲਾਂਵਦਾ ਹੀ ।੧੧।

ਸਾਧਾਂ ਤੈਕੂੰ ਤਾਰਿਆ ਆਖ ਸੁਣਾਈ
ਆਤਮੈ ਧਾਰਿ ਹੋ ਕੁਇਰੁ ਕਨਾਈ
ਸੁਰਤਿ ਕਰਿ ਦੇਖੀਐ ਬਿਸਰਿ ਨ ਜਾਈ
ਸ਼ਿਆਮ ਤੋਂ ਪਾਰਿ ਲੰਘਾਂਵਦਾ ਹੀ ।੧੨।

ਸਾਧੂਜਨ ਸਤਿਗੁਰ ਬਡਭਾਗੀ ਪਾਇਆ
ਨਾਮ ਕੋ ਦਾਨ ਦੀਆਂ ਭਰਮੁ ਮਿਟਾਇਆ
ਦਾਸ ਕੇ ਸੇਵਕ ਹਰਿ ਜਸੁ ਗਾਇਆ
ਤੇਰਾ ਦਰਸਨ ਦੇਖਿ ਬਲਿ ਜਾਂਵਦਾ ਹੀ। ੧੩।

ਰਾਗ ਪੰਚਮ

੬੨

ਪ੍ਰੀਤਿ ਕਰਿ ਗੋਪਾਲ ਸੰਗਿ ਲਾਗ ਕਹੋ ਮੇਰੇ
ਅਬ ਘਰੀ ਘਟਿ ਜਾਇ ਅਰੁ ਜਮ ਜੰਜਾਲ ਘੇਰੇ
ਮਾਇਆ ਮੋਹਨੀ ਜਗਤ ਕੋ ਸੋਹਣੀ
ਸੰਗਿ ਨ ਚਲਸੀਆ ਤੇਰੇ। ੧। ਰਹਾਉ।

ਤੇਰਾ ਅਉਸਰ ਜਾਂਦਾ। ਤੇਰਾ ਵਖਤੜਾ ਸਿਧਾਂਦਾ
ਹਰਿ ਜਪੁ ਲੀਜੀਐ। ਬਿਲਮ ਨ ਕੀਜੀਐ
ਬਿਖ ਪਰਹਰੀਐ ਅੰਮ੍ਰਿਤ ਪੀਜੀਐ। ਹਿਤ ਕਰਿ ਮਾਂਗੈ ਤਾਂਕੇ ਦੀਜੀਐ।੨।

ਛਿਨ ਛਿਨ ਛੀਜੀਐ। ਸਿਮਰਨ ਕੀਜੀਐ
ਜਬ ਲਗਿ ਜੀਜੀਐ। ਲਾਹਾ ਲੀਜੀਐ। ੩।

ਅਉਸਰ ਬੀਤੀਐ, ਬਹੁਰਿ ਕਿਆ ਕੀਜੀਐ
ਅੰਤਰਜਾਮੀ ਸਾਚ ਪਤੀਜੀਐ, ਪੱਥਰ ਹਿਰਦਾ ਕਬਹੂੰ ਨ ਭੀਜੀਐ
ਸਾਧੂ ਦਾ ਹੋਕਾ, ਸੁਣਹੁ ਵੇ ਲੋਕਾ
ਤੇਰਾ ਅਉਸਰ ਜਾਂਦਾ ਤੇਰਾ ਵਖਤ ਵਿਹਾਂਦਾ, ਗੁਜਰਾਨ ਦੇ ਜਹਾਨਾ। ੪।

ਕਰਿ ਕਰਿ ਥਕੀਸ ਮੈ ਮਿਤ੍ਰ ਘਨੇਰੇ, ਕੰਮ ਨ ਆਇਓ ਕੋਈ ਮੇਰੇ
ਇਕ ਪਧਾਨੁ ਮੇਰੇ ਦਿਲ ਵਿਚਿ ਵਸਦਾ, ਦੁਖ ਉਤਾਰੇਗਾ ਸੋਈ
ਗੋਪਾਲ ਸਿਮਰਲੈ, ਦਇਆਲ ਸਿਮਰਿਲੈ।

੯੩

ਮਤ ਕੋਈ ਰਾਮ ਨੂੰ ਵਿਸਾਰੇ
ਅੱਛੇ ਮੇਰੇ ਦਇਆਲ ਨੂੰ ਵਿਸਾਰੇ । ੧ । ਰਹਾਉ ।

ਛਤ੍ਰਪਤੀ ਪਾਤਸਾਹੁ ਖਾਨ ਮਲਕ ਜੇਤੇ
ਕਾਲ ਕੇ ਸਭੀ ਅਧੀਨ ਕਰਿ ਬਿਚਾਰ ਸੇਤੇ
ਅੱਖੀਂ ਦੇਖਿ ਪ੍ਰਤੀਤਿ ਨ ਪਾਵਦੇ ਕੇਤੀਕੁ ਵਾਰ ਪ੍ਰਬੋਧੇ । ੨ ।

ਸਾਵਣ ਮਾਹ ਸੁਹਾਵੜਾ ਆਇਆ, ਦਿਸਨਿ ਸਾਂਵਣੇ ਤਲੇ
ਸੇ ਭੀ ਝੁਰਿ ਝੁਰਿ ਮਿਟੀ ਥੀਏ, ਦੇਖਦਿਆਂ ਉਠਿ ਚਲੇ
ਚਾਰਿ ਦਿਹਾੜੇ ਗੋਇਲ ਵਾਸਾ, ਘਰਿ ਕੂੜਾਵੜੇ ਮੱਲੇ । ੩ ।
ਕੰਧਾਂ ਚਿਤ੍ਰਮਿਤ੍ਰ ਲੀਆਂ ਦਿਸਨਿ, ਲਾਲ ਪਟੰਬਰ ਤਾਣੇ
ਭਾਉ ਭਗਤਿ ਕੀ ਗਤਿ ਨਹੀਂ ਜਾਣਨਿ, ਕੰਮ ਕੀਤੇ ਮਨ ਭਾਣੇ
ਸਾਚ ਪਤੀਜੇ ਮੇਰਾ ਸਾਹਿਬੁ ਸਾਚਾ, ਗਾਫਲ ਭਰਮਨਿ ਭੁਲਾਣੇ । ੪ ।

ਕਾਮ ਕ੍ਰੋਧ ਲੋਭ ਤਿਆਗਿ ਜਾਗ ਭਗਤਿ ਮੰਧੇ
ਪਰਹਰਿ ਪ੍ਰਪੰਚ ਧ੍ਰੋਹੁ ਕਾਲ ਬਾਣ ਸੰਧੇ
ਵਾਰੋ ਵਾਰੀ ਸਾਥੜੇ ਲਡ਼ੀਂਦੇ, ਸਮਝ ਨ ਦੇਖਨਿ ਅੰਧੇ । ੫ ।

ਦਾਰੂ ਦਰਮਲ ਕੁਝ ਨ ਚਲੇ, ਕਾਈ ਵਾੜ੍ਹ ਸੁ ਝੁਲੀ
ਜਿਧਰ ਜਾਈਐ ਤਿਧਰ ਕਰਕੇ, ਕਿਧਰਿ ਬੱਝਿ ਕਲੀ
ਮਾਇਆ ਜੋੜੇ ਜੀਵਿਆ ਲੋੜੇ, ਕੂੜ ਭੋਲਾਵੜੇ ਭੁਲੀ । ੬ ।
ਸਾਧ ਸੰਗਿ ਰਾਮ ਰੰਗੁ ਹਰਿ ਜਸ ਕੋਈ ਗਾਵੈ
ਤਾਂ ਕੀ ਤੀਨ ਲੋਕ ਬੀਚ, ਜੋਤਿ ਜਗਮਗਾਵੈ
ਤਿਹ ਜਨ ਕਾ ਹਰਿ ਸਦਾ ਹੈ ਸਹਾਈ, ਫਲ ਮਨ ਬਾਂਛਤੇ ਪਾਵੈ । ੭ ।
ਗੁਣਨਿਧਿ ਗੋਪਾਲ ਰਾਇ ਭੂਲਿ ਗਇਆ ਭੂਲੇ
ਜੈਸੇ ਮਿਰਗ ਮੈਂ ਸੁਬਾਸ, ਆਸਪਾਸ ਟੋਲੇ
ਬਿਖਿਆ ਬਨ ਪਾਤਿ ਪਾਤਿ, ਲਾਗੀ ਡੋਰੀਆ ਡੋਲੇ । ੮ ।

ਕਲੀਕਾਲ ਵਿਚ ਸਾਧੂ ਆਇਆ, ਕਿਆ ਵਿਹਾਜਣਹਾਰਾ
ਸਚਾ ਨਾਉ ਸਾਂਈ ਦਾ ਘਿਧੋਂ ਸੁ ਮੂਲ ਜਿ ਸੈਦਾ ਭਾਰਾ
ਬਾਜ਼ੀਗਰ ਦੀ ਬਾਜ਼ੀ ਵਾਂਗੂ ਝੂਠਾ ਮੋਹ ਦਾ ਪਸਾਰਾ । ੯ ।

ਕਿਆ ਭਇਆ ਜੇ ਰੈਣਿ ਬਸਿਆ, ਜਗ ਮਾਹਿ ਪਰਦੇਸੀ
ਸੁਪਨੇ ਮਹਿ ਕੇਲ ਕਰੈ, ਭੋਰ ਕਿਆ ਕਰੇਸੀ
ਜੇਹੀ ਖੇਤੀ ਰਾਧੀਆ, ਫਲ ਤਿਵੇਹੜਾ ਲੈਸੀ । ੧੦ ।

ਪਤਿਤ ਪਾਵਨ ਪ੍ਰਾਣ ਨਾਥ ਬਲ ਛਲਿ ਬਨਵਾਰੀ
ਭਗਤਾਂ ਕੇ ਸਦਾ ਅਧੀਨ ਮਨਮੋਹਨ ਮੁਰਾਰੀ
ਗਿਰਵਰਧ ਰੀ ਗਰਬ ਪ੍ਰਹਾਰੀ, ਸਾਧੂਜਨ ਬਲਿਹਾਰੀ । ੧੧ ।

੯੪ ।

ਹਉ ਗੁਰੂ ਪਹਿ ਵਾਰਿਆ । ੧ । ਰਹਾਉ ।
ਦਾੜ੍ਹੀ ਤੇਰੀ ਨੂਰ ਝਮੱਕੇ, ਮੱਥਾ ਕਤੂਲੇ ਵਾਂਙ ਟਹਕੇ
ਸਤਹਿ ਤੇਰੀ ਜਮ ਜੋਹਿ ਨ ਸਕੈ, ਨਿਰਭਉ ਤਖਤਿ ਬਹਾਲਿਆ । ੧ ।

ਪਾਪਾਂ ਦੀ ਨਿਤ ਪੜ੍ਹਦਾ ਪੱਟੀ, ਬਹਿੰਦਾ ਕੂੜ ਕਪਟ ਦੀ ਹੱਟੀ
ਸਤਿਗੁਰ ਮੇਰੇ ਦੁਰਮਤਿ ਕੱਟੀ, ਹਉ ਨਰਕਉਂ ਪਕੜਿ ਨਿਕਾਲਿਆ । ੨

ਅੰਧੀ ਕੋਠੀ ਕਿਛੁ ਸੁਝੈ ਨਾਹੀ, ਗੋਤੇ ਖਾਂਦਾ ਮਾਇਆ ਮਾਹੀ
ਸਤਿਗੁਰ ਸਚੇ ਨੋ ਸਾਲਾਂਹੀ, ਜਿਨ ਚਾਨਣੁ ਕਰਿ ਵੇਖਾਲਿਆ । ੩ ।

ਤੁਧ ਬਿਨ ਸ੍ਰਿਸਟਿ ਫਿਰਹਿ ਵਿਲਲਾਂਦੀ, ਭਉਜਲ ਭੀਤਰ ਗੋਤੇ ਖਾਂਦੀ
ਤੇਰੇ ਡਿਠਿਆਂ ਦੁਰਮਤਿ ਜਾਂਦੀ, ਮੈਂ ਕਰਿ ਨਿਰਤਿ ਨਿਹਾਲਿਆ । ੪ ।

ਸਤਿਗੁਰ ਮੈ ਨੋ ਦਿੜਤਾ ਦਿਤੀ, ਰਿਧਿ ਸਿਧਿ ਨਉ ਨਿਧਿ ਅੰਮਿਤੀ
ਮਾਇਆ ਮਮਤਾ ਮਨਸਾ ਜਿਤੀ, ਗੁਰ ਐਸਾ ਪਾਸਾ ਢਾਲਿਆ । ੫ ।

ਸਤਿਗੁਰ ਸੱਚੇ ਦਾ ਭਰਵਾਸਾ, ਸਫਲ ਭਈ ਮੇਰੇ ਮਨ ਦੀ ਆਸਾ
ਸਾਧਸੰਗਤਿ ਵਿਚਿ ਦਿਤੋਈ ਵਾਸਾ, ਗੁਰ ਅੰਮ੍ਰਿਤ ਪ੍ਰੇਮ ਪਿਆਲਿਆ । ੬ ।

ਘਟ ਵਿਚਿ ਵਸਨਿ ਪੰਚ ਬਿਖਾਦੀ, ਆਪਣੇ ਆਪਣੇ ਰਸ ਦੇ ਸੁਆਦੀ
ਅਤਿ ਬਲਵੰਤ ਮਹਾਂ ਉਦਮਾਦੀ, ਸੇਵਕ ਦਿਆ ਰਖਵਾਲਿਆ । ੭ ।

ਸਤਿਗੁਰ ਤੇਰੀ ਅਚਰਜ ਲੀਲ੍ਹਾ, ਵਸਗਤਿ ਕੀਤੇ ਤੁਧ ਪੰਚ ਬਖੀਲਾ
ਜਿਸਨੋ ਤੇਰਾ ਹੋਇ ਵਸੀਲਾ, ਸਰਵਰ ਸਤਿ ਨੁਵਾਲਿਆ । ੮ ।

ਤੇਰੀ ਮਹਿਮਾ ਤੁਧੁ ਬਣਿ ਆਵੈ, ਸੇਵਕ ਤੇਰਾ ਤੇਰੇ ਗੁਣ ਗਾਵੈ
ਸਿਮਰਹਿ ਸਿਮਰਿ ਸਿਮਰਿ ਸੁਖ ਪਾਵੈ
ਹਰਿ ਰਸ ਦਿਆ ਮਤਵਾਲਿਆ । ੯ ।

ਤੇਰੀ ਪਰਮ ਸੁ ਪਾਵਨ ਪੂਜਾ, ਤੂ ਗਹਿਰ ਗੰਭੀਰ ਗਹੀਰ ਮਰੂ ਜਾ
ਤੇਰੀ ਸਮਸਰਿ ਕੋਈ ਅਵਰ ਨ ਦੂਜਾ, ਮੈਂ ਤੂ ਮੰਡਲ ਭਾਲਿਆ । ੧੦ ।

ਮੈਂ ਨੋ ਮੂੰਹ ਨ ਲਗਾਇਦਾ ਕੋਈ, ਕਿਤੈ ਥਾਂਇ ਨ ਪਾਇਦਾ ਢੋਈ
ਸਤਿਗੁਰ ਮੇਲਿ ਲੀਆ ਹਤੈ ਸੋਈ, ਫਿਰਦਾ ਸਾਂ ਬੇਤਾਲਿਆ । ੧੧ ।

ਹੁੰਦਾ ਸਾਂ ਮੈਂ ਨਿਗੁਸਾਂਵਾਂ, ਕਿਸੈ ਦੇ ਮਨਿ ਮੂਲ ਨ ਭਾਵਾਂ
ਉਮਗਿ ਉਮਗਿ ਤੇਰੇ ਗੁਣ ਗਾਵਾਂ
ਤੁਧ ਅਪਣਾ ਕਰਿ ਪ੍ਰਤਿਪਾਲਿਆ । ੧੨ ।

ਸਟਿ ਪਾਇਆ ਸਾਸੇ ਦਾ ਸੰਗਲੁ, ਕਰਦਾ ਰਹਿੰਦਾ ਸਾਂ ਉਦੰਗਲ
ਜੰਮਿਆ ਸਾਂ ਪਾਪਾਂ ਦਾ ਜੰਗਲ
ਗੁਰ ਗਿਆਨ ਅਗਨਿ ਸੋ ਜਾਲਿਆ । ੧੩ ।

ਸਤਿਗੁਰ ਜੁਗਤਿ ਮੁਕਤਿ ਕਾ ਦਾਤਾ
ਗੁਣ ਨਿਧਿ ਅਗਮ ਨਿਗਮ ਕਾ ਗਿਆਤਾ
ਸੁਧ ਰਿਦੈ ਨਿਰਮਲ ਰੰਗਿ ਰਾਤਾ, ਸਾਹਿਬੁ ਆਪਿ ਸਵਾਰਿਆ । ੧੪ ।

ਦਾਰਿਦ ਭੰਜਨ ਦਰਸਨ ਤੇਰਾ, ਕੀਤੋ ਹੀ ਸਫਲ ਮਨੋਰਥ ਮੇਰਾ
ਸਾਧ ਸੰਗਤਿ ਵਿਚਿ ਦਿਤੋਈ ਡੇਰਾ
ਹਊ ਮਹਾਂ ਪਤਿਤ ਨਿਸਤਾਰਿਆ । ੧੫ ।

ਸੋਈ ਕਿਃ ਕਰਹਿ ਜੁ ਕੀਤਾ ਲੋੜਹਿ, ਜਨਮ ਮਰਨ ਕੇ ਬੰਧਨ ਤੋੜਹਿ
ਪਲ ਮਹਿ ਪਰਮੇਸਰ ਸੰਗਿ ਜੋੜਹਿ, ਮੈਂ ਕਹਿ ਪ੍ਰਗਟ ਪੁਕਾਰਿਆ । ੧੬ ।

ਤੇਰੀ ਮੂਰਤਿ ਮੇਰੇ ਮਨ ਵਿਚਿ ਵਸੈ, ਨਿਰਖਿ ਨਿਰਖਿ ਮੇਰਾ ਕਵਲ ਵਿਗਸੈ
ਤੁਧ ਬਿਨ ਕਉਣ ਸੁ ਮਾਰਗ ਦਸੈ, ਪਤਿਤ ਉਧਾਰਨ ਵਾਲਿਆ । ੧੭ ।

ਕਾਮੀ ਕ੍ਰੋਧੀ ਮਤਿ ਕਾ ਹੀਣਾ, ਕਰਿ ਕ੍ਰਿਪਾ ਸਾਧੂਜਨ ਕੀਨਾ
ਨਖਸਿਖ ਲਊ ਅੰਮ੍ਰਿਤ ਰਸ ਭੀਨਾ
ਹਰਿ ਨਿਰਮਲ ਨਾਮ ਸਮਾਰਿਆ । ੧੮ ।

ਰਾਮਕਲੀ

੯੫

ਸਾਹਿਬ ਕੇ ਸਾਧ ਸੁਖਾਲੇ ਹੈਂ
ਨਿਰੰਕਾਰ ਸਿਉ ਨੇਹੁ ਨਿਰੰਤਰ
ਮੈਂ ਕਰਿ ਨਿਰਤਿ ਨਿਹਾਲੇ ਹੈਂ । ੧ । ਰਹਾਉ ।

ਕਬਹੂੰ ਕਲੇਸ ਨ ਕਰਹਿ ਕਾਹੂੰ ਸਿਉਂ ਨਿਰਮਲ ਰੂਪ ਨਿਰਾਲੇ ਹੈਂ
ਦਰਸਨ ਪਰਮ ਦਇਆਲ ਦਿਖਾਵਹਿ, ਭ੍ਰਮ ਕੇ ਕਰਮ ਪ੍ਰਜਾਲੇ ਹੈ । ੧ ।

ਬਾਲੇ ਭੋਲੇ ਭਗਤ ਨਿਰੋਲੇ, ਜਾਨੇ ਜਗਤ ਬਿਲਾਲੇ ਹੈਂ
ਪੀਆ ਪਿਆਲਾ ਪ੍ਰੇਮ ਭਗਤਿ ਕਾ, ਮਹਾਂ ਮਗਨ ਮਤਵਾਲੇ ਹੈਂ । ੨ ।

ਜਾਗਹਿ ਸਤ ਸੰਤੋਖ ਸੁਰਤਿ ਸਿਉਂ, ਭੈ ਤਿਨ ਕੇ ਰਖਵਾਲੇ ਹੈਂ
ਤ੍ਰਿਗੁਨ ਅਤੀਤ ਮੁਕਤਿ ਕੇ ਦਾਤੇ, ਜੁਗਤਿ ਜਗਾਵਨ ਵਾਲੇ ਹੈਂ । ੩ ।

ਜਿਨ ਕੇ ਕਰਮ ਧਰਮ ਕੇ ਧਿਆਨੀ, ਪਾਰਬ੍ਰਹਮ ਪ੍ਰਤਿਪਾਲੇ ਹੈਂ
ਪਕਰੇ ਪਾਂਚ ਜੁਗਤਿ ਸਿਉ ਜਕਰੇ, ਬਹੁਰ ਨ ਕਬਹੂ ਸਮਾਲੇ ਹੈ । ੪ ।

ਮਹਾਂ ਬਿਖਮ ਜੰਜਾਲ ਜਾਲ ਤੇ, ਦੀਨ ਦਯਾਲ ਨਿਕਾਲੇ ਹੈਂ
ਅਮਰ ਭਏ ਅਮਰਾ ਪਦੁ ਪਾਇਆ,ਅੰਮ੍ਰਿਤ ਕੁੰਡ ਪਖਾਲੇ ਹੈਂ । ੫ ।

ਅਲਬੇਲੇ ਸਾਹਿਬ ਸਿਉ ਖੇਲੇ, ਪ੍ਰੇਮ ਕੇ ਪਾਸੇ ਢਾਲੇ ਹੈਂ
ਜੀਵਤ ਮੂਏ ਹੂਏ ਨਿਰਬੰਧਨ, ਜੀਤ ਜਨਮ ਕੇ ਚਾਲੇ ਹੈਂ । ੬ ।

ਅਪਨੇ ਮਹਲ ਟਹਲ ਪ੍ਰਭ ਦੀਨੀ, ਬੈਕੁੰਠ ਬੀਰ ਬਹਾਲੇ ਹੈਂ
ਅਵਰ ਕਾਹੂ ਕੀ ਕਾਨ ਨ ਕਰਤੇ, ਅਪਨੇ ਲਾਲ ਕੇ ਲਾਲੇ ਹੈਂ । ੭ ।

ਪ੍ਰਗਟ ਪ੍ਰਤਾਪ ਕੀਆ ਪ੍ਰਭ ਤਿਨ ਕਾ,ਜਗਤ ਮਾਹਿ ਉਜੀਆਲੇ ਹੈਂ
ਸਾਧੂਜਨ ਸਾਚੇ ਸਿਉ ਰਾਚੇ, ਸਤਿਗੁਰ ਪੁਰਖ ਦਿਖਾਲੇ ਹੈਂ । ੮ ।

੯੬

ਅਵਰ ਨ ਜਾਨਾ ਸੰਜਮ ਸੇਵ । ਮੈਂ ਤੇਰੀ ਟੇਕ ਦਇਆਲ ਦੇਵ । ਰਹਾਉ ।

ਨ ਮੈਂ ਬੇਦ ਪੁਰਾਨ ਪੜ੍ਹੇ ਹੈ , ਨ ਮੈਂ ਕਬਹੂੰ ਜੋਗ ਕੀਆ
ਨ ਮੈਂ ਕਬਹੂੰ ਜਤ ਪ੍ਰਤਿਪਾਲਿਆ ਨ ਕਬਹੂੰ ਬਨ ਬਾਸ ਲੀਆ
ਸਾਲਗ੍ਰਾਮ ਨ ਕਬਹੂੰ ਪੂਜੇ ਨ ਕਬਹੂੰ ਕਿਛੁ ਦਾਨ ਕੀਆ । ੧ ।

ਨ ਮੈਂ ਬੇਣੀ ਸੰਗਮ ਨ੍ਹਾਇਆ, ਨ ਬਦਰੀ ਕੇਦਾਰ ਭਇਆ
ਨ ਮੈਂ ਗ੍ਰਿਹਨ ਕੀਆ ਜਾਇ ਕਾਸ਼ੀ, ਨ ਕਬਹੂੰ ਕੁਰਖੇਤਿ ਗਇਆ
ਗਯਾ ਗੁਦ ਵਰੀ ਨ ਕਬਹੂੰ ਪਰਸੀ, ਤੁਮਰੀ ਸਰਣਿ ਆਇ ਪਇਆ । ੨ ।

ਕੋਈ ਕਹੇ ਮੇਰਾ ਪੂਤ ਪਿਆਰਾ, ਕੋ ਪਿਤਾ ਕੋ ਭਾਈ
ਕੋਈ ਕਹੇ ਯਹ ਪੁਰਖ ਹਮਾਰਾ, ਬਾਂਟਿ ਲੀਆ ਲੋਕਾਈ
ਨ ਯਹ ਹਮਰੇ ਨ ਹਮ ਇਨ ਕੇ, ਹਮ ਤੁਮ ਸਿਉ ਬਣਿ ਆਈ । ੩ ।

ਪਤਿਤ ਉਧਾਰਨ ਬਿਰਦੁ ਤਿਹਾਰੋ, ਹਮਸਰਿ ਕੋਈ ਪਤਿਤ ਨਾਹੀ

ਜੇਤੇ ਦੁਰਮਤਿ ਕਰਮ ਜਗਤ ਮਹਿ ਜਹਾਂ ਸੁਨ ਉਹਿ ਰਮਤੇ ਤਹੀਂ
ਸਾਧੂਜਨ ਕਉ ਰਾਖਹੁ ਪ੍ਰਭ ਜੀ, ਤੁਮ ਕਉ ਛੋਡਿ ਨ ਜਾਤੁ ਕਹੀਂ ।੪।

੬੭

ਮੇਲ ਹਰੇ ਪ੍ਰਭ ਮੇਲ ਹਰੇ, ਤੁਧ ਉਤਹੁੰ ਜਿੰਦੂ ਘੁਮਾਈ ਜੀ
ਸਤਿਗੁਰ ਮੇਰੇ ਜੀਅ ਕੀ ਜੀਵਨ, ਦਰਸਨ ਦੇਖ ਅਘਾਈ ਜੀ ।ਰਹਾਉ।

ਸਤਿਗੁਰ ਨਾਲ ਮੇਰਾ ਮਨ ਲਾਗਾ, ਵਿਛੁੜਿਆ ਮਰ ਜਾਈ ਜੀ
ਕੁੱਝੀ ਵੇਦਨ ਕੋਈ ਨ ਜਾਣੈ, ਕੈ ਨੋ ਕੂਕ ਸੁਣਾਈ ਜੀ
ਜਿਚਰ ਸਤਿਗੁਰ ਦੇਖਾਂ ਨਾਹੀ, ਮਨਿ ਸੰਤੋਖ ਨ ਪਾਈ ਜੀ
ਅਠੇ ਪਹਰ ਮਜਾਲਸ ਲੋੜੇ, ਕੰਮ ਪਇਆ ਤਉ ਤਾਈ ਜੀ ।੧।

ਸਤਿਗੁਰ ਦੇ ਉਮਾਹੇ ਵਾਤਾਂ, ਸਗਾ ਵਿਚ ਚਾਈਂ ਚਾਈਂ ਜੀ
ਸਤਿਗੁਰ ਬਾਝਹੁ ਕਿਤੁੰ ਕਰਿ ਰਹੀਐ, ਫੇਵਹਿ ਜਨਮ ਅਜਾਈਂ ਜੀ
ਸਤਿਗੁਰ ਮੇਰੇ ਜੀਆ ਕੇ ਜੀਵਨ, ਜਲ ਮਛਲੀ ਕੀ ਨਿਆਈਂ ਜੀ
ਸਤਿਗੁਰ ਬਾਝਹੁੰ ਕੋਇ ਨ ਬੇਲੀ, ਕੈ ਨਾਲਿ ਅੰਦਰੁ ਲਾਈ ਜੀ ।੨।

ਮਾਣਕ ਮੋਤੀ ਸੁਇਨਾ ਰੁਪਾ, ਜੋੜ ਲੀਏ ਇਕ ਥਾਈਂ ਜੀ
ਸਤਿਗੁਰ ਬਾਝਹੁੰ ਅੰਤਿ ਬਿਵਸਤਾ, ਹੋਏ ਛਾਈਂ ਮਾਈਂ ਜੀ
ਲੋਕ ਬਖੀਲ ਬੁਰਾ ਕਰਿ ਜਾਣੈ, ਹਮ ਭਾਣੇ ਗੁਰਸਾਈਂ ਜੀ
ਟੋਕਾਂ ਨੋ ਕਰਿ ਕਿਛੁ ਨ ਜਾਣਾਂ, ਸਰਪਰਿ ਮਿਲਵੈ ਸਾਈਂ ਜੀ ।੩।
ਤੈਂ ਨਾਲਿ ਨੇਹੁ ਨ ਕਿਉ ਕਰਿ ਕੀਚੈ, ਲੈਂਦਾ ਦਾਸ ਕਹਾਈ ਜੀ
ਜੋ ਕਿਛੁ ਕੰਮ ਕਰਾਂ ਮਨ ਅੰਦਰਿ, ਸਤਿਗੁਰ ਪੁਰਖ ਧਿਆਈ ਜੀ
ਜਾ ਸਤਿਗੁਰ ਕਾ ਦਰਸਨ ਦੇਖਾਂ ਵੰਞਨਿ ਸਭ ਬਲਾਈ ਜੀ
ਸਾਧੂਜਨ ਸਤਿਗੁਰ ਸਾਚੇ ਪਰਿ, ਸਦ ਬਲਿਹਾਰੈ ਜਾਈ ਜੀ ।੪।੧।

੬੮

ਹੈਰਾਨ ਭਇਆ ਹੋ ਹੂਆ ਹੋ ਹੈਰਾਨੀ

ਪ੍ਰਸ਼ਨ ਕਰੇ ਨਹੀਂ ਉਤਰ ਨ ਪਾਵਉਂ
ਐਸੀ ਉਪਜੀ ਬਾਣੀ । ੧ । ਰਹਾਉ ।

ਮੈਂ ਕਰਮਾਂ ਕਾ ਕਰਤਾ ਕਹੀਓ, ਹਮਾਰਾ ਅਵਰੁ ਕਹਾਵੈ
ਹਮਰੇ ਕਰਤੇ ਕਾ ਜੋ ਕਰਤਾ, ਕੋਈ ਤਿਨੇ ਬਤਾਵੈ । ੧ ।

ਸਗਲੀ ਸਿਸਟਿ ਪਰਮੇਸ਼ਰ ਕੀਨੀ, ਪ੍ਰਮੇਸਰ ਕਿਨਿ ਕੀਆ
ਐਸੀ ਬਾਤ ਕਾ ਪ੍ਰਸ਼ਨ ਕਰਹੋਂ, ਤਬ ਉਤਰ ਕਿਨਹੂੰ ਨ ਦੀਆ । ੨ ।

ਜੋਤਕ ਅਗਮ ਨਿਗਮ ਕੋ ਬੂਝਹਿ, ਜੋ ਕਹਤੇ ਸੋ ਹੋਈ
ਐਸੀ ਬਾਤ ਕਾ ਪ੍ਰਸ਼ਨ ਕਰਹੋਂ, ਉਤਰ ਨ ਦੇਤਾ ਕੋਈ । ੩ ।

ਪਰੇ ਜਾਉ ਤੋ ਪਰੇ ਪਰੇਰੋ ਉਰੇ ਅਵਰ ਕੋਈ ਨਾਹੀ
ਬੀਚੋ ਬੀਚ ਬਿਚਾਰ ਕਰੋ ਤਉਂ ਆਪ ਆਪਿ ਹੀ ਮਾਹੀ । ੪ ।

ਜਾਤਾ ਜਾਤਾ ਤਹਾਂ ਗਇਆ ਹੋਂ ਪਰੈ ਪਰੈ ਜੋ ਕਹੀਐ
ਕਥ ਕਥਾ ਕਿਛੁ ਜਾਇ ਨ ਜਾਣੀ, ਸਾਧੂਜਨ ਹੋਇ ਰਹੀਏ । ੫ ।

੯੯

ਘਾਸੀ ਲਾਗੀ ਪ੍ਰੇਮ ਕੀ, ਲਾਗੀ ਹੈ ਡਾਢੀ
ਮੂਰਤਿ ਸ੍ਰੀ ਗੁਰਦੇਵ ਕੀ, ਆਗੇ ਹੋਈ ਡਾਢੀ
ਲੋਕ ਕਹੈਂ ਕਮਲਾ ਭਇਆ, ਕੈਸੀ ਬਾਤ ਵਖਾਨੈ
ਕੈ ਜੀਉ ਜਾਨੈ ਜੀਆ ਕੀ, ਕੈ ਪ੍ਰਭੁ ਮੇਰਾ ਜਾਨੈ । ੧ ।

ਅੰਧੁਲੇ ਪਰਿ ਕ੍ਰਿਪਾ ਕਰੀ, ਪ੍ਰਭੁ ਲੋਇਨ ਦੀਨੇ
ਅੰਧਕਾਰ ਤੇ ਕਾਢ ਕੈ, ਅਪੁਨੇ ਕਰਿ ਲੀਨੇ । ੨ ।

ਦੇਹ ਦਿਖਾਵਉ ਜਗਤ ਕਉ, ਮਨ ਪ੍ਰਭੁ ਜੀ ਸਿਉ ਲਾਗਾ
ਲਾਗਾ ਬਹੁਰਿ ਨ ਬੀਛੁਰੈ, ਟੂਟੈ ਨਹੀਂ ਤਾਗਾ

ਰੋਮ ਰੋਮ ਘਾਇਲ ਕੀਆ, ਅਬ ਕਹੀਐ ਕਾ ਕੋ
ਸਾਧੂਜਨ ਜਾਨੈ ਸੋਈ, ਲਾਗੀ ਹੈ ਜਾ ਕੋ । ੪ ।

ਖਟ ਰਾਮਕਲੀ

ਨਮੋ ਨਿਰੰਕਾਰਾ। ਨਾਥ ਨਿਰੰਕਾਰਾ
ਸਗਲ ਅਕਾਰ ਤੇਰੇ ਕੀਏ ਨਾਥ ਜੀ
ਤੂ ਸਭਨ ਮਹਿ ਸਭ ਤੇ ਨਿਆਰਾ।੧। ਰਹਾਉ।

ਪੁੰਨ ਅਰ ਪਾਪੁ ਤੇ ਭਿੰਨ ਤੂੰ ਆਪੁ ਹੈਂ
ਆਪ ਤੇਂ ਆਪਿ ਕੀਨੋ ਪਸਾਰਾ
ਉਰੇ ਤੇ ਉਰੇ ਹੈਂ ਪਰੇ ਤੇਂ ਪਰੇ ਹੈਂ
ਕਿਆ ਕਉਤੁੱਕ ਕੋਈ ਕਹੈ ਤਿਹਾਰਾ।੧।

ਤੇਰਾ ਆਦਿ ਨਹੀਂ ਦੇਖੀਐ ਅੰਤਿ ਨਹੀਂ ਦੇਖੀਐ
ਮੱਧਿ ਕਿਛੁ ਦੇਖੀਐ ਚਮਤਕਾਰਾ
ਆਦਿ ਤੂੰ ਅੰਤਿ ਤੂੰ ਮੱਧਿ ਤੂੰ ਰਵਿ ਰਹਿਆਂ
ਅਲਪ ਆਕਾਰ ਕਛੁ ਹੈ ਹਮਾਰਾ।੨।

ਤੇਰਾ ਰੂਪ ਨਹੀਂ ਦੇਖਿਆ ਲੀਲ੍ਹਾ ਤੇ ਪੇਖਿਆ
ਕਿਨਹੂੰ ਨ ਕੀਆ ਤੂੰ ਕਰਨਹਾਰਾ
ਕਿਲੈ ਕਹੀਐ ਕੋਈ ਸਮਝਿ ਸਾਕੈ ਨਹੀ
ਸਾਧੂਜਨ ਐਸੋ ਤੂੰ ਪ੍ਰਾਨ ਪਿਆਰਾ। ੩ ।

ਨਟ

੧੦੧

ਅਬਿ ਮੋਹਿ ਨਾਥ ਤਿਹਾਰੀ ਓਟਿ
ਜਾ ਪਹਿ ਜਾਉਂ ਸੋਊ ਦੇਵਿ ਉਤਰਿ
ਹਰਿ ਬਿਨ ਕਤਹੂੰ ਨ ਛੋਟਿ।੧। ਰਹਾਉ

ਤੀਰਥ ਦੇਖਨ ਕੀ ਸਿਰ ਊਪਰਿ ਬਾਂਧਿ ਉਠਾਈ ਪੋਟਿ
ਜੋ ਹਮਰੇ ਅਪਰਾਧ ਬਿਚਾਰਹੁ, ਤਉ ਕਬਹੂੰ ਨ ਆਵਤ ਤੋਟਿ ।੨।
ਸਾਚ ਕੇ ਸੰਗਿ ਨਹੀ ਸੁਪਨੰਤਰਿ ਜਨਮੁ ਸਿਰਾਨਿਓ ਖੋਟਿ
ਸਾਧੂਜਨ ਪ੍ਰਭ ਬਿਰਦੁ ਸਮਾਰਹੁ, ਤੌ ਪਤਿਤ ਉਧਾਰੇ ਕੋਟਿ ।੩।

੧੦੨

ਕਰਿ ਮਨ ! ਪਾਰਬ੍ਰਹਮ ਸਿਉ ਪ੍ਰੀਤਿ
ਕਾਮ ਕਲੇਸ ਕਪਟ ਕੋ ਪਰਿਹਰਿ
ਚਲਤੇ ਜਨਮ ਕੋ ਜੀਤਿ ।੧। ਰਹਾਉ।
ਸੁਨਿ ਸੁਨਿ ਬਚਨ ਬਿਬੇਕ ਸਾਧੂ ਕੇ ਦ੍ਰਿੜ੍ਹ ਕਰਿ ਰਾਖੈ ਚੀਤਿ
ਪ੍ਰੇਮ ਭਗਤਿ ਪ੍ਰਾਪਤਿ ਹੋਇ ਪ੍ਰਾਨੀ ਪਦਵੀ ਪਰਮ ਪੁਨੀਤਿ ।੨।
ਸਹਜ ਕਲਾ ਉਨਮਨ ਮਤਵਾਰੀ ਤੁਰੀਆ ਤ੍ਰਿਗੁਨ ਅਤੀਤ
ਗਗਨ ਮਗਨ ਹੋਇ ਹਰਿਗੁਨ ਗਾਵੈ, ਅਦਭੁਤਿ ਅਵਗਤਿ ਗੀਤ ।੩।
ਜੋ ਕਹਤਾ ਸੋ ਕਹਨੀ ਰਹਤਾ ਤਉ ਪਾਵੈ ਪ੍ਰਤੀਤਿ
ਸਾਧੂਜਨ ਮਿਲਿ ਬਹੁਰਿ ਨ ਬਿਛੁਰਹਿ ਤੇਊ ਮਿਲੈਂਗੇ ਮੀਤ ।੪।

ਮਾਰੂ

੧੦੩

ਤੁਮ ਸੁਨੀਅਹੁ ਸ੍ਰੀ ਰਘੁਰਾਇ ਮੇਰੀ ਬੇਨਤੀ
ਹਉ ਆਇਓ ਤਵ ਸਰਨਾਇ ਮੇਰੀ ਬੇਨਤੀ ।੧। ਰਹਾਉ।
ਜਗਨਨਾਥ ਜਗਦੀਸ ਜਗਤਿ ਪਤਿ ਜੀਆਂ ਕੀ ਜਲਨਿ ਮਿਟਾਇ
ਪਗ ਮੇਰੇ ਮਾਇਆ ਕੀ ਬੇੜੀ, ਤਾਂਤੇ ਲੇਹੁ ਛਡਾਇ ।੧।
ਮੇਰਾ ਚਿਤ ਚੰਚਲ ਦਹਦਿਸ ਕਊ ਦਉਰੈ ਕਬਹੂੰ ਪਲ ਨਾ ਠਹਰਾਇ
ਮ੍ਰਿਗ ਤ੍ਰਿਸਨਾ ਜਿਉਂ ਤ੍ਰਿਪਤਿ ਨ ਪਾਵੈ, ਚਾਤ੍ਰਿਕ ਜਿਉਂ ਬਿਲਲਾਇ ।੨।

ਭਗਤੁ ਭਗਤੁ ਜਗ ਮਾਹਿ ਕਹਾਇਓ ਕੀਨੇ ਪਾਪ ਦੁਰਾਇ
ਪਤਿਤ ਉਧਾਰਨ ਬਿਰਦੁ ਪ੍ਰਗਟਿ ਕਰਿ ਅਵਗੁਨਿ ਮੇਟ ਮਿਲਾਇ ।੩।

ਜੇਤੇ ਕੁਟਿਲ ਕਰਮ ਜਗਿ ਭੀਤਰਿ ਤੇ ਸਭ ਮੇਰੇ ਭਾਇ
ਓਟਿ ਤਿਹਾਰੇ ਨਾਮ ਕੀ, ਸਾਧੁਜਨ ਬਲਿ ਬਲਿ ਜਾਇ ।੪।

੧੦੫

ਬਾਜੇ ਮਾਰੂ ਹਰਿਜਨ ਜੂਝਹਿੰ
ਸੁਰਤਿ ਨਿਰਤਿ ਕਰਿ ਆਪ ਪਛਾਨੇ ਤਾਂਕੋ ਹਰਿ ਪਦੁ ਸੂਝਹਿੰ ।ਰਹਾਉ।

ਗਿਆਨ ਖੜਗੁ ਕਰਿ ਮਾਰਿ ਬਿਡਾਰੇ ਪਾਂਚ ਦੂਤ ਘਟਿ ਮਾਂਹੀ
ਸਤਿਗੁਰ ਤੇਂ ਐਸੀ ਗਤਿ ਪਾਵੈ ਨਿਰਭਉ ਸੰਕਾ ਨਾਹੀਂ ।੧।

ਭਲਾ ਬੁਰਾ ਏਕੋ ਕਰਿ ਜਾਨੈ ਦੁਬਿਧਾ ਦੁਰਮਤਿ ਬਿਸਾਰੈ
ਸਹਜਿ ਨਿਵਾਸੀ ਸਦਾ ਉਦਾਸੀ ਚਰਨ ਕਮਲ ਚਿਤਿ ਧਾਰੈ ।੨।

ਅਹੰਬੁਧਿ ਕੇ ਬੰਧਨ ਕਾਟੇ ਸਾਚੁ ਸਬਦੁ ਬੀਚਾਰੈ
ਜਗ ਜੀਵਨ ਸੁਪਨਾ ਕਰਿ ਜਾਨੈ ਸਭ ਤੇ ਆਪਿ ਨਿਵਾਰੈ ।੩।

ਮਨ ਪਰਗਾਸਿ ਦੁਰਾਸਿ ਸਕਲ ਤਜਿ ਨਿਰਮਲ ਹਰਿ ਜਸੁ ਗਾਵੈ
ਜੋ ਜੋਧਾ ਪਰਵਾਨੁ ਜਗਤਿ ਮਹਿ ਸਾਧੁਜਨ ਜੀਤਿ ਜਾਵੈ ।੪।

੧੦੬

ਅਸਾਡੇ ਸੱਜਣਾ ਵੇ ਅਸਾਂ ਕੂੰ ਤੂੰ ਦੁਆਰੇ ਤੇ ਨਾ ਕਰਿ ਦੂਰਿ
ਅਸਾਂ ਕੂੰ ਦਰਸਨ ਦੇਹਿ ਹਜੂਰਿ
ਪੰਜੀ ਚੋਰੀ ਵੇੜਿਆ ਮੈਨੂੰ ਰਹਣਿ ਨ ਦੇਨਿ ਹਜੂਰਿ ।੧।ਰਹਾਉ।

ਅਸਾਂ ਕੂੰ ਆਨਿ ਨ ਆਸਰਾ ਮਤ ਅਉਗਣਿ ਚਿਤਿ ਕਰੇਇ
ਲੜ ਵੈਸਾਉ ਸਾਈਆਂ ਮੈਨੂੰ ਭੈਜਲੁ ਡੁਬਨਿ ਨ ਦੇਇ ।੧।

ਜੇ ਤੂੰ ਸੱਜਣ ਅਸਾਂ ਵਲ ਹੈਂ, ਤਾਂ ਸੱਜਣ ਸਭ ਕੋਇ
ਜਾਂ ਤੂੰ ਵਲਿ ਨ ਹੋਵਹੀ ਤਾਂ ਸਾਡਾ ਸੱਜਣ ਕੋਇ ਨ ਹੋਇ । ੨ ।
ਕੇਤੇ ਪਤਿਤ ਜਗਿ ਉਧਰੇ ਹਰਿ ਨਾਮ ਸਮਾਲਿ ਸਮਾਲਿ
ਸਾਧੂਜਨ ਕੀ ਬੇਨਤੀ ਸੁਨਿ, ਦੀਨ ਦਇਆਲ ਕ੍ਰਿਪਾਲਿ । ੩ ।

੧੦੭

ਮੈਂ ਮਹਾਂ ਪਤਿਤ ਹੋਂ ਜੀ ਤੁਮ ਪਤਿਤ ਪਾਵਨ ਸੁਆਮੀ
ਤੁਮ ਸੋ ਕਹੀ ਕਪਟਿ ਕੀਏ ਤੁਮਹੋਂ ਅੰਤਰਿਜਾਮੀ । ਰਹਾਉ ।
ਸਿੰਮਲ ਕੇ ਫਲਿ ਨਿਰਖਿ ਨਿਰਖਿ ਹਰਖ ਹੂਆ ਸੂਆ
ਉਨਿ ਚਿਚ ਜਬ ਚਲਾਈ ਤਬ ਨਿਕਸਿ ਗਇਓ ਰੂਆ । ੧ ।
ਜਿਨ ਜਿਨ ਸੋਂ ਬੇਮੁਖਿ ਹੋਇ ਬੁਰੇ ਬੋਲ ਬੋਲੇ
ਤੇਊ ਤੇਊ ਤਬ ਆਇ ਫਿਰੈਂ ਡਗਮਗਾਇ ਡੋਲੇ । ੨ ।
ਮੇਰੀ ਚਰਮਦ੍ਰਿਸਟਿ ਭ੍ਰਿਸਟਿ ਕਰਮ ਕੀਏ ਹੈ ਕਸੂਲੇ
ਤੁਮਰੋ ਭਜਨੁ ਭੂਲਿ ਗਇਓ ਮਾਇਆ ਕੇ ਭਰਮ ਭੂਲੇ । ੩ ।
ਸਾਧੂਜਨ ਅਪਨਾ ਨਾਮੁ ਭੂਲਿ ਕੈ ਕਹਾਇਓ
ਪਤਿਤ ਪਾਵਨ ਸੁਨਿ ਸੁਨਿ ਮੈਂ ਸਰਨਿ ਤੇਰੀ ਆਇਓ । ੪ ।

੧੦੮

ਪੰਧਿ ਦੁਹੇਲੜੇ ਜਾਣਾ
ਤੂੰ ਹਰਿ ਭਜ ਮੂੜ੍ਹ ਅਜਾਣਾ । ੧ । ਰਹਾਉ ।
ਰਾਮ ਨਾਮ ਦਾ ਜਾਪਿ ਨ ਜਪਿਓ ਦਾਰਾ ਸੁਤ ਕੇ ਹਾਥਿ ਵਿਕਾਨਾ
ਠੱਗਾਂ ਦੀ ਮਿਠਿਆਈ ਖਾਧੀ ਮਹੁਰਾ ਹੋਇਕੇ ਧਾਣਾ । ੧ ।
ਦਾਰਿ ਦਿਹ ਤੇ ਕੂੜੀ ਦੁਨੀਆ, ਕੇਹਾ ਕਰਨਾ ਹੈਂ ਮਾਣਾ
ਕੂੜ ਕੁਟੰਬ ਕੀ ਫਾਹੀ ਫਾਥੋਂ, ਉਣਦਾ ਸੈਂ ਤਾਣਾ ਬਾਣਾ । ੨ ।

ਜੇ ਤੂੰ ਆਪਣਾ ਚੰਗਾ ਲੋੜੇਂ, ਪਕੜੈ ਰਾਹਿ ਨਿਮਾਣਾ
ਮੀਰਾਂ ਪੀਰਾਂ ਤੇ ਸੁਲਤਾਨਾਂ, ਸਭਨਾਂ ਏਹੁ ਟਿਕਾਣਾ । ੩ ।
ਇਹ ਘੜੀਆਂ ਤੈਨੂੰ ਵਤ ਨ ਧਰੀਆਂ ਮੁੜਿ ਕਰਿ ਸਮਝਿ ਇਆਣਾ
ਭੂਲਾ ਹੋਇਆ ਫਿਰਿ ਘਰਿ ਆਵੈ ਸੋ ਭੀ ਸਾਹਿਬ ਭਾਣਾ । ੪ ।
ਸਾਰੀ ਉਮਰਿ ਗਵਾਈਆ ਦੀਵੇਂ, ਗਫਲਤਿ ਨਾਲਿ ਵਿਹਾਣਾ
ਬੇਲੀ ਤੇਰਾ ਕੋਇ ਨ ਹਰਿ ਬਿਨੁ, ਜਮ ਪਕੜਿਆ ਪਛੁਤਾਣਾ । ੫ ।
ਹੋਰੁ ਜਤਨੁ ਤੇਰਾ ਕੋਈ ਨ ਚਲਦਾ ਮੁੜਿ ਮੁੜਿ ਸਰਣੀ ਆਣਾ
ਸਾਧੂਜਨ ਕੇ ਸਾਚੇ ਸਤਿਗੁਰ, ਸਾਚੂ ਕੀ ਬਾਤਿ ਬਖਾਣਾ । ੬ ।

੧੦੯

ਭਇਆ ਦੀਵਾਨਾ ਸਿਆਮ ਕਾ, ਐਸੀ ਬਨਿ ਆਈ
ਅਕਲ ਬਿਕਲ ਬਾਤਾਂ ਕਰੈ, ਕੋਈ ਸਮਝੈ ਭਾਈ । ਰਹਾਉ ।
ਆਠਿ ਪਹਰ ਸਿਮਰਤ ਰਹਹਿ, ਮੈਂ ਸਰਪਰ ਮਰਨਾ
ਯਹ ਗਤਿ ਅੰਤਰਿ ਵਸਿ ਰਹੀ, ਕਿਛ ਜਾਇ ਨ ਕਰਨਾ । ੧ ।
ਤਾ ਦੇਵਾਨਾ ਜਾਣੀਐ ਜਾਂ ਤੁੜਿ ਨਿਬਾਹੇ
ਹੋਇ ਨਿਮਾਣਾ ਜਗਿ ਰਹੇ, ਸਾਧਸੰਗਤਿ ਚਾਹੇ । ੨ ।
ਤਾਂ ਦੇਵਾਨਾ ਜਾਣੀਐ, ਜਉ ਸਚੁ ਪਛਾਣੇ
ਹੋਰ ਸਿਆਣਪ ਛਾਡ ਕੈ, ਗੁਰ ਆਗਿਆ ਮਾਨੇ । ੩ ।
ਤਾ ਦੇਵਾਨਾ ਜਾਣੀਐ, ਜੁ ਕਹਹਿ ਸੁ ਕਰਈ
ਸਾਧੂਜਨ ਸੋ ਨਿਸਤਰੈ ਫਿਰ ਜਨਮੁ ਨ ਮਰਈ । ੪ ।

੧੧੦

ਪੀਆ ਪਿਆਲਾ ਪ੍ਰੇਮ ਕਾ ਮਤਵਾਰਾ ਬੋਲੇ
ਸਾਧ ਸੰਗਤਿ ਸਿਉ ਰਚਿ ਰਹਿਆ, ਅਨ ਕਤਹੂੰ ਨ ਡੋਲੈ । ੧ । ਰਹਾਉ ।

ਮਾਇਆ ਦੀਜੈ ਰੰਗੁਲੀ, ਜਾਂ ਜਾਂ ਜਗ ਮਾਹੀ
ਜਾ ਮਨਿ ਸਾਚੁ ਪਛਾਣਿਆ, ਜਗਿ ਰਹਿਣਾ ਨਾਹੀ । ੨ ।

ਜਾਂ ਐਥਹੁੰ ਉਠਿ ਚਲਨਾ, ਕਿਛੁ ਅਵਧ ਨ ਤੇਰੀ
ਤਾਂ ਸਿਰੋ ਗੋਬਿੰਦ ਸਿਮਰੀਐ, ਤਜਿ ਹਉਮੈ ਢੇਰੀ । ੩ ।

ਚਉਰਾਸੀ ਲਖ ਭਰਮਿਆ, ਤਬ ਮਾਨਸ ਹੂਆ
ਬਹੁਰਿ ਨ ਕਬਹੂੰ ਭਰਮਸੀ, ਜੋ ਜੀਵਤ ਮੂਆ । ੪ ।

ਸਤਿਗੁਰ ਕੈ ਬਲਿਹਾਰਣੈ, ਜਿਨਿ ਸੁਮਤਿ ਦ੍ਰਿੜਾਈ
ਸਾਧੂਜਨ ਪਾਵਨ ਕੀਏ, ਸਤਿਗੁਰ ਸਰਣਾਈ । ੪ ।

ਕਿਦਾਰਾ

੧੧੧

ਲੜਿਕਿਆ ਮਨੂਆ ! ਸਮਝਿ ਸੁਮਾਰਗਿ ਚਲ ਵੇ । ੧ । ਰਹਾਉ ।

ਹਰਿ ਜਪੁ ਲੀਜੈ ਬਿਲਮ ਨ ਕੀਜੈ ਬਿਖੁ ਪਰਹਰੀਐ ਅੰਮ੍ਰਿਤ ਪੀਜੈ
ਅੰਤਰਿਜਾਮੀ ਸਾਚ ਪਤੀਜੈ ਹੋਇ ਰਹੀਐ ਨਿਰਮਲੁ ਵੇ । ੧ ।

ਮੀਠੇ ਗੁਣ ਸ੍ਰੀ ਨਰਹਰਿ ਜੀਕੇ, ਹਰਿ ਬਿਨ ਅਵਰ ਸਗਲੂ ਰਸ ਫੀਕੇ
ਮਹਾਂ ਕਠਨ ਮਾਇਆ ਸੋ ਨੀਕੇ ਕੁੰਡਲ ਤੇ ਨਿਕਲੁ ਵੇ । ੨ ।

ਭਾਜਿ ਪਰਹੁ ਸਤਿਗੁਰ ਕੀ ਸਰਨਾਂ, ਗੁਰ ਪੂਰੇ ਬਿਨ ਪਾਰਿ ਨ ਪਰਨਾ
ਸਤਿਗੁਰ ਕੀ ਸਰਨੀ ਲਗਿ ਤਰਨਾਂ ਮਹਾਂ ਕਠਨ ਭੈਜਲੁ ਵੇ । ੩ ।

ਸਭ ਜਗੁ ਮਾਇਆ ਕੈ ਭ੍ਰਮਿ ਭੂਲਾ, ਜਿਨਿ ਹਰਿ ਭਜਨ ਕੀਆ ਸੋਈ ਘੂਲਾ
ਦਖੀਅਤੁ ਹੈ ਜੈਸੇ ਬਾਇ ਬਗੂਲਾ, ਬਪੁ ਨਿਰਮੂਲਾ ਛਲੁ ਵੇ । ੪ ।

ਤੇ ਉਧਰੇ ਜਿਨ੍ਹਾਂ ਜੁਗਤਿ ਪਛਾਨੀ, ਬੂਡੇ ਜੁਗਤਿ ਬਿਹੂਣੇ ਪ੍ਰਾਨੀ
ਹਰਿ ਬਿਨ ਹਾਰਿ ਚਲੈ ਅਭਿਮਾਨੀ, ਮਾਇਆ ਮਹਾ ਪ੍ਰਬਲ ਵੇ । ੫ ।

ਇਹ ਅਵਸਰ ਰਾਮ ਨਾਮੁ ਸਮਾਰੈ, ਕਾਰਜ ਅਪਨਾ ਆਪੁ ਸਵਾਰੈ
ਜੀਤਿ ਚਲੈ ਫੁਨਿ ਕਬਹੂੰ ਨ ਹਾਰੈ, ਐਸਾ ਪਾਸਾ ਢੂਲ ਵੇ । ੬ ।

ਜੈਸਾ ਤੇਰਾ ਭਾਉ ਤੈਸੀ ਸਿਧਿ ਹੋਈ, ਸਮਝੈ ਜਨ ਵਡਭਾਗੀ ਕੋਈ
ਜੈਸੀ ਤੈਂ ਖਲਿ ਖੇਤੀ ਬੋਈ, ਪਾਵਹਿੰਗਾ ਸੋਈ ਫਲ ਵੇ । ੭ ।

ਜਿਨਿ ਪ੍ਰਭੁ ਧਰਨਿ ਅਕਾਸਿ ਉਪਾਏ, ਚੰਦ ਸੂਰਜ ਦੁਇ ਦੀਪੁ ਦਿਖਾਏ
ਪਉਣ ਪਾਣੀ ਬੈਸੰਤਰੁ ਬਣਾਏ ਐਸਾ ਰਾਮ ਸਬੱਲੁਵੇ । ੮ ।

ਸਤਿਗੁਰ ਸਾਖੀ ਸੁਮਤਿ ਪ੍ਰਗਾਸੀ, ਦੁਖ ਭੰਜਨ ਪ੍ਰਭੁ ਸਭ ਸੁਖ ਰਾਸੀ
ਸੁਆਸ ਗਿਰਾਸ ਸਿਮਰਿ ਅਬਿਨਾਸੀ, ਕਬਹੂੰ ਨ ਰਹੁ ਇਕ ਪਲ ਵੇ । ੯ ।

ਹੋਇ ਰਹੁ ਸਗਲਿ ਜਗਤ ਤੇ ਨਿਆਰਾ, ਪਰਹਰਿ ਮਾਇਆ ਮੋਹ ਪਸਾਰਾ
ਸਿਮਰਹੁ ਸਾਹਿਬ ਸਿਰਜਨਹਾਰਾ, ਸਾਧ ਸੰਗਤਿ ਸੰਗਿ ਰਲ ਵੇ । ੧੦ ।

ਮੇਰੀ ਮੇਰੀ ਕਰਤਿਆਂ ਜਨਮੁ ਗਵਾਇਆ, ਕਬਹੂੰ ਮਨ ਸੰਤੋਖ ਨ ਆਇਆ
ਬਹੁੜਿ ਸਮਝੁ ਭਜ ਗੋਬਿੰਦ ਗਾਇਆ, ਪਰਹਰੁ ਪਾਪੁ ਪਟਲੁ ਵੇ । ੧੧ ।

ਆਗੈ ਹੋਇ ਨ ਪਾਛੈ ਹੂਆ, ਹਰਿ ਸਿਮਰਨ ਸਮਸਰਿ ਨਹੀ ਦੂਆ
ਬਾਧਿਆ ਜਿਉਂ ਨਲਨੀ ਭ੍ਰਮਿ ਸੂਆ, ਇਉਂ ਪਚਿ ਮੂਆ ਖਲੁ ਵੇ । ੧੨ ।

ਮੈਂ ਤੁਝ ਕਉ ਬਹੁਬਿਧਿ ਸਮਝਾਇਆ, ਮਹਾਂ ਪ੍ਰਬਲ ਪਸਰੀ ਜਗ ਮਾਇਆ
ਸਾਧੂਜਨ ਜਿਨ ਹਰਿਜਸ ਗਾਇਆ, ਪਾਇਆ ਰਾਜ ਅਟਲ ਵੇ । ੧੩ ।

੧੧੨

ਅਪੁਨਾ ਬਿਰਦੁ ਨ ਬਿਸਾਰੀਐ ਬੇਨਤੀ ਸੁਣਿ ਸੁਆਮੀ
ਕ੍ਰਿਪਨੁ ਅਕਿਰਤਘਨੁ ਕ੍ਰਿਤਾਰਥੁ ਕੀਜੈ
ਕਿਰਪਾ ਕਟਾਖ ਨਿਹਾਰੀਐ ਬੇਨਤੀ ਸੁਣਿ ਸੁਆਮੀ । ੧ । ਰਹਾਉ ।

ਮੋਹਿ ਨਿਰਲਾਜ ਅਕਾਜ ਕੀਏ ਹੈਂ ਸ੍ਰੀ ਮਹਾਰਾਜ ਸੁਧਾਰੀਐ
ਭਰਮਿ ਭੂਲਿਓ ਡਾਕਨਿ ਭਰਕਾਇਓ ਦੁਆਰੇ ਤੇ ਦੂਰਿ ਨ ਡਾਰੀਐ । ੧ ।

ਮੋ ਸੋ ਪਤਿਤ ਕੋਈ ਹੂਆ ਨ ਹੋਇਗਾ ਜੇ ਜੀਤੁ ਜੀਉ ਪਤਤਾਰੀਐ
ਪਤਤਿ ਪਾਵਨ ਤੇਰੀ ਸਰਣਿ ਪਰਿਆ ਹਉਂ
ਮੇਰਾ ਅਪਰਾਧਿ ਨਿਵਾਰੀਐ । ੨ ।

ਜੀਵਨ ਮੁਕਤਿ ਦੀਜੈ ਦੁਖ ਭੰਜਨ ਬਿਖਿਆ ਸੋ ਬਾਂਧਿ ਨ ਮਾਰਿਐ
ਮੈਂ ਕਪਟੀ ਮੇਰੋ ਨਾਮ ਸਾਧੂਜਨ, ਮੇਰਾ ਕਾਹੇ ਕਉ ਪਾਚੁ ਉਧਾਰੀਐ । ੩ ।

ਭੈਰਉ

੧੧੩

ਹਰੀ ਰਾਮੁ ਹਰੀ ਰਾਮੁ ਹਰੀ ਰਾਮੁ ਹਰੀ
ਹਰੀ ਰਾਮੁ ਸਿਮਰਨ ਕੀ ਟੇਵ ਪਰੀ । ੧ । ਰਹਾਉ ।

ਹਰੀ ਰਾਮ ਹਰੀ ਰਾਮ ਹਰੀ ਰਾਮ ਕਹੀਐ
ਹਰੀ ਰਾਮ ਕਹਨੇ ਤੇ ਕਬਹੂੰ ਨ ਰਹੀਐ । ੧ ।

ਹਰੀ ਰਾਮ ਹਰੀ ਰਾਮ 'ਪ੍ਰਾਣ ਹਮਾਰੇ
ਹਰੀ ਰਾਮ ਪ੍ਰਾਨਨ ਹੂੰ ਤੇ ਪਿਆਰੇ । ੨ ।

ਹਰੀ ਰਾਮ ਸ੍ਰਵਣਾ ਹਰੀ ਰਾਮ ਨੈਨਾਂ
ਹਰੀ ਰਾਮ ਹਿਰਦੇ ਹਰੀ ਰਾਮ ਬੇਨਾ । ੩ ।

ਹਰੀ ਰਾਮ ਪਸਰਿ ਰਹੇ ਅੰਗ ਅੰਗੇ
ਹਰੀ ਰਾਮ ਕੇ ਨਾਮ ਕੇ ਰੰਗਿ ਰੰਗੇ । ੪ ।

ਹਰੀ ਰਾਮ ਜਨ ਕਉ ਅਭੈ ਦਾਨ ਦੀਨਾ
ਹਰੀ ਰਾਮ ਸਾਧੂਜਨ ਨਿਰਭਉ ਕੀਨਾ । ੫ ।

੧੧੪

ਨਾ ਹਮ ਕਾਹੂ ਕੇ ਨ ਕੋਈ ਹੈ ਹਮਾਰਾ
ਕਾਹੇ ਕਉ ਕੀਜੈ ਬੀਰਾ ਕਪਟੁ ਪਸਾਰਾ । ੧ । ਰਹਾਉ ।

ਮਾਤ ਪਿਤਾ ਬੰਧੁਪ ਸੁਤ ਦਾਰਾ
ਰਿਣ ਸਨਬੰਧ ਮਿਲੈ ਦਿਨ ਚਾਰਾ ।੧।

ਮਾਇਆ ਜੋਰਿ ਕੀਆ ਜੰਜਾਰਾ
ਛਾਡਿ ਚਲੈਗੋ ਅੰਤ ਕੀ ਬਾਰਾ ।੨।

ਗੁਰਮੁਖਿ ਸਾਚ ਸ਼ਬਦ ਬੀਚਾਰਾ
ਹਰਿ ਬਾਜੀ ਸੁਪਨਾ ਸੰਸਾਰਾ ।੩।

ਹੋਇ ਰਹੁ ਸਗਲ ਜਗਤ ਤੇਂ ਨਿਆਰਾ
ਸਾਧੂਜਨ ਭਜਿ ਲੇ ਗੋਬਿੰਦ ਪਿਆਰਾ ।੪।

੧੧੫

ਮਸਤੁ ਭਇਆ ਅਲਮਸਤੁ ਭਇਆ,
ਮਹਾਰਾਜ ਕੀ ਸਰਨਿ ਪਇਆ ।੧। ਰਹਾਉ ।

ਮਮਤਾ ਮਾਇਆ ਮੋਹ ਮਿਟਾਇਓ, ਮਧੁਰ ਬਾਣੀ ਹਰਿ ਕੇ ਜਸ ਗਾਇਓ
ਮਤਿ ਨਿਰਮਲ ਸਾਚੇ ਗੁਰ ਤੇ ਪਾਈ,
ਮਹਿਮਾ ਤਾਂ ਕੀ ਕਹਨੁ ਨ ਜਾਈ ।੧।

ਮਰਣ ਜੀਵਨ ਕੀ ਚਿੰਤਾ ਤਿਆਗੀ, ਮਨ ਕੀ ਲਿਵ ਮਨ ਹੀ ਸੋਂ ਲਾਗੀ
ਮਰਮੀ ਹੋਇ ਸੁ ਇਸ ਪਦ ਬੂਝੈ, ਮਰਮੁ ਪਛਾਣਹਿ ਬਿਨ ਨਹੀਂ ਸੂਝੈ ।੨।

ਮਥਿ ਕਾਢਿਓ ਯਹ ਬ੍ਰਹਮ ਗਿਆਨ, ਮਨ ਮਾਨੇ ਮਨ ਹੀ ਭਗਵਾਨ
ਮਨ ਮਨਸਾ ਕਾ ਜਾਨਿਓ ਭੇਊ,
ਮਨ ਹੀ ਮਨ ਮਹਿ ਨਿਰੰਜਨ ਦੇਊ ।੩।
ਮਜਨ ਕੀਆ ਸੁਧਾਸਰਿ ਮਾਹੀ, ਮਹਾ ਪੁਨੀਤ ਪਵੀਤ ਸਦਾਹੀ
ਮਲ ਦੁਰਮਤਿ ਕੇ ਕੀਨੇ ਨਾਸ, ਮਗਨ ਤਹਾਂ ਸਾਧੂਜਨ ਦਾਸ ।੪।

੧੧੬

ਮੈਂ ਜਾਚਕੁ ਜਗਦੀਸ਼ ਜੀ ਕੇ ਪ੍ਰੇਮ ਭਗਤਿ ਜਾਚਉਂ
ਘੂਙਰੇ ਬਿਕਰਾਲ ਰੂਪ ਘੁੰਘਰੂ ਬਾਧਿ ਨਾਚਉਂ
ਮਹਾਰਾਜ ਘੁੰਗਰੂ ਬਾਂਧ ਨਾਚਉਂ ।੧। ਰਹਾਉ ।

ਕ੍ਰਾਂਤ ਕੀ ਭਈ ਅਵਰੁ ਭ੍ਰਾਂਤਿ ਦਾਂਤਿ ਕੂਚ ਕੀਨਾ
ਜਿਹਬਾ ਥਥਰਾਤ ਕਫਨ ਕੰਠ ਰੋਕੁ ਲੀਨਾ ।੧।

ਸੁਚ ਅਸੁਚ ਨ ਸਮਝ ਸਾਕਉਂ ਸੁਧ ਬੁਧ ਬਿਸਰਾਨੀ
ਕਬਹੂੰ ਕਬਹੂੰ ਨੈਨ ਤੇ ਢਲਕ ਪਰਤ ਪਾਨੀ ।੨।

ਥੋਰਾ ਥੋਰਾ ਭੋਰਾ ਸ੍ਰਵਣ ਸੁਨਤੌਂ ਹੌਂ ਉਚੇਰੋਂ
ਭਗਤ ਭਗਤ ਜਗਤਿ ਬੀਚਿ ਕਹੀਅਤ ਹੌ ਤੇਰੋ ।੩।

ਕੀਨੇ ਹੈ ਬਿਕਾਰ ਕਈ ਕਹਾਂ ਲਉ ਬਖਾਨਉਂ
ਪਤਿਤ ਪਾਵਨ ਪ੍ਰਗਟ ਕੀਓ ਅਪਨੋਂ ਬਿਰਦੁ ਬਾਨੋਂ ।੪।

ਜੈਸੇ ਗਜਰਾਜ ਗ੍ਰਸਿਓ ਤੰਦੂਏ ਕੀ ਤੈਤੀ
ਤੈਸੇ ਮਨ ਮਾਇਆ ਨੇ ਗ੍ਰਸਿਆ ਅਨਕ ਭੈਤੀ ।੫।

ਅਤਿ ਅਨਾਥ ਕੋ ਸਨਾਥਿ ਕਿਰਪਾ ਪ੍ਰਭ ਕੀਜੈ
ਭੈਜਲ ਮੈਂ ਬਹਿਓ ਜਾਤ ਹਾਥੇ ਕਾਢਿ ਲੀਜੈ ।੬।

ਤੁਮਰੇ ਗੁਣ ਕਹਾਂ ਕਹੌਂ ਰਸਨਾ ਮੋਹਿ ਥੋਰੀ
ਦੀਨ ਕੇ ਦਇਆਲ ਨਾਥ ਰਾਖੁ ਲਾਜ ਮੋਰੀ ।੭।

ਭੇਖ ਦੇਖ ਬਖਸਿਓ ਤਉਂ ਮੈਂ ਸਾ ਪਤਿਤੁ ਸੋਇ
ਘੂਙਰੇ ਬਿਕਰਾਲ ਊਪਰਿ ਤੁਝ ਬਿਨਾ ਕਉਨੁ ਹੋਇ ।੮।

ਤੁਮਰੇ ਆਗੈ ਕਹਾਂ ਕਹੌ ਤੁਮਹੌਂ ਅੰਤਰਿਜਾਮੀ
ਸਾਧੂਜਨ ਚਰਨ ਸਰਨਿ ਸੁਖ ਨਿਧਾਨ ਸੁਆਮੀ ।੯।

ਬਸੰਤ

੧੧੭

ਤੇਰੀ ਭਗਤਿ ਨ ਛਾਡਉਂ ਮੋਰੇ ਗੋਬਿੰਦ ਰਾਇ
ਸਾਧ ਸੰਗਤਿ ਮੋਕਉ ਲੇਹੁ ਮਿਲਾਇ। ।ਰਹਾਉ।

ਭਾਵੈਂ ਸਕਲ ਜਗਤ ਮੋਕਉ ਤਿਆਗਹਿ
ਸਾਚ ਸਮਾਧਿ ਮੋਰੇ ਅੰਤਰਿ ਲਾਗਹਿ ।੧।

ਲਾਖ ਕਰੋਰੀ ਜੌ ਧਨ ਜੋਰਉਂ
ਤਊ ਮੈਂ ਪ੍ਰੀਤਿ ਨ ਤੁਮ ਸਿਉਂ ਤੋਰਉਂ ।੨।

ਜਉ ਤੁਮ ਨਗਨ ਕਰਉਂ ਜਗ ਮਾਹੀ
ਭਗਤਿ ਭਗਤ ਜਨ ਛਾਡੌ ਮੈ ਨਾਹੀ ।੩।

ਦੁਖ ਸੁਖ ਤੁਝਹਿ ਅਰਾਧਉਂ ਸੁਆਮੀ
ਸਾਧੂਜਨ ਪ੍ਰਭੁ ਮੇਰੇ ਅੰਤਰਜਾਮੀ ।੪।

੧੧੮

ਹਰਿ ਰਸੁ ਮੀਠੜੋ ਰੇ ਪ੍ਰੇਮੀ ਪ੍ਰੇਮੁ ਸੇ ਪੀਵੈ
ਸਿਮਰਿ ਸਿਮਰਿ ਜਨ ਜੀਵੈ ਰੇ ਜੀਵੈ ।੧। ਰਹਾਉ

ਪਰਮ ਅਨੰਦ ਪਾਇਓ ਪ੍ਰਭ ਕੀ ਪੂਜਾ
ਏਕਾ ਏਕੀ ਟੇਕਾ ਟੇਕੀ ਦੂਰਿ ਰੇ ਦੂਜਾ ।੧।

ਕਬਹੂੰ ਨ ਸੋਵੈ ਜਨ ਜਾਗੈ ਰੇ ਜਾਗੈ
ਅਚਰਜੁ ਲੀਲਾ ਪ੍ਰਭ ਕੀ ਆਗੈ ਤੇ ਆਗੈ ।੨।

ਪਤਿਤ ਪਾਵਨ ਪਰਿਓ ਬਿਰਦੁ ਰੇ ਜਾਂਕੋ
ਐਸੋ ਪ੍ਰਭ ਬਿਨਾਂ ਬਰਤੁ ਕੀਜੈ ਰੇ ਕਾਂਕੋ ।੩।

ਸਹਿਜ ਸਮਾਧਿ ਲਾਗੀ ਤਿਆਗੀ ਰੇ ਮਾਇਆ
ਸਾਧੂਜਨ ਭਾਤਿ ਬੂਝੀ ਗੋਬਿੰਦ ਹੇ ਰਾਇਆ । ੪ ।

੧੧੯

ਮੇਰੋ ਰਾਮ ਰਾਇ ਸਿਉ ਲਾਗਉ ਰੰਗ
ਜਬ ਤੇਂ ਪ੍ਰਾਪਤਿ ਭਇਓ ਸਾਧੂਸੰਗ । ੧ ।

ਪਰਪੰਚਨ ਮਾਇਆ ਪਰਹਰੀ
ਮਨਬਸਿ ਰਹਿਓ ਅਨਦਿਨ ਨਰਹਰੀ । ੧ ।

ਪਰਲੋ ਕੀਏ ਦੁਇ ਪਖ ਪੁੰਨ ਪਾਪੁ
ਜਾਂ ਕੇ ਜਗ ਪ੍ਰਗਟਿਓ ਵਰੁ ਸਰਾਪੁ । ੨ ।

ਗਤਿ ਗਦਗਦ ਆਵਰ ਬਾਵਲੀ
ਉਰ ਉਮਗ ਉਨਤਿ ਰੁਮਾਵਲੀ । ੩ ।

ਸ੍ਰੀ ਗੋਬਿੰਦ ਕੀ ਗਤਿ ਅਤਿ ਅਨੂਪ, ਸਾਧੂਜਨ ਪਰਮ ਆਨੰਦ ਰੂਪ । ੪ ।

੧੨੦

ਕਰਿ ਕਿਰਪਾ ਸਾਧਾਂ ਸੰਗਿ ਮਿਲਾਇ
ਮੋਕਉ ਭਰਮ ਤੇਂ ਰਾਖਹੁ ਗੋਪਾਲਰਾਇ । ੧ । ਰਹਾਉ ।

ਮਨ ਚੰਚਲ ਦਹਦਿਸਿ ਧਾਵਤਾ, ਮ੍ਰਿਗ ਤ੍ਰਿਸ਼ਨਾ ਜਿਉ ਨ ਅਘਾਵਤਾ
ਮਨ ਸਾਂਤਿ ਨ ਕਬਹੂੰ ਪਾਵਤਾ, ਤੇਰਾ ਜਨ ਪ੍ਰਗਟਿ ਪੁਕਾਰਿ ਸੁਨਾਵਤਾ । ੧ ।

ਬਿਖਿ ਬਿਖਿਆ ਅਤਿ ਪਿਆਰਿ, ਕਿਛੁ ਸੂਝੈ ਨਾਹੀ ਉਰਵਾਰਿ ਪਾਰਿ
ਤਿਸ ਭੀਤਰਿ ਬਹਿਆ ਜਾਤ ਹੋਂ, ਪ੍ਰਭੁ ਤੁਮ ਆਗੇ ਬਿਲਲਾਤ ਹੋਂ । ੨ ।

ਪ੍ਰਭੁ ਐਸੀ ਕਰੁਣਾ ਧਾਰੀਐ, ਮੇਰਾ ਗੁਣ ਅਉਗੁਣ ਨ ਬੀਚਾਰੀਐ
ਪਾਪੀ ਪਾਖੰਡੀ ਤਾਰੀਐ, ਜਨ ਆਇਆ ਸ਼ਰਨਿ ਤਿਹਾਰੀਐ । ੩ ।

ਮੇਰੀ ਦੁਰਮਤਿ ਕਾਟਹੁ ਕਿਰਪਾਨਿਧਾਨ
ਮਨ ਭੀਤਰਿ ਲਾਗੈ ਸਾਚ ਧਿਆਨਿ
ਰਸਨਾ ਨਿਰਮਲੁ ਜਸ ਗਾਵਹੀ, ਸ ਪੁਜਨ ਬਲਿ ਬਲਿ ਜਾਵਹੀ। ੪।

੧੨੧

ਚਲੁ ਰੇ ਮਨ ਜਾਈਐ ਖੇਲਨਿ ਫਾਗਿ
ਸੰਤਨਿ ਸਿਉਂ ਕਰਿ ਪ੍ਰੀਤਿ ਪਰਸਿ, ਘਰਿ ਗਾਵਤਿ ਸਰਸ ਬਸੰਤੁ ਰਾਗੁ ।੧।

ਜਹਾਂ ਤਾਲ ਮ੍ਰਿਦੰਗ ਰਬਾਬ ਜੋਰ, ਤਹਾਂ ਘੁੰਘਰੂਓਂ ਕੀ ਘਨਕਘੋਰ
ਜਹਾਂ ਕੁੰਕਮ ਅਗਰ ਉਡੈ ਗੁਲਾਲ, ਉੱਚਰ ਸ੍ਰੀ ਜੈ ਜੈ ਜੈ ਗੁਪਾਲ। ੧।

ਉਪਜੀ ਘਟ ਪ੍ਰੇਮ ਭਗਤਿ ਪ੍ਰਤੀਤਿ, ਗੁਨ ਗਾਵਤਿ ਬਿਮਲ ਗੋਬਿੰਦ ਗੀਤਿ
ਤਹਾਂ ਬਿਆਪਿਤ ਨਾਹਿਨ ਹਰਖ ਸੋਗ
ਸਾਧੂਜਨ ਭਗਤ ਗੋਬਿੰਦ ਲੋਗ। ੨।

੧੨੨

ਹਿੰਡੋਲ ਕਾਫੀ

ਨਿਰਮਲ ਨਾਮ ਸੰਮਾਲ ਵੇ ਪ੍ਰਭ ਜੀ ਕਾ ਕੀਰਤਨੁ ਕੀਜੀਐ
ਜੀਆ ਮੈਂ ਭਤਿਆ ਪ੍ਰਭ ਜੀ ਕਾ ਕੀਰਤਨੁ ਕੀਜੀਐ। ੧। ਰਹਾਉ।

ਸੋਈ ਦੀਵਾ ਬਾਲ ਵੇ ਕਦੇ ਅਨੇਰ੍ਹਾ ਨ ਥੀਵੇਂ। ੧।
ਜਲ ਥਲ ਊਭ ਪਇਆਲਿ ਵੇ, ਪੂਰ ਰਹੇ ਸਰਬੱਤ੍ਰ ਮੈਂ। ੨।

ਚਲੀਏ ਨਿਰਮਲ ਚਾਲ ਵੇ ਸਾਧਾ ਦੀ ਸੰਗਤਿ ਬੈਸੀਐ। ੩।
ਹਰਿ ਸਿਮਰਨ ਕੀ ਮਾਲ ਵੇ ਸਾਸ ਕੇ ਸੂਤ ਪਰੋਈਐ। ੪।
ਬਿਖਿਆ ਕੇ ਜੰਜਾਲ ਵੇ ਜਮ ਕੰਕਰ ਤੇਰੇ ਜੀਅ ਦੇ। ੫।

ਇਕ ਨ ਚਲੀ ਤੇਰੇ ਨਾਲ ਵੇ, ਜਿਨਾਂ ਨੂੰ ਦੇਖ ਗਰਬਿਓ । ੬ ।
ਜਮ ਦੀ ਕਉਣ ਮਜਾਲ ਵੇ ਤੇਰਿਆਂ ਸਾਧਾਂ ਨੂੰ ਦਰਸ਼ਨ ਦੇ ਸਕੇ । ੭ ।

ਤੇਰਿਆਂ ਸਾਧਾਂ ਦੀ ਚਰਨ ਰਵਾਲ ਵੇ
ਨਿਵ ਨਿਵ ਮਸਤਕਿ ਲਾਈਐ । ੮ ।

ਪੀਚਨ ਚਰਨ ਪਖਾਲ ਵੇ ਹੋਇ ਸਰੀਰ ਸੁ ਪਾਵਨਾ । ੯ ।
ਕਾਫੀ ਰਾਗਨ ਨਾਲਿ ਵੇ ਉਮਗੁ ਉਮਗੁ ਜਸ ਗਾਈਐ । ੧੦ ।
ਪ੍ਰੇਮ ਭਗਤਿ ਕੇ ਤਾਲ ਵੇ, ਪ੍ਰਭ ਜੀ ਕੇ ਆਗੇ ਨਾਚੀਐ । ੧੧ ।
ਠਾਕੁਰ ਦੀ ਧਰਮਸਾਲ ਵੇ, ਤੋਟ ਨ ਕਬਹੂੰ ਆਵਸੀ । ੧੨ ।
ਸੋਈ ਪਾਸਾ ਢਾਲ ਵੇ, ਜਿਤ ਜਨਮ ਅਮੋਲਕੁ ਜੀਤੀਐ । ੧੩ ।
ਸਾਧੂਜਨ ਦੇ ਖਿਆਲ ਵੇ, ਖ਼ਾਲਕ ਖ਼ਾਲੀ ਨ ਕਰੇ । ੧੪ ।

ਸਾਰੰਗ

੧੨੩

ਮੋਹਿ ਚਿੰਤਾ ਅਪਨੇ ਧਰਮ ਕੀ
ਅੰਤਰਜਾਮੀ ਪ੍ਰਾਨਨਾਥ ਬਿਨੁ ਕਵਨੁ ਜਾਨੈ ਬਿਧਿ ਮਰਮ ਕੀ । ੧ । ਰਹਾਉ ।

ਬ੍ਰਹਮਨ ਹੋਇ ਬਿਖਿਆ ਸੋਂ ਬਾਧਹਿ ਬਾਤਿ ਬਖਾਨਹਿ ਭਰਮ ਕੀ
ਭ੍ਰਿਸਟਿ ਭਏ ਦਿਬ ਦ੍ਰਿਸ਼ਟਿ ਨ ਦੇਖੈਂ ਕਾਂਇਆ ਕਾਚੇ ਚਰਮ ਕੀ । ੧ ।

ਸਰਨਿ ਪਰੇ ਕੀ ਲਾਜ ਰਾਖਿ ਪ੍ਰਭੁ ਬੇਮੁਖ ਬਡੇ ਬਿਸਰਮ ਕੀ ।
ਸਾਧੂਜਨ ਕੋ ਆਂਚ ਨ ਲਾਗੈ ਕਲੀਕਾਲ ਕੇ ਕਰਮ ਕੀ । ੨ ।

੧੨੪

ਮੈਂ ਚਾਕੁਰ ਸ੍ਰੀ ਜਗਦੀਸ਼ ਕਾ
ਪ੍ਰੇਮ ਭਗਤਿ ਕਾ ਬਾਗਾ ਪਹਿਰਉਂ ਸਾਹਿਬ ਕੀ ਬਖਸੀਸ਼ ਕਾ । ੧ ।

ਜੋਬਨ ਬੀਤਿ ਬਿਰਧਿ ਬਲੁ ਹਾਰਿਓ ਕਾਂਪਨਿ ਲਾਗੋ ਸੀਸ ਕਾ
ਅਬ ਕੈਸੇ ਕੀਰਤਨ ਕਰਉ ਕਿਰਪਾਨਿਧਿ,
ਨਾਹਿ ਸਰੀਰੁ ਕਸੀਸ ਕਾ । ੧ ।

ਜਨਮੁ ਪਾਇਕੇ ਕਰਮ ਨ ਕੀਨੋ ਨ ਕਾਹੂ ਕੀ ਰੀਸ ਕਾ
ਸਾਧੂਜਨ ਮੇਰਾ ਨਾਮੁ ਪਰਿਓ ਹੈ; ਬਸਿ ਭਇਓ ਬਰਮ ਤੇਤੀਸ ਕਾ । ੨ ।

੧੨੫

ਹਮ ਆਏ ਹੈਂ ਸਰਨਿ ਦਇਆਲ ਕੀ
ਬਿਖਿ ਬਿਖਿਆ ਸਭ ਮਨ ਤੈਂ ਤਿਆਗੀ,
ਮਾਇਆ ਕੇ ਜੰਜਾਲ ਕੀ । ੧ । ਰਹਾਉ ।

ਤੁਝ ਬਿਨੁ ਅਵਰੁ ਕਵਨੁ ਦੁਖ ਭੰਜਨ ਜਾਨੈ ਜੋ ਹਮਾਰੇ ਹਾਲ ਕੀ
ਕਿਰਪਾ ਕਰੋਂ ਤਾਂ ਮਿਟ ਜਾਇ ਮਨ ਤੇ, ਲਹਰੇ ਪਾਂਚ ਬੇਤਾਲ ਕੀ । ੧ ।

ਜੋ ਦੀਸੈ ਥਿਰੁ ਰਹੈ ਨ ਕੋਈ ਸਭ ਸਿਰਿ ਚੋਟੀ ਕਾਲ ਕੀ
ਅਉਸਰ ਜੀਤਿ ਚਲੇ ਬਡਿਭਾਗੀ, ਭਗਤਿ ਕਰੈ ਨੰਦ ਲਾਲ ਕੀ । ੨ ।

ਕਿਰਪਾ ਨਿਧਾਨ ਕਿਰਤਾਰਥੁ ਕੀਜੈ, ਮਤਿ ਦੀਜੈ ਸੰਤਨਿ ਚਾਲ ਕੀ
ਸਾਧੂਜਨ ਕਿਰਪਾ ਕਰਿ ਕਾਟਉ, ਫਾਸੀ ਜਮ ਕੇ ਜਾਲ ਕੀ ।੩।

੧੨੬

ਪਤਿਤ ਪਾਵਨ ਜੋ ਕਿਰਪਾ ਕਰੈ
ਪਿੰਗੁ ਚੜੈ ਪਲ ਮੈਂ ਪਰਬਤ ਪਰ,
ਗੂੰਗ ਸਕਲ ਪਿੰਗੁਲ ਪੜੈ । ੧ । ਰਹਾਉ ।

ਤੀਨ ਲੋਕ ਅੰਧੁਲੇ ਕੋ ਸੂਝੈਂ ਨਿਰਧਨ ਕਉ ਰਿਧਿ ਸਿਧਿ ਢੁਰੈ
ਜਿਹ ਮੁਖ ਕਉ ਕੋਈ ਮੁਖ ਨ ਲਗਾਵੈ,
ਸੋਈ ਮੁਖੁ ਹਰਿ ਸਨਮੁਖੁ ਜੁਰੈ । ੨ ।

ਦਰੋਪਤੀ ਨਗਨਿ ਕਰਨ ਨਹੀ ਦੀਨੀ ਦੁਰਜੋਧਨ ਪਚਿ ਪਚਿ ਮਰੈ
ਕਿਆ ਬਪੁਰੀ ਗਨਕਾ ਅਧਰਾਧਨਿ ਸੂਆ ਪੜਾਵਤਿ ਊਧਰੈ ।੨।

ਧ੍ਰੂ ਧਰ ਧਿਆਨ ਧਰਨੀਧਰਿ ਧਿਆਇਓ ਚਰਨ ਕਮਲ ਹਿਰਦੈ ਧਰੈ
ਜਾਕੀ ਲਿਵ ਲਾਗੀ ਨਰਹਰਿ ਸਿਉ ਰਾਜ ਕਰਤ ਕੇਤੇ ਟਰੈ ।੩।

ਪ੍ਰਗਟਿ ਭਇਓ ਨਰਹਰਿ ਬਪੁ ਧਾਰਿਓ ਭਗਤਿ ਅਧੀਨ ਬਿਰਦੁ ਧਰੈ
ਹਰਿਨਾਖਸ ਹਰਿ ਨਖਹਿ ਬਿਦਾਰਿਓ,
ਭਗਤਿ ਪ੍ਰਹਿਲਾਦ ਕੋ ਭੈ ਹਿਰੈ ।੪।

ਨਾਮਦੇਵ ਕੀ ਸੁਰਹੀ ਜਿਵਾਈ ਮਹਾ ਕਠਨੁ ਭੈਜਲੁ ਤਰੈ
ਜਾ ਕੇ ਪ੍ਰਭ ਐਸੋ ਅਬਿਨਾਸੀ ਸੋ ਸਾਧੂਜਨ ਕਿਉਂ ਡਰੈ ।੫।

੧੨੭

ਕਿਆ ਤੂੰ ਰਸਨ ਧਰਿਓ ਹੈਂ ਭਰਮੁ ਕੋ
ਅੰਤਰਜਾਮੀ ਪ੍ਰਾਨਨਾਥ ਬਿਨੁ ਕਵਣ ਜਾਨੈ ਮੇਰੇ ਮਰਮ ਕਉ ।੧। ਰਹਾਉ ।

ਮਾਤ ਪਿਤਾ ਬੰਧਪ ਸੁਤ ਦਾਰਾ ਏ ਤੌ ਲਾਗੂ ਚਰਮ ਕਉ
ਅਜਹੂੰ ਕਛੂ ਨ ਗਇਆ ਹੈ ਤੇਰਾ ਭਾਜ ਪਰੇ ਹਰਿ ਸਰਨ ਕਉ ।੧।

ਜਿਨਿ ਕਰਿ ਤੂੰ ਕਰਿ ਜਾਨੈ ਮੇਰੇ ਸੋ ਚਾਹੈਂ ਤੇਰੇ ਮਰਨ ਕਉ
ਭੂਲੇ ਭਉਂਦੂ ਭਗਤਿ ਬਿਸਾਰੀ ਮੂਲੁ ਨ ਜਾਨਿਓ ਜਨਮ ਕਉ ।੨।

ਇਨ ਸਨਬੰਧੀ ਦਿਵਸ ਚਾਰਿ ਕੇ ਕਾਹੇ ਡੂਬਾ ਸਰਮ ਕਉ
ਸਾਧੂਜਨ ਮੇਰਾ ਨਾਮੁ ਧਰਿਓ ਜਬ ਜੀਤਿ ਲਇਓ ਸਭ ਕਰਮ ਕਉ ।੩।

੧੨੮

ਮਰਨ ਬਿਸਾਰਿਓ ਰੇ ਅਭਿਮਾਨੀ !
ਸੁਪਨੈ ਨੇ ਤੂੰ ਨਿਹਚਉ ਜਾਨਿਆ,
ਝੂਠ ਕੀ ਬਾਤਿ ਸਾਚਿ ਕਰਿ ਮਾਨੀ ।੧। ਰਹਾਉ ।

ਰਾਮ ਨਾਮੁ ਕਾ ਸਿਮਰਨ ਕੀਜੈ ਅਬ ਘੜੀ ਕਾਲ ਲਗਾਵੈ ਕਾਨੀ
ਸੰਗੀ ਸੋਈ ਤਰੈ ਸੰਗਿ ਚਲੈਂਗੇ ਜੋ ਜੋ ਤੈ ਕਰਤੂਤਿ ਕਮਾਨੀ । ੧ ।

ਤ੍ਰਿਲੋਕੀ ਕੇ ਨਾਥ ਨਿਰੰਜਨ ਕਬਹੂੰ ਨ ਭਜਿਓ ਰੇ ਅਗਿਆਨੀ
ਕੋਟਿ ਪਤਿਤ ਕੋ ਕੀਓ ਕ੍ਰਿਤਾਰਥ, ਸਾਧੂਜਨ ਸਾਹਿਬ ਕੀ ਮਾਨੀ । ੨ ।

੧੨੯

ਘੜੀ ਘੜੀ ਬਾਜਤਾ ਘੜੀਆਲ, ਘੜੀ ਘੜੀ ਬਾਜਤਾ ਘੜੀਆਲ
ਅਉਧ ਤੇਰੀ ਨਿਕਟਿ ਆਵਹਿ, ਸਾਸ ਗਿਨਤਾ ਕਾਲ । ਰਹਾਉ ।

ਭਲਾ ਕਰੈਂ ਤਾਂ ਤਿਆਗ ਮਨ ਤੇ, ਕੂੜ ਕਪਟ ਜੰਜਾਲ
ਸੰਗਿ ਜਾਹ ਤੇ ਚਲੈ ਨਾਹੀ, ਦੇਹਿ ਮੰਦਰ ਮਾਲੁ । ੧ ।

ਸੀਲ ਧਰਮ ਸੰਤੋਖ ਅਪੁਨਾ, ਪ੍ਰੀਤਿ ਕਰਿ ਪ੍ਰਤਿਪਾਲ
ਬਹੁਰਿ ਬਹੁਰਿ ਨ ਤੁਝੇ ਮਿਲਤਾ, ਜਨਮ ਮਾਣਸ ਲਾਲ । ੨ ।

ਖੋਜ ਕਰ ਗਹੁ ਗਿਆਨ ਗੁਰ ਕਾ, ਰਾਮ ਘਟ ਮਹਿ ਭਾਲ
ਸਾਧੂਜਨ ਕੇ ਦਾਸ ਸੇਵਕ, ਦਿਆਲ ਕਰਤ ਨਿਹਾਲ । ੩ ।

ਮਲਾਰ

੧੩੦

ਬਾਦਰ ਉਮੜਿ ਆਏ ਚਹੂੰ ਓਰਿ
ਮੂਸਲ ਧਾਰੇ ਬਰਸਨ ਲਾਗੇ ਇੰਦ੍ਰ ਲਾਈ ਘਨਘੋਰ । ੧ । ਰਹਾਉ ।

ਸਾਤ ਦਿਵਸ ਉਂਗਰੀ ਗਿਰ ਰਾਖਿਓ ਨਾਗਰ ਨੰਦ ਕਿਸ਼ੋਰ
ਰਾਖਿ ਲੀਓ ਗੋਕਲ ਆਪਦਾ ਤੇਂ ਇੰਦ੍ਰ ਕੋ ਮਾਨ ਮਰੋਰ । ੧ ।

ਆਗਿਆਕਾਰੀ ਪ੍ਰਬਲ ਪਵਨ ਕੋ ਬਾਦਰ ਦੀਏਹੈਂ ਬਿਛੌਰ
ਦਾਦਰ ਨਾਦਰ ਕਰਤ ਨਾਨਾ ਬਿਧਿ ਕੂਕਤ ਕੋਕਲ ਮੋਰੁ । ੨ ।

ਇੰਦ੍ਰ ਕਰੀ ਤਬ ਚਰਨ ਬੰਦਨਾ ਭੂਲੋ ਹੋ ਕੁਟਲ ਕਠੋਰ
ਤੁਮ ਸਾਹਿਬ ਸਮਰਥ ਸਭਹੂੰ ਬਿਧਿ ਮੈਂ ਜਾਨਿਆ ਕੋਈ ਹੋਰੁ

ਜੈ ਜੈ ਕਾਰ ਕਰਤ ਬ੍ਰਿਜਬਾਸੀ ਪਾਇ ਪਰੇ ਕਰਿ ਜੋਰੁ
ਸਾਧੂਜਨ ਪ੍ਰਭ ਬਿਘਨ ਬਿਨਾਸਨ, ਬਿਘਨ ਗਹਿਓ ਮੁਖ ਮੋਰੁ । ੪ ।

੧੩੧

ਕਿਰਪਾ ਕਰਿ ਆਉ ਹਮਾਰੀ ਓਰਿ
ਜਨ ਕੀ ਪੈਜ ਸਵਾਰਿ ਕਿਰਪਾ ਨਿਧਿ
ਬਿਨਤੀ ਕਰਊ ਕਰ ਜੋਰ । ੧ । ਰਹਾਉ ।

ਮੇਘ ਸੁਹਾਵਨੀ ਬੂੰਦੇਂ ਬਰਸਤ, ਬਾਦਰ ਕੀ ਘਨਘੋਰ
ਹਰਿ ਜਨ ਰਾਗ ਮਲਾਰ ਅਲਾਪਤਿ, ਬੋਲਤ ਦਾਦਰ ਮੋਰੁ । ੧ ।

ਗਹਿਰੀ ਧਾਰੈਂ ਬਰਸਨ ਲਾਗੀ, ਦੀਨ ਦਇਆਲ ਕ੍ਰਿਪਾਲ
ਤਪਤਿ ਮਿਟੀ ਸੀਤਲਤਾ ਉਪਜੀ, ਸੇਵਕ ਭਏ ਨਿਹਾਲ । ੨ ।

ਅਪਨੇ ਬਿਰਦੁ ਕੀ ਹਰਿ ਕਉ ਲਾਜਾ ਜਬ ਕਬ ਰਾਖੈ ਲਾਜ
ਸਾਧੂਜਨ ਕਉ ਸਰਨਿ ਤਿਹਾਰੀ, ਰਾਮੁ ਗਰੀਬ ਨਿਵਾਜ । ੩ ।

ਕਾਨੜਾ

੧੩੨

ਪਤਿਤ ਪਾਵਨ ਮੈਂ ਤੇਰੀ ਸਰਨਿ ਪਰਿਆ ਹੌਂ
ਬਿਰਦੁ ਸੰਭਾਰ ਉਧਾਰ ਅਧਮ ਕਉ
ਮਾਇਆ ਨੇ ਮਹਾਂ ਮਲੀਨ ਕਰਿਆ ਹੌਂ । ੧ ।

ਮੈਂ ਪਰਪੰਚੀ ਪਤਿਤ ਕਰਮ ਕੀਏ ਕਰਤ ਕਰਤ ਕਬਹੂੰ ਨ ਡਰਿਆ ਹੋਂ
ਏਕ ਰੋਮ ਰੀਤ ਨਹੀ ਰਾਖਿਓ ਨਖ ਸਿਖ ਲੌਂ ਅਪਰਾਧ ਭਰਿਆ ਹੋਂ । ੧

ਲੇਹੁ ਛੁਡਾਇ ਦੀਨ ਦੁਖਭੰਜਨ ਬਿਖਿਆ ਸੋਂ ਬਹੁ ਭਾਤਿ ਮਰਿਆ ਹੋ
ਸਾਧੂਜਨ ਤੁਮਰੋ ਕਹੀਅਤ ਹੋਂ ਏਹੀ ਅਚਰਜ ਤੁਮਕੋ ਬਿਸਰਿਆ ਹੋਂ । ੨ ।

੧੩੩

ਮੇਰੀ ਮਤਿ ਮਾਇਆ ਨੇ ਮਲੀਨ ਕਰੀ ਜੀ
ਬੇਮੁਖ ਕੀਆ ਤੁਮਰੇ ਸਿਮਰਨ ਤੇਂ
ਅਨੁਬਰਤ ਕੀ ਬਾਨਿ ਪਰੀ ਜੀ । ੧ । ਰਹਾਉ ।

ਕਰਿ ਪਰਪੰਚ ਜਗਤੁ ਪ੍ਰਬੋਧਿਆ ਪ੍ਰੇਮ ਭਗਤਿ ਤੁਮਰੀ ਬਿਸਰੀ ਜੀ
ਪਾਹਨ ਪਾਪ ਸਗਲੇ ਇਕਠੇ ਕਰਿ ਤਿਨ ਸੋਂ ਕਪਟ ਕੀ ਨਉਕਾ ਭਰੀ ਜੀ

ਤਾਂਤੇ ਰਾਖਿ ਲੀਜੇ ਦੁਖਭੰਜਨ ਪ੍ਰਭ ਮੇਰੇ ਓਟਿ ਤੇਰੀ ਪਕਰੀ ਜੀ
ਸਾਧੂਜਨ ਤੁਮਰੋ ਕਹੀਅਤ ਹੋਂ ਤੂੰ ਅਪਨਾ ਬਿਰਦੁ ਨ ਬਿਸਾਰਿ ਹਰੀ ਜੀ । ੨ ।

੧੩੪

ਗੁਨ ਨਿਧਿ ਗੋਬਿੰਦ ਬਿਸਰਿ ਨ ਜਾਇ
ਪਾਪ ਮਿਟਾਇ ਮਿਲਾਇ ਲੀਏ ਪ੍ਰਭ
ਪਤਿਤ ਪਾਵਨ ਹਰਿ ਰਾਇ । ੧ । ਰਹਾਉ ।

ਜਾਂ ਪਹਿ ਜਾਇ ਕਹੋਂ ਅਪੁਨਾ ਦੁਖੁ ਅਪਨਾ ਸੋਈ ਸੁਨਾਇ
ਨਾਹਿਨ ਕੋ ਦੂਜਾ ਦੁਖਭੰਜਨੁ ਬਿਨੁ ਪ੍ਰਭ ਕੀ ਸਰਨਾਇ । ੧ ।

ਅਬਿਨਾਸੀ ਕਰਤਾਰ ਕ੍ਰਿਪਾਨਿਧਿ ਸਤਿਗੁਰ ਦੀਓ ਹੈ ਬਤਾਇ
ਸਾਧੂਜਨ ਭਗਵੰਤ ਭਜਨ ਬਿਨ, ਅਨਤ ਨ ਮਨ ਠਹਿਰਾਇ । ੨ ।

੧੩੫

ਕਹਨੁ ਕਹਾਵਨੁ ਕਾਮ ਨ ਆਵਤੁ
ਅੰਤਿ ਸਮੈ ਸੋਈ ਹੋਤ ਸਹਾਈ
ਜੋ ਕਛੁ ਅਬ ਕਰਤੂਤ ਕਮਾਵਤੁ । ੧ । ਰਹਾਉ ।

ਬਿਸਰਿ ਗਇਆ ਪ੍ਰਭ ਅੰਤਰਜਾਮੀ ਮਾਇਆ ਕੇ ਕਾਰਨਿ ਕਪਟੁ ਕਮਾਵਤ
ਭਰਮਿ ਭੂਲੋ ਭਗਵੰਤ ਭਜਨ ਬਿਨੁ ਕਾਚੁ ਕੇ ਬਦਲੇ ਸਾਚ ਬਹਾਵਤੁ । ੧ ।

ਸੋ ਨਿਹਕੰਚਨ ਨਿਕਟਿ ਨਿਵਾਸੀ ਸਾਚੁ ਸਬਦੁ ਜਿਹ ਮਨ ਠਹਰਾਵਤੁ
ਸਾਧੂਜਨ ਬਲਿ ਬਲਿ ਸੰਤਨ ਪਹਿ
ਨਿਰਮਲੁ ਜਸ ਹਰਿ ਕੇ ਗੁਨ ਗਾਵਤ । ੨ ।

੧੩੬

ਪਤਿਤ ਉਧਾਰਨਿ ਪਤਿਤ ਉਧਾਰੇ
ਪਾਪ ਮਿਟਾਇ ਮਿਲਾਇ ਲੀਏ ਪ੍ਰਭੁ
ਭੈਜਲ ਸਾਗਰ ਪਾਰਿ ਉਤਾਰੇ । ੧ । ਰਹਾਉ ।

ਬੰਧਨਿ ਕਾਟਿ ਕੀਏ ਨਿਰਬੰਧਨਿ ਸਗਲ ਜਗਤਿ ਤੇ ਕੀਏ ਨਿਆਰੇ
ਕਰੁਣਾਨਿਧਿ ਪੂਰਨੁ ਬਿਧਿ ਕੀਨੀ ਮਨ ਤੇ ਕਾਮ ਕਲੇਸ ਨਿਵਾਰੇ । ੧ ।

ਸੇਵਾ ਸਾਧਸੰਗਤਿ ਕੀ ਕੀਜੈ ਜਿਹ ਮਿਲਿ ਪਾਵਹਿ ਪ੍ਰਾਨ ਪਿਆਰੇ
ਸਾਧੂਜਨ ਬਲਿ ਬਲਿ ਲੀਲ੍ਹਾ ਪਹਿ, ਬਰਨਿ ਨ ਸਾਕਉ ਚਰਿਤ ਤਿਹਾਰੇ । ੨ ।

੧੩੭

ਬਿਸਰ ਗਈ ਸਭ ਤਾਤਿ ਬਿਰਾਨੀ
ਪਤਿਤ ਪੁਨੀਤਿ ਕੀਏ ਪਰਮੇਸਰ
ਰਸਨਾ ਉਚਰਤਿ ਅੰਮ੍ਰਿਤ ਬਾਨੀ । ੧ । ਰਹਾਉ ।

ਕਾਕਉ ਨਿੰਦਉ ਕਾਕਉ ਬੰਦਉ ਘਟਿ ਘਟਿ ਪ੍ਰਭ ਜੀ ਕੀ ਜੋਤਿ ਸਮਾਨੀ
ਅਗਮ ਅਗਾਧਿ ਅਪਾਰ ਅਪਰਮਿਤਿ
ਐਸੀ ਜੁਗਤਿ ਸਤਿਗੁਰ ਤੇ ਜਾਨੀ । ੧ ।
ਸਾਧਸੰਗਤਿ ਮਿਲਿ ਹਰਿਜਨੁ ਗਾਈਐ
ਪਾਵਤ ਪੂਰਨ ਪਦ ਨਿਰਬਾਨੀ
ਸਾਧੁਜਨ ਨਿਰਮਲੁ ਨਿਹਕੰਟਕ, ਸਾਧੁ ਸਮਾਧਿ ਰਿਦੈ ਠਹਿਰਾਨੀ । ੨ ।

੧੩੯

ਅੰਤਰਜਾਮੀ ਨਾਥ ਹਮਾਰਾ ਅੰਤਰਜਾਮੀ ਰਾਮ ਹਮਾਰਾ
ਤਿਹ ਸਮਸਰਿ ਕੋਈ ਅਵਰਿ ਨ ਦੂਜਾ, ਸਭ ਕੋ ਪੇਖਣਹਾਰਾ । ੧ । ਰਹਾਉ
ਮੀਠੇ ਫਲ ਚਾਹੇ ਅਭਿਮਾਨੀ, ਬੀਜ ਲਗਾਵਤ ਖਾਰਾ
ਬੀਤੇਗੀ ਅਵਧ ਪਰੈਗੋ ਪਰਬਸ, ਦੇਹਰੀ ਤੇ ਹੋਇਗੋ ਨਿਆਰਾ । ੧ ।
ਭਾਂਤਿ ਭਾਂਤਿ ਕੁਦਰਤਿ ਦਿਖਲਾਈ, ਅਗਮ ਅਗਾਧ ਅਪਾਰਾ
ਕਤੇ ਜੀ ਆਵਹਿ ਕਤੇ ਜੀ ਜਾਵਹਿ, ਭਗਤਿ ਕਰੈ ਸੋਈ ਪਿਆਰਾ । ੨ ।
ਜੀਤ ਸਦਾ ਠਾਕੁਰ ਜੀ ਕੇ ਜਨ ਕੀ, ਕਬਹੂੰ ਨ ਹੋਤੀ ਹਾਰਾ
ਸਾਧੂ ਜੀ ਕੇ ਦੁਆਰਿ ਪਰਿਆ ਹੌਂ, ਦਾਸੁ ਅਨਾਥੁ ਬਿਚਾਰਾ । ੩ ।

ਕਲਿਆਨ

੧੩੯

ਤੂੰ ਲੈ ਰੇ ਸ੍ਰੀ ਰਾਮ ਨਾਮ ਮਨਿ ਬਚ ਕਰਮ ਕਰਿ ਲੈ ਰੇ
ਪਰਹਰਿ ਪਰਪੰਚ ਧ੍ਰੋਹ ਮੋਹਨੀ ਮਾਇਆ ਕੋ ਮੋਹੁ
ਚਰਨ ਸਰਨ ਭਾਜ ਪਰਹੁ ਤਾਪ ਕਰਤ ਖੈ ਰੇ । ੧ । ਰਹਾਉ ।
ਆਪਿ ਹੀ ਬੀਚਾਰ ਸਾਧੂ ਸਾਧਸੰਗਿ ਰੰਗਿ ਰਾਚਿ
ਭਗਤਿ ਜਾਚੁ ਪ੍ਰਭੁ ਕੀ ਤਬ ਹੋਇ ਹੈ ਨਿਰਭੈ ਰੇ । ੧ ।

ਸਾਧੂਜਨ ਸੁਧਿ ਸਮਾਰਿ ਜਹ ਸਮੈ ਨਹੀ ਬਾਰਿ ਬਾਰਿ
ਸਿਮਰਨ ਕਰ ਸਿਜਮ ਕੋ ਜਹ ਅਵਸਰ ਤੇਰੋ ਹੈ ਰੇ । ੨ ।

੧੪੦

ਜਬ ਲਗਿ ਘਟਿ ਮਾਹਿ ਸੁਆਸ ਰਾਮ ਨਾਮ ਕਰ ਪਰਗ ਸਿ
ਅੰਤਿ ਹੋਇਗੋ ਬਿਨਾਸ ਸਿਮਰਨ ਕਰਿ ਲੀਜੀਐ
ਧੰਨਿ ਧੰਨਿ ਧੰਨਿ ਧਰਮ ਕਰਮ ਬੀਚਿ ਊਚ
ਕਰਮ ਭਰਮ ਛਾਡ ਮਰਮ ਜਾਨ ਅੰਮ੍ਰਿਤ ਰਸ ਪੀਜੀਐ । ੨ । ਰਹਾਉ ।
ਜੀਤਿ ਜਨਮ ਕੋ ਅਜਾਨ ਸਤਿਗੁਰ ਕੋ ਕਹਿਓ ਮਾਨ
ਸਚੁ ਸਬਦਿ ਕਉ ਪਛਾਨਿ ਸੁਆਸ ਸੁਆਸ ਛੀਜੀਐ । ੨ ।
ਸਾਧੂਜਨ ਸਮਝਿ ਦੇਖ ਕਵਨ ਜਗਤਿ ਮਹਿ ਬਿਸੇਖ ਫਲ
ਤੈਸੋਹੀ ਅੰਤਿ ਹੋਇ ਜੈਸੋ ਬੀਜ ਬੀਜੀਐ । ੩ ।

੧੪੧

ਮੋਰ ਮੁਕਟ ਮਾਥੈ ਪਰ ਮੋਤੀਅਨ ਕੀ ਮਾਲਾ ਕੰਠਿ
ਥੋਰੀ ਥੋਰੀ ਮੁਸਕਨੀ ਛਬਿ ਦਾਂਤ ਕੀ ਅਦਭੁਤ ਬਨੀ । 1 । ਰਹਾਉ ।
ਘੁੰਘਰੀਆਲੇ ਕੇਸ ਕਨਕ ਕੁੰਡਲ ਕੁਅਲ ਕਪੋਲ
ਕਵਲ ਨੈਨ ਕੇਸਵਾ ਤੂੰ ਤੀਨਿ ਲੋਕ ਕਉ ਧਨੀ । 1 ।
ਮਧੁਰ ਮਧੁਰ ਬੰਸੀ ਬਾਜੈ ਬ੍ਰਿੰਦਾਬਨ ਮਹਿ ਬਿਰਾਜੈ
ਰਾਗ ਰੰਗਿ ਤਾਨ ਸਹਿਤ ਪ੍ਰਾਨ ਕਉ ਅਖਰ ਖਨੀ । ੨ ।
ਰਾਧਕਾ ਕੇ ਹਾਥ ਸਾਥ ਜੋਰ ਨਾਥਿ ਅਪੁਨੇ ਹਾਥ
ਨਿਰਤਤਾ ਗਤਿ ਗੁੰਜਿ ਰਹੀ ਘੁੰਘਰਉ ਕੀ ਘੁਮਕ । ੩ ।
ਪੀਤੰਬਰ ਅਤਿ ਅਨੂਪ ਸੁਖਨਿਧਿ ਸੁੰਦਰ ਸਰੂਪ
ਲੀਲਾ ਲਾਲਨ ਕੀ ਕਛੂ ਨਾ ਜਾਤਿ ਬਰਨਨੀ । ੪ ।

ਸੋਭਾ ਬਿਅੰਤ ਸੰਤ ਕਹਾਂ ਲਉ ਕਹਉ ਬਿਰਤੰਤ
ਜੇਤੀ ਅਪਨੀ ਸਕਤਿ ਤੇਤੀ ਸਾਧੂਜਨ ਭਗਤ ਭਨੀ । ੫ ।

੧੪੨

ਹਰੀ ਤੇਰੋ ਨਾਮ ਅਪਾਰ ਮੋਰੋ
ਜਲਥਲ ਮਹੀਅਲਿ ਪੂਰ ਰਹੀਓ ਪ੍ਰਭ
ਘਟਿ ਘਟਿ ਮਾਹਿ ਬਸੇਰੋ । 1 । ਰਹਾਉ ।

ਸਤਿਗੁਰ ਕੀ ਕਿਰਪਾ ਤੇਂ ਮੈਂ ਜਾਨਿਓ ਨੇਰੋ ਹੀ ਤੇ ਨੇਰੋ
ਉਪਜਿਓ ਪ੍ਰੇਮ ਨੇਮ ਸਿਮਰਨ ਕਉ ਦਿਨ ਦਿਨ ਹੋਤ ਘਨੇਰੋ । 1 ।

ਹਮ ਪਾਪੀ ਤੁਮ ਪਤਿਤ ਉਧਾਰਨਿ ਗੋਬਿੰਦ ਗੁਨੀ ਗਹੇਰੋ
ਸਾਧੂਜਨ ਕਉ ਰਾਖ ਕ੍ਰਿਪਾ ਕਰਿ ਤੂੰ ਠਾਕੁਰ ਮੈਂ ਚੇਰੋ । ੨ ।

ਬਿਭਾਸ ਪਰਭਾਤੀ

੧੪੩

ਹਰਿ ਜਸੁ ਗਾਈਐ ਪਰਭਾਤੀ
ਜਨਮ ਜਨਮ ਕੇ ਬੰਧਨ ਕਾਟੈ ਸਾਚ ਨਾਮ ਕੀ ਕਾਤੀ । ੧ । ਰਹਾਉ ।

ਦੀਪਕ ਦੇਹ ਦਇਆ ਕਰਿ ਤੇਲੋ ਸੁਰਤਿ ਸਮਾਲਹੁ ਬਾਤੀ
ਸਾਚੁ ਸਬਦੁ ਬੈਸੰਤਰ ਮੇਲੋ ਪਾਵਉਂ ਪ੍ਰਭੁ ਕਰਮਾਤੀ । ੧ ।

ਆਦਿ ਨਿਰੰਜਨ ਦਾਰਿਦ ਭੰਜਨ ਸਿਮਰਤ ਸੀਤਲ ਛਾਤੀ
ਸਾਧਸੰਗਤਿ ਮਿਲਿ ਸੁਖਿ ਨਿਧਿ ਪਾਵਹੁ ਕਬਹੁ ਨ ਹੋਵੈ ਤਾਤੀ । ੨ ।

ਸਾਂਤਿ ਸਰੋਵਰ ਮਜਨੁ ਕੀਜੈ ਮੈਲ ਨ ਲਾਗੈ ਰਾਤੀ
ਸਾਧੂਜਨ ਪ੍ਰਭ ਪਤਤਿ ਉਧਾਰਨਿ ਇਹ ਗਤਿ ਗੁਰ ਤੇ ਜਾਤੀ । ੩ ।

੧੪੪

ਵਾਹਿ ਗਰੀਬੀ ਬੇਪਰਵਾਹੀ
ਜਾਂ ਕੈ ਘਟਿ ਪ੍ਰਗਟਹਿ ਵਡਭਾਗਨਿ
ਤਾਂਕੋ ਮਿਲੈ ਅਟਲ ਪਾਤਸ਼ਾਹੀ। 1। ਰਹਾਉ।

ਤੁਰੀਆ ਤਖਤੁ ਬਿਬੇਕ ਝਰੋਖਾ
ਮਿਟਿ ਗਇਆ ਜਨਮ ਮਰਨ ਕਾ ਧੋਖਾ
ਖਿਮਾ ਖਜ਼ਾਨਾ ਖਰਚ ਅਥਾਹਾ
ਬਖਸ਼ਸ਼ਿ ਕੀਏ ਨਿਖੁਟ ਨ ਜਾਈ। 1।

ਖਿਜ਼ਮਤਦਾਰ ਬੈਰਾਗੁ ਬਿਚਾਰਾ
ਦਰਿ ਠਾਂਢਾ ਘਰਿ ਕਾ ਰਖਵਾਰਾ
ਤਸਕਰ ਪਾਂਚ ਪਕਰ ਦੀਏ ਬੰਦੀ
ਨਿਰਭਉ ਰਾਜ ਭਇਆ ਨਿਰਦੁੰਦੀ। ੨।

ਆਦਿ ਨਿਰੰਜਨੁ ਆਪ ਨਿਵਾਜੀ
ਨਿੰਮ੍ਰਤਾ ਕੀ ਨਉਬਤ ਬਾਜੀ
ਆਤਮ ਰਾਮ ਗਤਿ ਪਰਮ ਪਾਈ
ਪਰਜਾ ਪਗ ਪਰਸਨਿ ਕਉ ਆਈ। ੩।

ਸਿਰਿ ਪਰ ਕਿਰਪਾ ਕੁਲਹ ਬਿਰਾਜੈ
ਜਗ ਮਗ ਜੋਤ ਮਹਾਂ ਛਬਿ ਛਾਜੈ
ਸਾਧੂ ਕੀ ਸੰਗਤਿ ਮਜਲਸਿ ਖਾਸੀ
ਸਾਧੂਜਨ ਅਲਮਸਤ ਉਦਾਸੀ। ੪।

੧੪੫

ਆਏ ਸੰਤਿ ਉਧਾਰਨਿ ਆਏ
ਨਿਰਮਲ ਗੋਬਿੰਦ ਕੇ ਗੁਣ ਗਾਏ। 1। ਰਹਾਉ।

ਦੁਇ ਕਰਿ ਜੋਰ ਨਮਸਕਾਰ ਕੀਆ
ਚਰਨ ਪਖਾਲਿ ਚਰਨਾਂਮ੍ਰਿਤ ਪੀਆ ।1।
ਦਰਸਨ ਪਰਸ ਦਿਆਲ ਦਿਖਾਵੈ
ਜਨਮ ਜਨਮ ਕੇ ਪਾਪ ਮਿਟਾਵੈ ।੨।
ਕੀਰਤਨ ਸੁਨਿ ਸੁਨਿ ਕਲਮਲ ਭਾਗਹਿ
ਹਰਖਿ ਹਰਖਿ ਹਰਿ ਜਸੁ ਮਹਿ ਜਾਗਹਿ ।੩।
ਪਾਰਸ ਮਿਲਿ ਜਿਉਂ ਕਰੈ ਸੁ ਪਾਵਨੁ
ਸਾਧੂਜਨ ਤਿਨ ਕਾ ਇਹ ਆਵਨ ।੪।

੧੪੯

ਗਾਇ ਰੇ ਮਨ ਗੋਬਿਦ ਆਗੀ
ਜਮ ਕਾ ਡੰਡੁ ਨ ਕਬਹੂੰ ਲਾਗੀ ।1। ਰਹਾਉ ।
ਜੋ ਜਾਨੈ ਮੈ ਭਗਤਿ ਗਿਆਨੀ
ਤਾਂਕੀ ਭਗਤਿ ਨਾ ਠਾਕੁਰ ਮਾਨੀ ।1।
ਜੋ ਜਾਨੈ ਮੈ ਕਥਤਾ ਬਾਨੀ
ਤਾਂ ਕਉ ਮਿਲੈ ਨਾ ਸਾਰਿੰਗਪਾਨੀ ।੨।
ਗਾਵੈ ਗੀਤ ਕਰੈ ਅਭਿਮਾਨ
ਤਾਂ ਕਉ ਮਿਲੈ ਨ ਸ੍ਰੀ ਭਗਵਾਨੁ ।੩।
ਸਾਧੂਜਨ ਜੋ ਹਉਮੈ ਖੋਵੈ
ਤਿਹ ਜਨ ਰਾਮ ਮਿਲਾਵਾ ਹੋਵੈ ।੪।

੩ ਸਾਖੀ

ਸਾਧੂ ਸੋਈ ਜਾਨੀਐ, ਜਾਂਕੈ ਰਿਦੈ ਬਿਬੇਕ
ਸਾਧੂਜਨ ਦੁਬਿਧਾ ਮਿਟੀ, ਸਾਚ ਪਛਾਨਿਓ ਏਕ। 1।
ਸਾਧੂ ਸੋਈ ਜਾਨੀਐ, ਜਾਂਕੇ ਮਨਿ ਸੰਤੋਖ
... ...।੨।
ਸਾਧੂਜਨ ਸੀਤਲ ਭਯੋ, ਗਹੈ ਸਾਧ ਕੀ ਭਾਂਤਿ
ਮੂੰਡ ਮੁੰਡਾਏ ਕਿਆ ਭਇਆ, ਰਿਦੈ ਨ ਆਈ ਸ਼ਾਂਤਿ।੩।
ਸਾਧੂ ਸੋਈ ਜਾਨੀਐ, ਉਚਰਤ ਸੀਤਲ ਬੈਨ
ਸੁਨਤ ਪਰਮ ਸੁਖ ਪਾਈਐ, ਸਾਧੂਜਨ ਮਨ ਚੈਨ।੪।
ਸਾਧੂ ਸੋਈ ਜਾਨੀਐ, ਸਾਚੇ ਤਾਂਕੇ ਭੇਖ
ਸਾਧੂਜਨ ਦ੍ਰਿੜ ਕਰਿ ਗਹਹੁ, ਸਤਿਗੁਰ ਕਾ ਉਪਦੇਸ।੫।
ਸਾਧੂ ਸੋਈ ਜਾਨੀਐ ਜਿਨਿ ਬਸ ਕੀਨੇ ਪਾਂਚ
ਪ੍ਰੇਮ ਭਗਤਿ ਅੰਤਰਿ ਬਸੀ, ਬਿਖਿਆ ਨ ਲਾਗੀ ਆਂਚ।੬।
ਸਾਧੂ ਐਸੋ ਚਾਹੀਐ, ਜੈਸੇ ਧਰਨਿ ਸੁਭਾਇ
ਸਾਧੂਜਨ ਦੁਖ ਸੁਖ ਸਮਤ, ਜੀਤ ਚਲਹਿ ਜਗ ਦਾਇ।੭।

ਸਾਧੂ ਐਸੋ ਚਾਹੀਐ, ਜੈਸੀ ਜਲ ਕੀ ਰੀਤਿ
ਮੈਲ ਉਤਾਰੈ ਮਿਲੈ ਤੇ, ਸਾਚੀ ਤਾ ਕੀ ਪ੍ਰੀਤਿ ।੮।

ਸਾਧੂ ਐਸੋ ਚਾਹੀਏ, ਜੈਸੇ ਹੋਇ ਅਕਾਸੁ
ਪਾਰਾਵਾਰ ਨ ਪਾਈਐ, ਐਸੋ ਮਨਿ ਪ੍ਰਗਾਸੁ ।੯।

ਰੇਨੁ ਸਕਲ ਕੀ ਮਨ ਕਰੈ; ਰਹਤਾ ਆਪਿ ਸੰਗੋਇ
ਸਾਧੂਜਨ ਐਸੋ ਭਗਤੁ, ਕੋਟਾਂ ਮਹਿ ਕੋਈ ਹੋਇ ।੧੦।

ਰਿਦੈ ਸੁਧ ਰਸਨਾ ਰਟਤ, ਰਾਮ ਨਾਮ ਸੋ ਪ੍ਰੀਤਿ
ਸਾਧੂਜਨ ਤਿਹ ਸੰਤ ਕੀ, ਸਾਚੀ ਨਿਰਮਲ ਰੀਤਿ ।੧੧।

ਸਾਧੂਜਨ ਸਾਧੂ ਸੋਈ, ਤਜਹਿ ਸਗਲਿ ਅਭਿਮਾਨ
ਪਰਹਰਿ ਮਨ ਤੇ ਪਾਪ ਕਉ, ਧਰੈ ਧਰਮ ਕੋ ਧਿਆਨ ।੧੨।

ਸਾਧੂਜਨ ਸਾਧੂ ਸੋਈ, ਤਜਹਿ ਪਖੰਡ ਬਿਕਾਰ
ਭੂਲਹਾ ਹਰਿ ਕੋ ਨਾਮ ਜਪਿ, ਤਰਹਿ ਕਠਿਨ ਸੰਸਾਰ ।੧੩।

ਸਾਧੂਜਨ ਸਾਧੂ ਸੋਈ, ਜਿਹ ਮਨਿ ਸਾਚ ਬੀਚਾਰੁ
ਭਾਉ ਭਗਤਿ ਅੰਤਰਿ ਬਸੀ, ਚਿਤਵਤ ਪਰਉਪਕਾਰ ।੧੪।

ਸਾਧੂਜਨ ਸਾਧੂ ਸੋਈ, ਮਨ ਤੇ ਮਨੀ ਮਿਟਾਇ
ਅਤਿ ਉਦਾਸ ਜਗ ਮੈਂ ਰਹਹਿ; ਜੀਵਤ ਹੀ ਮਰਿ ਜਾਇ ।੧੫।

ਸਾਧੂਜਨ ਸਾਧੂ ਸੋਈ, ਜਿਹ ਮਨਿ ਅਵਰਿ ਨ ਆਸ
ਰਾਮ ਨਾਮ ਰੰਗਿ ਰਚਿ ਰਹੇ, ਸਿਮਰਤ ਸੁਆਸ ਗਿਰਾਸ ।੧੬।

ਸਾਧੂਜਨ ਸਾਧੂ ਸੋਈ, ਜਿਹ ਮਨਿ ਅਵਰਿ ਨ ਧਿਆਨ
ਚਰਨ ਕਮਲ ਚਿਤਵਤ ਰਹੇ, ਅੰਮ੍ਰਿਤ ਰਸ ਗਲਤਾਨ ।੧੭।

ਸਾਧੂਜਨ ਸਾਧੂ ਸੋਈ, ਸਭ ਆਗੈ ਆਧੀਨ
ਚਰਨ ਕਮਲ ਸਿਉ ਰਚਿ ਰਹਹਿ, ਜੈਸੇ ਜਲ ਸਿਉਂ ਮੀਨ ।੧

ਸਾਧੂਜਨ ਸਾਧੂ ਸੋਈ, ਜਿਹ ਘਟਿ ਉਪਜਿਓ ਪ੍ਰੇਮ
ਰਾਮ ਨਾਮ ਸਿਮਰਤ ਰਹੈ, ਮਨ ਬਚ ਕਰਮ ਕਰਿ ਨੇਮ ।੧੯।

ਸਾਧੂਜਨ ਸਾਧੂ ਸੋਈ; ਨਿਹਕੰਚਨ ਨਿਹਕਾਮ
ਰਾਮ ਨਾਮ ਸਿਮਰਤ ਰਹਹਿ, ਅਹਿ ਨਿਸਿ ਆਠਹੂ ਜਾਮ ।੨੦।

ਸਾਧੂਜਨ ਸਾਧੂ ਸੋਈ, ਜਾ ਪਹਿ ਹਰਿ ਕ੍ਰਿਪਾਲ
ਸਾਚ ਪਛਾਨਹਿ ਸੁਖ ਲਹਹਿ, ਤਜਹਿ ਸਕਲ ਜੰਜਾਲ ।੨੧।

ਸਾਧੂਜਨ ਸਾਧੂ ਸੋਈ, ਕਹੀਅਤ ਪਰਮ ਪੁਨੀਤ
ਤਮਕਤ ਆਗ ਸੀਤਲ ਭਇਆ, ਘਰ ਹੀ ਮਾਹਿ ਅਤੀਤੁ ।੨੨।

ਸਾਧੂਜਨ ਸਾਧੂ ਸੋਈ, ਕਰਹਿ ਨ ਪਰਤ੍ਰਿਅ ਸੰਗਿ
ਤਿਹ ਸਾਧੂ ਕੀ ਭਗਤਿ ਕਰਿ, ਪਰੈ ਨ ਕਬਹੂੰ ਭੰਗੁ ।੨੩।

ਸਾਧੂਜਨ ਸਾਧੂ ਸੋਈ, ਪਰਧਨ ਕਰੈ ਨ ਪ੍ਰੀਤਿ
ਗੁਨ ਗਾਵਹਿ ਗੋਬਿੰਦ ਕੇ, ਨਿਰਮਲ ਜਸ ਨਿਤ ਨੀਤ ।੨੪।

ਸਾਧੂਜਨ ਸਾਧੂ ਸੋਈ, ਤਜਹਿ ਬਿਗਾਨੀ ਤਾਤਿ
ਲਾਗੀ ਸਹਿਜ ਸਮਾਧਿ ਮਨ, ਭਜਨ ਕਰਹਿ ਦਿਨ ਰਾਤਿ ।੨੫।

ਸਾਧੂਜਨ ਸਾਧੂ ਸੋਈ, ਨਿਰਮਲ ਜਾਂ ਕਉ ਚੀਤ
ਵੈਰ ਨ ਕਾਹੂੰ ਸੋਂ ਕਰਹਿ, ਸਭ ਕਾਹੂ ਕਉ ਮੀਤ ।੨੬।

ਸਾਧੂਜਨ ਸਾਧੂ ਸੋਈ, ਕਬਹੂੰ ਅਚੇਤੁ ਨ ਹੋਇ
ਸਾਚ ਸਬਦ ਗੁਰਦੇਵ ਕਾ, ਰਾਖੈ ਰਿਦੈ ਪਰੋਇ ।੨੭।

ਸਾਧੂਜਨ ਸਾਧੂ ਸੋਈ, ਹਰਿ ਸਨਮੁਖ ਜੋ ਹੋਇ
ਨਿਰਮਲ ਜਸੁ ਗੁਰ ਗਿਆਨ ਸੋਂ, ਮੈਲ ਉਤਾਰੈ ਧੋਇ ।੨੮।

ਸਾਧੂਜਨ ਸਾਧੂ ਸੋਈ, ਜਿਹ ਮਨਿ ਭਗਤਿ ਅਖੰਡ
ਭਰਮ ਛਾਡਿ ਨਿਰਭੈ ਭਯੋ, ਭਰੈ ਨ ਜਮ ਕੋ ਡੰਡ ।੨੯।

ਸਾਧੂਜਨ ਸਾਧੂ ਸੋਈ, ਤਿਆਗੇ ਮਾਇਆ ਮੋਹੁ
ਰਿਦੇ ਸੁਧ ਹੋਇ ਜਗਿ ਵਸਹਿ, ਕਛੁ ਨ ਕਮਾਵਹਿ ਧ੍ਰੋਹੁ । ੩੦ ।

ਸਾਧੂਜਨ ਸਾਧੂ ਸੋਈ, ਕੋਟਨ ਮੱਧੇ ਕੋਇ
ਡਗਮਗ ਮਨ ਤੇ ਛਾਡ ਕੈ, ਨਿਪਟ ਨਿਭਰਮ ਹੋਇ । ੩੧ ।

ਸਾਧੂਜਨ ਸਾਧੂ ਸੋਈ, ਰਹਹਿ ਰਾਮ ਕੇ ਰੰਗਿ
ਮਹਾਂ ਕਠਿਨ ਭਵਜਲ ਜਗਤ, ਤਰੀਐ ਤਾਂ ਕੈ ਸੰਗਿ । ੩੨ ।

ਸਾਧੂਜਨ ਸਾਧੂ ਸੋਈ, ਤਿਆਗਹਿ ਬਿਖਿਆ ਭੋਗੁ
ਅਵਖਧੁ ਹਰਿ ਕੋ ਨਾਮ ਜਪੁ, ਕਾਟੈ ਹਉਮੈ ਰੋਗੁ । ੩੩ ।

ਸਾਧੂਜਨ ਸਾਧੂ ਸੋਈ, ਚਲਹਿ ਧਰਮ ਕੇ ਰਾਹਿ
ਮਿਲਹਿ ਨਿਰੰਤਰ ਰਾਮ ਕਉ, ਭੀਤ ਭਰਮ ਕੀ ਢਾਹਿ । ੩੪ ।

ਸਾਧੂਜਨ ਸਾਧੂ ਸੋਈ, ਗੁਰ ਕਾ ਸਬਦੁ ਕਮਾਹਿ
ਅਉਰ ਸਿਆਨਪ ਛਾਡ ਕੈ, ਰਹਹਿ ਰਾਮ ਲਿਵ ਲਾਇ । ੩੫ ।

ਸਾਧੂਜਨ ਸਾਧੂ ਸੋਈ, ਜਾਨਹਿ ਗੁਰ ਕਾ ਭੇਦ
ਤੀਰਥ ਤਾਂ ਕਾ ਸਬਦੁ ਹੈ, ਪ੍ਰਗਟ ਪੁਕਾਰਹਿ ਬੇਦ । ੩੬ ।

ਸਾਧੂ ਸੋਈ ਜਾਨੀਐ, ਸਾਧੂ ਮਿਲੇ ਸੁਖ ਪਾਇ
ਤਿਹ ਸਾਧੂ ਕੇ ਚਰਨ ਧਰਿ, ਸਾਧੂਜਨ ਬਲਿ ਜਾਇ । ੩੭ ।

ਸਾਧੂਜਨ ਸਾਧੂ ਸੋਈ, ਰਾਖਹਿ ਹਰਿ ਸੋਂ ਹੇਤੁ
ਫਲ ਪਾਵਹਿ ਮਨ ਬੰਛਤੇ, ਸਿੰਚਿ ਧਰਮ ਕੇ ਖੇਤ । ੩੮ ।

ਸਾਧੂਜਨ ਸਾਧੂ ਸੋਈ, ਸਦਾ ਰਹਹਿ ਨਿਰਬਾਨ
ਜਗ ਭੀਤਰ ਐਸੇ ਵਸਹਿ, ਜੈਸੇ ਨਿਸਿ ਮਿਹਮਾਨ । ੩੯ ।

ਸਾਧੂਜਨ ਸਾਧੂ ਸੋਈ, ਸਦਾ ਸਹਜ ਕੇ ਬੀਰ
ਬਿਧਿ ਨਿਖੇਧ ਦੁਖ ਸੁਖ ਰਹਤ, ਜੀਵਤ ਜਾਨੈ ਮੀਰ । ੪੦ ।

ਤਰੁਵਰ ਜਿਉਂ ਜਗ ਮੈਂ ਬਸਹਿ, ਸਾਧੂ ਤਾਂ ਕੇ ਨਾਮੁ
ਅਵਰਨਕਉ ਛਾਇਆ ਕਰਹਿ, ਆਪ ਸਹਹਿ ਸਿਰਿ ਘਾਮੁ । ੪੧ ।

ਸਾਧੂ ਸੋਈ ਜਾਨੀਐ ਸਭ ਤੇ ਨਿਆਰਾ ਹੋਇ
ਸਾਧੂਜਨ ਤਿਹ ਸਾਧ ਕੋ, ਧੰਨ ਕਹੈ ਸਭ ਕੋਇ । ੪੨ ।

ਸਾਧੂਜਨ ਸਾਧੂ ਸੋਈ, ਜਾਂ ਕੇ ਧਨ ਗੋਪਾਲ
ਜਿਉਂ ਜਿਉਂ ਸਿਮਰਹਿ ਪ੍ਰੀਤਿ ਕਰਿ, ਤਿਉਂ ਤਿਉਂ ਹੋਤ ਨਿਹਾਲ । ੪੩

ਸਾਧੂਜਨ ਸਾਧੂ ਸੋਈ, ਜਿਹ ਮਨਿ ਸਦਾ ਅਨੰਦ
ਹਰਖ ਸੋਗ ਬਿਆਪਤ ਨਹੀਂ, ਹਿਰਦੈ ਬਸਿਓ ਨੰਦ ਨੰਦ । ੪੪ ।

ਸਾਧੂ ਐਸੋ ਚਾਹੀਐ, ਜੈਸੇ ਜਨ ਪ੍ਰਹਿਲਾਦ
ਰਾਮ ਨਾਮ ਛਾਡਹਿ ਨਹੀਂ, ਐਸੋ ਮਨਿ ਉਦਮਾਦ । ੪੫ ।

ਤਨ ਮਨ ਧਨ ਅਰਪੈ ਸਕਲ, ਜਗ ਮਹਿ ਬਿਸਨੁ ਪ੍ਰੀਤਿ
ਸਾਧੂਜਨ ਤਿਹ ਸੰਤ ਕੀ, ਸਾਚੀ ਨਿਰਮਲ ਰੀਤਿ । ੪੬ ।

ਸਾਧੂਜਨ ਸਾਧੂ ਸੋਈ, ਸਭ ਕਹੂੰ ਕਉ ਦਾਸ
ਰਾਮ ਨਾਮ ਛਾਡਹਿ ਨਹੀਂ, ਜਬ ਲਗ ਪਿੰਜਰ ਸੁਆਸ । ੪੭ ।

ਸਾਧੂਜਨ ਸਾਧੂ ਸੋਈ, ਸਾਚ ਕਿਰਤ ਕਰਿ ਖਾਹਿ
ਰਾਖ ਟੇਕ ਗੋਵਿੰਦ ਕੀ, ਕਤਹੂ ਨ ਮੰਗਨ ਜਾਹਿ । ੪੮ ।

ਜਉ ਮਾਂਗਹਿ ਤਉ ਰਾਮ ਕੋ, ਅਵਰ ਨ ਮਾਂਗਹਿ ਕੋਇ
ਸਾਧੂਜਨ ਤਿਹ ਸਾਧ ਕੀ, ਜਗ ਮਹਿ ਮਹਿਮਾ ਹੋਇ । ੪੯ ।

ਸਾਧੂਜਨ ਸਾਧੂ ਸੋਈ, ਜੂਐ ਨ ਖੇਲਨ ਜਾਹਿ
ਗੁਰ ਕੀ ਸਖੀ ਮਨਿ ਬਸਹਿ, ਜਗ ਮਹਿ ਸੋਭਾ ਪਾਇ । ੫੦ ।

ਜੂਐ ਜਨਮੁ ਨ ਹਾਰੀਐ, ਸੁਨ ਮੂਰਖ ਮਨ ਮੰਦ
ਸਾਧੂਜਨ ਹਰਿ ਨਾਮ ਜਪਿ, ਪਾਵਹਿ ਪਰਮਾਨੰਦ । ੫੧ ।

ਭਜਨ ਰਚੈ ਭ੍ਰਮ ਤੇ ਬਚੈ, ਪਰੈ ਨ ਮਾਇਆ ਮੰਧ
ਸਾਧੂਜਨ ਅੰਮ੍ਰਿਤ ਅਚੈ, ਸਾਧ ਸੰਗਿ ਸਨਬੰਧ । ੫੨ ।

ਭਜਨ ਕਰਹਿ ਭਵਜਲ ਤਰਹਿ, ਡਰਹਿ ਨ ਜਮ ਕੇ ਡੰਡੁ
ਸਾਧੂਜਨ ਅਜਰ ਜਰਹਿ, ਧਰਹਿ ਸੁ ਧਿਆਨ ਅਖੰਡ । ੫੩ ।

ਭਜਨ ਕਰਹਿ ਭਗਵੰਤ ਕਉ, ਕੀਜਹਿ ਰੁਚਿ ਉਪਜਾਇ
ਸਾਧੂਜਨ ਬਿਨ ਹਰਿ ਭਜਨ, ਬਾਦ ਜਨਮ ਜਗ ਜਾਇ । ੫੪ ।

ਮੈਂ ਅਪਰਾਧੀ ਮੈਂ ਅਪਤੁ, ਭਜਿਓ ਨ ਪਰਮਾਨੰਦ
ਪਤਿਤ ਪਾਵਨ ਤੇਰੀ ਸ਼ਰਣ, ਸਾਧੂਜਨ ਮਨ ਮੰਦੁ । ੫੫ ।

ਹਉ ਲੋਭੀ ਹਉਂ ਕੂੜਿਆਰੁ, ਅਪਰਾਧੀ ਆਧੀਨ
ਸਰਣ ਤਿਹਾਰੀ ਮਾਧਵਾ, ਸਾਧੂਜਨ ਮਤਿ ਹੀਨ । ੫੬ ।

ਤੁਮਰੋ ਸਿਮਰਨ ਛਾਡ ਕੈ, ਲਾਗਹਿ ਆਨ ਸੁਆਇ
ਭੂਲੇ ਪ੍ਰਾਣੀ ਬਖਸ਼ੀਐ, ਜੋ ਭਾਵਹਿ ਰਘੁਰਾਇ । ੫੭ ।

ਸਾਧੂਜਨ ਕੋ ਭੇਖ ਧਰਿ, ਕੀਨੇ ਕਪਟ ਬਿਕਾਰ
ਮੋ ਸੋ ਪਤਿਤ ਨ ਦੂਸਰੋ, ਤੂ ਪਤਿਤ ਉਧਾਰਨਹਾਰ । ੫੮ ।

ਸਿਮਰਨ ਛਾਡਹਿ ਸਿਆਮ ਕੋ, ਤੇ ਨਰ ਅਧਮ ਗਵਾਰੁ
ਥਿਰ ਕਰਿ ਜਾਨਹਿ ਜੀਵਨਾ, ਮਨ ਤੇ ਮਰਨ ਬਿਸਾਰਿ । ੫੯ ।

ਸਮਝ ਨ ਦੇਖੈ ਅੰਧ ਨਰ, ਜਾਤਾ ਜਗਤ ਨਿਹਾਰਿ
ਸਿਮਰਨ ਕਰ ਲੈ ਸਿਆਮ ਕੋ, ਜੂਐ ਜਨਮ ਨ ਹਾਰ । ੬੦ ।

ਮਹਿਮਾ ਹਰਿ ਕੇ ਭਜਨ ਕੀ, ਕਹੀ ਨ ਜਾਤ ਅਪਾਰੁ
ਸਾਧੂਜਨ ਸਭ ਦੇਤ ਸੁਖ, ਕਰੁਨਾਨਿਧਿ ਕਰਤਾਰੁ । ੬੧ ।

ਪ੍ਰਿਥਮ ਸਿਮਰ ਗੁਰਦੇਵ ਕਉ, ਮਨ ਅੰਤਰਿ ਧਰਿ ਧਿਆਨੁ
ਸਾਧੂਜਨ ਗੁਰ ਕ੍ਰਿਪਾ ਤੇ, ਰਸਨਾ ਸੁਜਸੁ ਬਖਾਨ । ੬੨ ।

ਪ੍ਰਿਥਮ ਸਿਮਰ ਗੁਰਦੇਵ ਕਉ, ਜਿਹ ਮਿਲਿ ਪਾਇਆ ਪ੍ਰੇਮ
ਸਾਧੂਜਨ ਨਿਰਮਲ ਕੀਏ, ਦੀਓ ਧਰਮ ਕੈ ਨੇਮ । ੬੩ ।

ਪ੍ਰਿਥਮ ਸਿਮਰ ਗੁਰਦੇਵ ਕਉ, ਜਿਨਿ ਦੀਨਾ ਸੰਤੋਖ
ਸਾਧੂਜਨ ਗੁਰ ਕ੍ਰਿਪਾ ਤੇ, ਮਿਟ ਗਏ ਦੁਰਮਤਿ ਦੋਖ । ੬੪ ।

ਜਬ ਸੰਤੋਖ ਤਬ ਪਰਮ ਸੁਖ, ਬਿਨ ਸੰਤੋਖ ਸੁਖ ਨਾਹਿ
ਸਾਧੂਜਨ ਸਹਸਾ ਨਹੀਂ, ਸਮਝ ਦੇਖਿ ਮਨ ਮਾਹਿ । ੬੫ ।

ਚਰਨ ਕਮਲ ਗੁਰਦੇਵ ਕੇ, ਦੂਖਨ ਤੇ ਸੁਖ ਦੇਤ
ਸਾਧੂਜਨ ਮਨ ਭਵਰ ਤਿਹ, ਰਸਿਕ ਰਸਿਕ ਰਸ ਲੇਤ । ੬੬ ।

ਚਰਨ ਕਮਲ ਸਿਉਂ ਰਚਿ ਰਹਿਓ, ਮਨ ਮਧੁਕਰ ਕੀ ਰੀਤਿ
ਸਾਧੂਜਨ ਮਿਲਨਾ ਭਲਾ, ਬਿਛੁਰਨ ਅਤਿ ਬਿਪ੍ਰੀਤਿ । ੬੭ ।

ਸਾਧੂਜਨ ਮਧੁਕਰ ਭਏ, ਚਰਣ ਕਮਲ ਗੁਰ ਹੇਤੁ
ਨੈਕੁ ਨ ਨਿਆਰੇ ਹੋਤ ਹੈਂ, ਪਰਸ ਪਰਮ ਸੁਖ ਲੇਤ । ੬੮ ।

ਸਤਿਗੁਰ ਮੂਰਤਿ ਚੰਦ੍ਰਮਾ, ਸੇਵਕ ਨੈਨ ਚਕੋਰ
ਸਾਧੂਜਨ ਨਿਰਖਤ ਰਹੈ, ਗੁਰ ਮੂਰਤਿ ਕੀ ਓਰ । ੬੯ ।

ਸਾਧੂਜਨ ਗੁਰੂ ਕਲਪਤਰੁ, ਸੇਵਹਿਂ ਸੁਜਨ ਬਿਹੰਗ
ਫਲ ਪਾਵਹਿ ਮਨ ਬਾਂਛਤੇ, ਰਚਹਿਂ ਰਾਮ ਕੇ ਰੰਗ । ੭੦ ।

ਗੁਰ ਸਾਗਰ ਮਨ ਮਰਜੀਉੜਾ, ਹਰਿ ਜਸ ਕੇ ਆਧੀਨ
ਸਾਧੂਜਨ ਦੀਜੈ ਸੁਮਤਿ, ਕੀਜਹਿ ਖਲ ਪ੍ਰਬੀਨ । ੭੧ ।

ਸਤਿਗੁਰ ਸਾਗਰ ਜਗਤ ਮੈਂ, ਸਾਧੂਜਨ ਤਹਿੰ ਮੀਨ
ਜੀਵਨ ਬਿਨ ਕੈਸੇ ਜੀਐ, ਦਰਸ਼ਨ ਕੇ ਅਧੀਨ । ੭੨ ।

ਸਾਧੂਜਨ ਅਚਿ ਪ੍ਰੇਮ ਰਸੁ, ਅਮਰ ਭਏ ਜਗਿ ਸੰਤ
ਲੀਏ ਉਬਾਰ ਗੁਬਾਰ ਤੇ, ਆਪ ਹਰਿ ਕਮਲਾਕੰਤੁ । ੭੩ ।

ਪੀਆ ਪਿਆਲਾ ਪ੍ਰੇਮ ਕਾ, ਮਨ ਮਾਤਾ ਤਿਹ ਸੰਗਿ
ਖੇਪ ਨ ਕਬਹੂੰ ਉਤਰੈ, ਸਾਧੂਜਨ ਇਕ ਰੰਗਿ । ੭੪ ।

ਮਨ ਮਤਵਾਰੋ ਪ੍ਰੇਮ ਕੇ, ਸੁਧ ਨ ਸਮਾਰੈ ਆਨਿ
ਰਾਮ ਨਾਮ ਸਿਮਰਤ ਰਹੇ, ਸਾਧੂਜਨ ਸੁਖ ਮਾਨਿ । ੭੫ ।

ਸੁਧਾ ਸੁਜਸ ਸ੍ਰੀ ਰਾਮ ਕਉ, ਪੀਐ ਸੁ ਅਬਚਲ ਹੋਇ
ਸਾਧੂਜਨ ਸਾਚੇ ਭਗਤ, ਸੁਨੀਅਤ ਹੈ ਤ੍ਰਿਹੁ ਲੋਇ । ੭੬ ।

ਸਾਧੂਜਨ ਤੀਰਥ ਨਹੀਂ ਸਤਿਗੁਰ ਸਮਸਰਿ ਕੋਇ
ਮਿਲਤ ਪਰਮ ਸੁਖ ਪਾਈਐ, ਤਨ ਮਨ ਨਿਰਮਲ ਹੋਇ । ੭੬ ।

ਸਾਧੂਜਨ ਆਵਤ ਨਹੀਂ, ਅਵਸਰ ਬਾਰੋ ਬਾਰ
ਅਬ ਜੀਤੇ ਤੇ ਜੀਤ ਹੈਂ, ਅਬ ਹਾਰੇ ਤੇ ਹਾਰਿ । ੭੮ ।

ਜੋ ਕਿਛ ਕਰਹੁ ਸੁ ਅਬ ਕਰਹੁ, ਕਰਮ ਭੂਮਿ ਇਆ ਦੇਹਿ
ਜੋ ਅੰਕੁਰ ਫਲ ਹੋਇ ਸੋ, ਸਾਧੂਜਨ ਸਚੁ ਏਹਿ । ੭੯ ।

ਪਾਈ ਮਾਨਸ ਦੇਹੁਰੀ, ਬਨਿਆ ਭਲਾ ਸੰਜੋਗੁ
ਸਾਧੂਜਨ ਹਰਿ ਨਾਮ ਜਪਿ, ਕਾਟਹੁ ਹਉਮੈ ਰੋਗੁ । ੮੦ ।

ਦਇਆ ਸਿੰਧੁ ਦੁਖ ਹਰਣ ਪ੍ਰਭੁ, ਕਲਮਲ ਕਾਟਣਹਾਰ
ਸਾਧੂਜਨ ਸਿਮਰਹਿ ਸਦਾ, ਅਬਗਤੁ ਅਲਖੁ ਅਪਾਰੁ । ੮੧ ।

ਸਾਚ ਸਬਦ ਸਤਿਗੁਰ ਕਹਹਿ, ਸੁਨਹੁ ਪਿਆਰੇ ਮੀਤ
ਮਨ ਸਮਝੇ ਕਾਰਜ ਸੁਫਲ, ਕੀਜੈ ਹਰਿ ਸੋਂ ਪ੍ਰੀਤਿ । ੮੨ ।

ਸਾਧੂਜਨ ਗੁਰ ਕ੍ਰਿਪਾ ਤੇ, ਮਨ ਚੰਚਲ ਬਸਿ ਹੋਇ
ਗਿਆਨੁ ਕੁੰਡ ਮਜਨ ਕਰਹਿ, ਮੈਲ ਉਤਾਰਹਿ ਧੋਇ । ੮੩ ।

ਮਰਨ ਪਛਾਨ ਅਜਾਨ ਮਨ, ਤਜਿ ਜੀਵਨ ਕੀ ਆਸ
ਸਾਧੂਜਨ ਦੁਖਹਰਨ ਪ੍ਰਭੁ, ਸਿਮਰਹੁ ਸੁਆਸ ਗ੍ਰਾਸ । ੮੪ ।

ਸਾਧੂਜਨ ਨ ਬਿਸਾਰੀਐ, ਰਾਮ ਗਰੀਬ ਨਿਵਾਜ਼
ਦੇਖ ਜੁ ਧ੍ਰੂ ਕੀਨੀ ਭਗਤਿ, ਪਾਇਓ ਨਿਹਚਲ ਰਾਜ ।੮੫।

ਸਾਧੂਜਨ ਨ ਬਿਸਾਰੀਐ, ਕ੍ਰਿਸ਼ਨ ਗੋਪਾਲ ਦਯਾਲ
ਦ੍ਰੋਪਤਿ ਕੀ ਲੱਜਾ ਰਖੀ, ਕੀਨੇ ਭਗਤ ਨਿਹਾਲ ।੮੬।

ਸਾਧੂਜਨ ਹਰਿ ਸਿਮਰੀਏ, ਜਿਹਵਾ ਬਾਰੰਬਾਰ
ਤੂਟਹਿ ਬੰਧਨ ਭ੍ਰਮ ਕੇ, ਪਰੀਐ ਭੌਜਲ ਪਾਰਿ ।੮੭।

ਸਾਧੂਜਨ ਹਰਿ ਸਿਮਰੀਏ, ਏਕ ਨਿਮਖ ਨ ਬਿਸਾਰ
ਛੀਪਾ ਮੋਚੀ ਕਾਸਬੀ, ਅਮਰ ਭਏ ਸੰਸਾਰਿ ।੮੮।

ਸਾਧੂਜਨ ਹਰਿ ਸਿਮਰੀਐ, ਬਾਦੂ ਬਿਕਾਰ ਬਿਸਾਰਿ
ਨਉਕਾ ਭੈਜਲ ਤਰਨ ਕੀ, ਜਪਹਿ ਸੁ ਉਤਰੈ ਪਾਰਿ ।੮੯।

ਸਾਧੂਜਨ ਹਰਿ ਸਿਮਰੀਐ, ਪਤਿਤ ਉਧਾਰਨਹਾਰੁ
ਅਵਗੁਨ ਕੋਈ ਨ ਬੀਚਾਰਈ, ਦਾਤ ਕਰੈ ਦਾਤਾਰੁ ।੯੦।

ਸਾਧੂਜਨ ਸਰਣੀ ਪਰਿਓ, ਰਾਖਹੁ ਪ੍ਰਭ ਕੀ ਲਾਜ
ਐਸੀ ਕ੍ਰਿਪਾ ਕੀਜੀਐ, ਕੀਜਹਿ ਬੇਮੁਹਤਾਜੁ ।੯੧।
ਮੁਹਤਾਜੀ ਤੌ ਏਕ ਕੀ, ਸਭ ਤੇ ਬੇਮੁਹਤਾਜ
ਐਸੀ ਕ੍ਰਿਪਾ ਧਾਰੀਐ, ਹੋਇ ਗਰੀਬੀ ਰਾਜ ।੯੨।

ਕਰਹਿ ਕਪਟ ਸਮਝਹਿ ਨਹੀ , ਮਨ ਮੂਰਖ ਮਤਿ ਹੀਣ
ਅੰਤਰਜਾਮੀ ਸਿਆਮਰੋ, ਸਭ ਕਿਛੁ ਜਾਨ ਪ੍ਰਬੀਨ ।੯੩।

ਜਬ ਤੁਮ ਸਾਧੂਜਨ ਭਏ, ਤਬ ਅਸ ਧੂ ਨਹੀਂ ਕੋਇ
ਜਾਕੀ ਚਰਨੀ ਲਾਗਹੁ, ਸੋ ਸਾਧੂਜਨ ਹੋਇ ।੯੪।

ਸਾਧੂ ਪਿਤਾ ਜਗਤ ਕਾ, ਦੂਖ ਮਿਟਾਵਨਹਾਰੁ
ਟੇਕ ਨ ਰਾਖੈ ਕਿਸੀ ਪਰ, ਸਭ ਸਿਰਿ ਝੱਲਹਿ ਭਾਰੁ ।੯੫।

ਸੁਨਤ ਪਰਮ ਸੁਖ ਪਾਈਐ, ਅੰਮ੍ਰਿਤ ਬਚਨ ਅਨੂਪ
ਸਾਧੂਜਨ ਸਾਧੂ ਸੋਈ, ਸ੍ਰੀ ਗੋਬਿੰਦ ਕੋ ਰੂਪ ।੯੬।

ਪ੍ਰੀਤਿ ਬਨੀ ਗੋਬਿੰਦ ਸਿਉਂ, ਸਹਿਜ ਰਹੀ ਲਿਵ ਲਾਗ
ਸਾਧੂਜਨ ਸੁਖ ਨਿਧਿ ਮਿਲੈ, ਧੰਨ ਭਗਤਾਂ ਕੇ ਭਾਗ ।੯੭।

ਪ੍ਰੀਤਿ ਬਨੀ ਗੋਬਿੰਦ ਸਿਉਂ, ਸਹਿਜ ਰਹੀ ਠਹਿਰਾਇ
ਸਾਧੂਜਨ ਬਿਨ ਹਰਿ ਭਜਨ, ਪਲ ਭਰ ਰਹਨ ਨ ਜਾਇ ।੯੮।

ਪਦ ਪੰਕਜ ਪਾਵਨ ਸਦਾ, ਨਿਰਮਲ ਧਾਵਹੁ ਧਾਰਿ
ਕਰਨਾ ਨਿਧਿ ਕਰਣਾਕਰਣ, ਕਲਮਲ ਕਾਟਣਹਾਰੁ ।੯੯।

ਦਾਵਾਨਲ ਸੋ ਤੇਜ ਤਨ, ਸੀਤਲ ਸੁਧਾ ਨਿਧਾਨ
ਸਭਹੂ ਬਿਧਿ ਪੂਰਨ ਪੁਰਖ, ਸਾਧੂਜਨ ਸੁ ਬਖਾਨ ।੧੦੦।

ਦਇਆਵੰਤ ਅਰ ਅਤਿ ਬਿਮਲ, ਅਬਗਤਿ ਅਲਖ ਅਨੂਪ
ਕਵਨ ਜੁਗਤਿ ਤੇ ਜਾਨੀਐ, ਨਾਨਾ ਬਿਧਿ ਕੋ ਰੂਪ ।੧੦੧।

ਇੰਦ੍ਰੀਜਿਤ ਘਟਿ ਘਟਿ ਰਤਨ, ਅਦਭੁਤ ਜਾਕੀ ਕ੍ਰਾਂਤਿ
ਸਾਧੂਜਨ ਸੰਸਾਰ ਮਹਿੰ, ਸੁ ਕਵਨ ਪੁਰਖ ਇਹ ਭਾਂਤਿ ।੧੦੨।

ਲੰਕਾ ਲੂਟਨ ਰਿਪੁ ਦਲਨ, ਸੀਤਾ ਪਤਿ ਸ੍ਰੀ ਰਾਮ
ਨਾਨਾ ਚਰਿਤ੍ਰ ਬਖਾਨੀਅਹਿ, ਸਿਮਰਿ ਸਿਮਰਿ ਤਿਹ ਨਾਮ ।੧੦੩।

ਸੀਤਲ ਚੰਦਨ ਚੰਦ੍ਰਮਾ, ਤਾਂ ਤੇ ਸੀਤਲ ਸਾਧ
ਪਾਰਸ ਜਿਉਂ ਪਾਵਨ ਕਰਹਿ, ਮੇਟਿ ਸਕਲ ਅਪਰਾਧ ।੧੦੪।

ਮਿਲ ਸੰਗਤਿ ਸੁਖ ਪਾਈਐ, ਨਿਰਮਲ ਹਰਿ ਜਸ ਗਾਇ
ਸਾਧਜਨਾ ਕੇ ਚਰਣ ਪਰਿ, ਸਾਧੂਜਨ ਬਲਿ ਜਾਇ ।੧੦੫।

ਬੋਲ ਜਿ ਬੋਲਹਿ ਸਾਧੂਆਂ, ਤੇ ਜਗ ਭਏ ਅਡੋਲ
ਮੇਟਨ ਕੋ ਕੋਊ ਨਹੀਂ, ਸਾਧੂਜਨ ਕੇ ਬੋਲ ।੧੦੬।

ਭਸਮ ਕਰੈ ਕਬੂਲ, ਤਾਂ ਮਲੀਐ ਸੋ ਅਰਗਜਾ
ਨਾਮਿ ਪਛਾਣੈ ਮੂਲ, ਤਾਂਹੀ ਤਖਤ ਬਹਾਲੀਐ । ੧੦੭ ।

ਬਨੀਆ ਬਲ ਕਰਿ ਹਾਰੀਐ, ਦਲ ਜੀਤੇ ਬਲ ਖੋਇ
ਉਲਟਿ ਬੇਦ ਕੇ ਭੇਦ ਕੋ, ਬਿਰਲਾ ਬੂਝਹਿ ਕੋਇ । ੧੦੮ ।

ਜਾਚਕ ਸ੍ਰੀ ਜਗਦੀਸ ਕਉ, ਸਾਧੂਜਨ ਮੇਰੋ ਨਾਉਂ
ਅਵਰਿ ਸਕਲ ਜਗ ਮੰਗਤਾ, ਸਾਧਨ ਕਾ ਪਹਿ ਜਾਉਂ । ੧੦੯ ।

ਸਾਧੂਜਨ ਸੋ ਧੰਨ ਹੈ, ਕਰਤਾ ਪ੍ਰੀਤਿ ਸੋ ਪ੍ਰੀਤਿ
ਪਰਹਰਤਾ ਪਾਖੰਡ ਕੋ, ਚਲਿਓ ਜਨਮ ਕੋ ਜੀਤ । ੧੧੦ ।

ਬਨੀਆ ਸਾਧੂਜਨ ਭਇਆ, ਬਣਜਨ ਕਉ ਹਰਿਨਾਮ
ਸਾਧੂਜਨ ਗੁਰ ਕ੍ਰਿਪਾ ਤੇ, ਪਾਇਓ ਸੁਖ ਬਿਸਰਾਮ । ੧੧੧ ।

ਸਾਧੂਜਨ ਹਰਿ ਸਿਮਰੀਐ, ਤਜਿ ਲੋਕਨ ਕੀ ਕਾਨ
ਨਹੀਂ ਤਉ ਫਿਰ ਪਛੁਤਾਹਿੰਗੇ, ਛੂਟਿ ਜਾਂਹਿੰਗੇ ਪ੍ਰਾਨ । ੧੧੨ ।

ਸਾਧੂਜਨ ਜਹਿੰ ਦਲ ਜੁੜੇ, ਪਰੀ ਨਿਸ਼ਾਨੇ ਚੋਟ
ਸੂਰੇ ਤੇ ਸਨਮੁਖ ਭਏ, ਗਹਿ ਸਤਿਗੁਰ ਕੀ ਓਟ । ੧੧੩ ।

ਓਟ ਗਹੀ ਗੁਰਦੇਵ ਕੀ, ਸਨਮੁਖ ਜੂਝਹਿੰ ਸੰਤ
ਤੇ ਬਡਭਾਗੀ ਬਾਪੁਰੇ, ਅਮਰ ਕੀਏ ਭਗਵੰਤ । ੧੧੪ ।

ਗੁਰ ਬਿਨ ਗਲੀਆਂ ਗੋਲੀਆਂ, ਨਿਰਮਲ ਗਲੀ ਨ ਹੋਇ
ਚੀਕੜ ਕਾਂਟਾ ਕੰਕਰੀ, ਰਹਹਿ, ਗਡਾਵਡ ਹੋਇ । ੧੧੫ ।

ਕਪਟ ਕੰਕਰੀ ਕਾਂਟਾ ਕ੍ਰੋਧ, ਚੀਕੜ ਲਾਲਚ ਵੈਰ ਵਿਰੋਧ
ਇਨ ਕੋ ਤਜਿ ਹਰਿ ਸਿਉਂ ਕਰਿ ਹੇਤੁ, ਸਾਧੂਜਨ ਗੁਰ ਦੀਓ ਭੇਤੁ । ੧੧੬ ।

ਕਾਹੂੰ ਕਹੀ ਸੋਈ ਸਹੀ, ਕਹੀ ਸਹੀ ਗੁਰਦੇਵ
ਸਾਧੂਜਨ ਬਿਧਿ ਬਨਿ ਰਹੀ, ਗਹੀ ਗਰੀਬੀ ਟੇਵ । ੧੧੭ ।

ਪੋਥੀ ਤਹਾਂ, ਪ੍ਰੇਮ ਕੀ ਪੜ੍ਹੈਂ ਬਿਬੇਕੀ ਲੋਗ
ਹਰਿਰਸ ਮਗਨ ਭਏ ਤਹਾਂ, ਬਿਆਪਤ ਹਰਖ ਨ ਸੋਗ। ੧੧੮।

ਸੀਲ ਧਰਮ ਸੁਚ ਸੰਜਮਾ, ਦਯਾ ਧਰਮ ਮਨ ਮਾਹਿ
ਲਾਗੀ ਡੋਰੀ ਰਾਮ ਸਿਉਂ, ਤਤੁ ਦਰਸਨ ਮਾਂਹਿ ਸਮਾਂਹਿ। ੧੧੯।

ਜਾਤਿ ਵਰਣ ਤਹਿਂ ਕਿਛੁ ਨਹੀਂ, ਗਿਆਨ ਧਿਆਨ ਕਿਛੁ ਨਾਹਿ
ਲਾਗੀ ਡੋਰੀ ਰਾਮ ਸਿਉਂ, ਕਲਮਲ ਭਾਗਹਿ ਜਾਹਿ। ੧੨੦।

ਉਦਮ ਉਠੇ ਨ ਕਰਮ ਕੋ, ਤਾਂ ਕਛੁ ਰਾਗ ਨ ਦੋਖ
ਲਾਗੀ ਡੋਰੀ ਰਾਮ ਸਿਉਂ, ਤਜਿ ਬੰਧਨ ਪਾਵਹਿ ਮੋਖ। ੧੨੧।

ਰਜਗੁਨ ਤਮਗੁਨ ਸਤਗੁਨਾ, ਤਿਨ ਤੇ ਨਿਆਰੋ ਰੂਪ
ਲਾਗੀ ਡੋਰੀ ਰਾਮ ਸਿਉਂ, ਗਤਿ ਅਗਮ ਅਗਾਧ ਅਨੂਪ। ੧੨੨।

ਲੋਕ ਬੇਦ ਕੀ ਗੰਮ ਨਹੀਂ, ਪਹੁੰਚ ਨ ਸਕਹਿ ਪੁਰਾਣ
ਲਾਗੀ ਡੋਰੀ ਰਾਮ ਸਿਉਂ, ਪ੍ਰਾਨ ਸਮਾਨੇ ਪ੍ਰਾਣ। ੧੨੩।

ਉਸਤਤਿ ਨਿੰਦਾ ਕਿਛ ਨਹੀਂ, ਨਹੀਂ ਬਿਆਧਿ ਉਪਾਧਿ
ਏਕ ਨਿਮਖ ਨਹੀਂ ਉਤਰੈ, ਲਾਗੀ ਸਹਜ ਸਮਾਧਿ। ੧੨੪।

ਅਚਰਜ ਨਗਰੀ ਸਾਧ ਕੀ, ਤਹਾਂ ਬਿਬੇਕੀ ਸੰਤ
ਜਨਮ ਮਰਨ ਭਉ ਮਿਟ ਗਇਓ, ਪ੍ਰਭ ਅਤੇ ਕੀਏ ਨਿਰਤੰਤ

ਨਿਪਟ ਨਿਰੰਸੇ ਜਾਨਿਆ, ਘਟਿ ਘਟਿ ਬਾਸੀ ਰਾਮ
ਸਾਧੂਜਨ ਸਤਿਗੁਰ ਮਿਲਿਓ, ਪਾਇਓ ਮਨਿ ਬਿਸਰਾਮ। ੧੨੫।

(ਅ) ਸਾਖੀ ਸਾਧੂਜਨ ਕੀ

ਪਰਮੇਸਰ ਤਿਨ ਕੇ ਨਿਕਟਿ ਹੈ, ਜਿਨ ਕੇ ਮਨਿ ਪ੍ਰੀਤਿ
ਤੇ ਅਤੀਤ ਸਾਧੂਜਨਾ, ਪਰਮੇਸਰ ਕੇ ਮੀਤ। ੧।
ਗੱਲਾਂ ਕਥਾਂ ਸਾਖੀਆਂ, ਨਿਸੁਦਿਨਿ ਸਿਖਨੀਆਹਿ
ਲੈ ਲੈ ਕਲਮ ਮਸਾਜਨੀ, ਕਾਗਜ਼ ਲਿਖਨੀਆਹਿ। ੨।

ਲਿਖਿ ਲਿਖਿ ਕੀਚਨਿ ਪੋਥੀਆਂ, ਪੜਿ ਪੜਿ ਪੰਡਿਤ ਹੋਹਿ
ਮੋਹੇ ਮਾਇਆ ਮੋਹਨੀ, ਮਨ ਕੀ ਮੈਲ ਨ ਧੋਹਿ । ੩ ।

ਪਾਣੀ ਨਾਲਿ ਨ ਉਤਰਹਿ, ਮੈਲੇ ਮਨ ਕੀ ਮੈਲ
ਹਾਛੇ ਕਬਹੂੰ ਨ ਹੋਵਨੀ, ਕਰਿ ਦਿਖਲਾਵਹਿ ਫੈਲ । ੪ ।

ਧੋਤੀ ਧੀਰਜ ਧਰਮ ਦੀ, ਪਹਿਨਨ ਨਾਹੀ ਅੰਗੁ
ਬਾਜੀ ਵਿਕਾਰਕਤਰਨੀ, ਕਦੇ ਨ ਬਹਿਦੀ ਬੰਧ । ੫ ।

ਕੁੰਗੂ ਚੰਦਨ ਅਰਗਜਾ, ਟਿੱਕੇ ਲਾਵਨ ਲਿਲਾਟ
ਕਪਟੀ ਭੌਜਲ ਬੋੜੀਅਹਿ, ਲਬੇ ਲਾਹੂ ਘਾਟ । ੬ ।

ਚੋਖੇ ਛਿੱਲੜ ਰਹਿ ਗਏ, ਫਾਨਨੀ ਦਾਂਫ ਚੁਏ
ਚੜਿ ਚੜਿ ਉਚੀ ਠਾਹਰੀਂ, ਫਾਲੀਂ ਮਾਰਿ ਮੁਏ । ੭ ।

ਤਿਨਾਂ ਨਾਲਿ ਕੀ ਬੋਲੀਐ, ਜਿਨਾ ਵਿਵੇਹੀ ਮਤਿ
ਸਾਚੈ ਸਾਹਿਬੁ ਰਖਨੀ, ਸਾਧੂਜਨ ਕੀ ਪਤਿ । ੮ ।

ਸਾਂਤਿ ਸਰੋਵਰ ਮਜਨ ਕੀਜੈ, ਚਉਂਕਾ ਚਿਤ ਚੇਤਨ ਕਾ ਦੀਜੈ
ਸਤ ਕੀ ਧੋਤੀ ਜਸ ਕਾ ਟੀਕਾ, ਜੁਗਤਿ ਜਨੇਊ ਜਨ ਕੇ ਜੀ ਕਾ
ਹਿਰਦੈ ਹਰਿ ਸਿਮਰਨ ਕੀ ਮਾਲਾ, ਦਇਆ ਧਰਮ ਕੀਨੀ ਧਰਮਸਾਲਾ ।
ਭੋਜਨ ਭਾਉ ਭਗਤਿ ਸੰਤੋਖ, ਸਾਧੂਜਨ ਪਦ ਪਾਵਹਿ ਮੋਖਾ । ੯ ।

ਅਸਵਾਰਹੁ ਪੈਕੇ ਕਰੈ, ਪੈਕਾਂ ਨੋ ਅਸਵਾਰ
ਸਾਈਂ ਕੋਮਾਂ ਤੇਰਿਆਂ, ਅੰਤ ਨ ਪਾਰਾਵਾਰੁ । ੧੦ ।

ਭੁਖਿਆਂ ਭੋਜਨ ਦੇਹ ਤੂ ਨੰਗਿਆਂ ਨੂੰ ਪਹਿਰਾਹਿਂ
ਰਹਿਨ ਸੂ ਤੇਰੇ ਆਸਰੇ, ਤੂੰ ਤਿਨ ਤੇ ਨਿਆਰਾ ਨਾਹਿ ।

ਨਿਮਣੇ ਦਾ ਮਾਣ ਤੂ, ਨਿਥਾਵੇ ਦਾ ਥਾਇੰ
ਸਾਧੂਜਨ ਸਚੇ ਪ੍ਰਭੂ, ਤੇਰੀ ਲੀਲ੍ਹਾ ਲਖੀ ਨ ਜਾਇ । ੧੧ ।

੪ ਸਲੋਕ

ਹਰਿ ਹੀਰਾ ਨਿਰਮੋਲਕੁ ਮਨੀਆਂ, ਨਿਰਧਨ ਗਾਹਕ ਬਪੁਰਾ ਬਨੀਆ
ਕਿਹ ਬਿਧਿ ਪਾਵੈ ਪਹੁੰਚ ਨ ਸਾਕੈ, ਹਰਿ ਜੀ ਓਰ ਤਿਹਾਰੀ ਤਾਕੈ
ਜੋ ਪ੍ਰਭ ਕ੍ਰਿਪਾ ਕਰੈ ਤਉ ਪਾਵੈ, ਮਹਾਂ ਪਤਿਤ ਪਾਵਨ ਹੋਇ ਆਵੈ
ਜਉ ਪ੍ਰਭ ਜੀ ਕ੍ਰਿਪਾ ਕਰੈ, ਨਿਰਧਨ ਹੋਇ ਧਨਵੰਤ
ਸਾਧੂਜਨ ਜਾਚਕ ਭਇਓ, ਦਾਤਾ ਸ੍ਰੀ ਭਗਵੰਤ ।੧।

ਕਾਲੀ ਕਮਲੀ ਸੇਤੂ ਨ ਹੋਤੀ, ਸਾਚ ਨ ਹੋਇ ਕਾਂਚ ਕਾ ਮੋਤੀ
ਕਟਕ ਨ ਹੋਇ ਕਰੁੰਡ ਕੀ ਰੋਟੀ,ਸਾਧ ਨ ਹੋਇ ਹਿਆਲੀ ਖੋਟੀ
ਅੰਬ ਨ ਹੋਇ ਹਰਿੰਡ ਕਾ ਬਿਰੂਆ, ਭਗਤਿ ਨ ਹੋਇ ਰਾਮ ਤੇ ਫਿਰੂਆ
ਸਿਖ ਨ ਹੋਇ ਗੁਰੂ ਤੇ ਰੂਠਾ, ਬਿਨੁ ਬਿਵੇਕੁ ਮੂਰਖੁ ਮਨਿ ਮੂਠਾ
ਜਿਨਕੇ ਹਿਰਦੇ ਹਰਿ ਬਸੈ, ਤੇਊ ਭਗਤੁ ਤੇਊ ਸਾਧ
ਸਾਧੂਜਨ ਤਿਹ ਦਰਸ ਤੇ, ਮਿਟਹਿ ਕੋਟਿ ਅਪ੍ਰਾਧ ।੨।

ਕਹਾਂ ਭਇਆ ਜਉ ਮੂੰਡ ਮੁੰਡਾਇਆ, ਜਬ ਲਗੁ ਮਨਿ ਸੰਤੋਖੁ ਨ ਪਾਇਆ
ਕਹਾਂ ਭਇਆ ਜੋ ਭਇਆ ਬੈਰਾਗੀ
ਜਬ ਲਗ ਮਨਿ ਮਮਤਾ ਨਹੀਂ ਤਿਆਗੀ ।

ਕਹਾਂ ਭਇਆ ਜੇ ਤੀਰਥ ਭ੍ਰਮਤਾ, ਜਬ ਲਗ ਕੇਵਲ ਰਾਮ ਨ ਰਮਤਾ
ਤੀਰਥ ਭਰਮਿ ਜਪੁ ਤਪੁ ਕੀਏ ਰਿਦੈ ਨ ਉਪਜੀ ਸ਼ਾਂਤਿ
ਸਾਚੁ ਸੁਨਉ ਸਾਧੂਜਨਾ, ਹਰਿ ਨ ਮਿਲਹਿ ਇਹ ਭਾਂਤਿ । ੩ ।

ਸਾਧਸੰਗਤਿ ਮਿਲਿ ਕੀਰਤਨਿ ਕੀਜੈ, ਰਸਨਾ ਰਾਮੁ ਨਾਮੁ ਜਪੁ ਲੀਜੈ
ਜੋ ਕਿਛ ਹੋਵਣਹਾਰੁ ਸੁ ਹੋਈ, ਅਨਹੋਨੀ ਕਾ ਜਤਨ ਨ ਕੋਈ
ਉਠਿ ਚਲਨਾ ਫਿਰਿ ਕਰੈਂ ਨ ਡੇਰਾ,ਕਹੁ ਸਾਧੂਜਨ ਤਬ ਕਿਆ ਤੇਰਾ । ੪ ।

ਜੇ ਕੋਈ ਕਰਸੀ ਤਾਤਿ ਪਰਾਈ, ਚਿੰਤਾ ਰੋਗ ਤਿਸੈ ਕਉ ਖਾਈ
ਏਕੈ ਰਾਮ ਨਾਮ ਕੀ ਆਸਾ, ਜੋ ਚਿਤਵੈ ਸੋ ਕਾਰਜ ਰਾਸਾ
ਦਇਆ ਗਰੀਬੀ ਅੰਤਰਿ ਰਾਖੈ, ਅੰਮ੍ਰਿਤ ਬਚਨੁ ਸਦਾ ਮੁਖਿ ਭਾਖੈ
ਸਾਧੂਜਨ ਕੀ ਟਹਿਲ ਕਮਾਈ, ਐਸੀ ਕਲਾ ਦਾਸ ਤਬ ਪਾਈ । ੫ ।

ਹੈ ਕੋਉ ਐਸਾ ਮਨ ਕਉ ਮਾਰੈ, ਕਾਮ ਕ੍ਰੋਧ ਕੀ ਲਹਰ ਨਿਵਾਰੈ
ਸਹਨਸੀਲ ਸੀਤਲ ਸੁਖਦਾਈ, ਤਿਹ ਸਾਧੂ ਕੀ ਧੰਨ ਕਮਾਈ
ਦਰਸ਼ਨ ਜਾਂਕੇ ਅੰਮ੍ਰਿਤ ਬਰਸੈ, ਸਾਧੂਜਨ ਤਾਂਕੇ ਪਗ ਪਰਸੈ । ੬ ।

ਹੈ ਕੋਈ ਐਸਾ ਸੂਰਾ ਪੂਰਾ, ਮਨ ਕਉ ਮਾਰਿ ਕਰੈ ਚਕਚੂਰਾ
ਕਾਮ ਕ੍ਰੋਧ ਕੋ ਪਕਰਿ ਪਛੋਰੈ, ਮਨੂਆ ਮਹਾਰਾਜ ਸੰਗ ਜੋਰੈ
ਸਾਚੀ ਭਗਤਿ ਕਰੈ ਹਰਿ ਆਗੈ, ਸਾਧੂਜਨ ਤਾਂਕੇ ਪਗ ਲਾਗੈ । ੭ ।

ਜੋ ਜੋ ਸਤਿਗੁਰ ਲਿਖਿ ਲਿਖਿ ਦੀਆ, ਸੋ ਸਾਧੂਜਨ ਸਿਖਿ ਸਿਖਿ ਲੀਆ
ਬਿਨ ਕਾਗਤ ਕਾਨੀ ਮਸਵਾਨੀ, ਲਿਖਿ ਲੀਨੀ ਸਤਿਗੁਰ ਕੀ ਬਾਨੀ
ਐਸੀ ਕਿਰਪਾ ਕਰੀ ਗੁਰ ਸਾਚੈ, ਸਾਧੂਜਨ ਨਿਰਮਲ ਜਸੁ ਬਾਚੈ । ੮ ।

ਅਪੁਨਾ ਆਪੁ ਜਿਨਾਂ ਪਹਿਚਾਨਾ, ਜਾਨ ਬੂਝ ਕੈ ਹੋਤ ਇਆਨਾ
ਬਿਨ ਹਫੀਮ ਪੋਸਤ ਅਰ ਭੰਗ, ਮਦ ਬਿਨ ਸਦਾ ਰਹੇ ਇਕ ਰੰਗ
ਅਤਿ ਅਲਬੇਲੀ ਪਦਵੀ ਪਾਈ, ਤਿਨਕੀ ਗਤਿ ਤਿਨਹੂੰ ਬਨਿਆਈ
ਕਿਸ ਕਹੀਐ ਸਮਝੈ ਨਹੀਂ ਕੋਈ, ਜੋ ਸਮਝੈ ਸਾਧੂਜਨ ਸੋਈ । ੯ ।

ਥੋੜਾ ਬੋਲੈ ਥੋੜਾ ਖਾਇ, ਥੋੜੀ ਨਿੰਦ੍ਰਾ ਸਹਿਜ ਸੁਭਾਇ
ਹੌਂਹੈ ਤ੍ਰਾਣੁ ਨਿਤ੍ਰਾਣਾ ਹੋਇ, ਸ ਧੂਜਨ ਬਿਰਲਾ ਜਗ ਕੋਇ । ੧੦ ।

ਨੈਨਾਂ ਤੇਊ ਸੁਪਾਵਨ ਕਹੀਐ ਜੋ ਨੈਨਾਂ ਸਨਮੁਖ ਹਰਿ ਹੇਰੇ
ਸ੍ਰਵਨ ਸੁਪਾਵਨ ਤੇਊ ਕਹੀਐ ਸ੍ਰਵਨ ਜੋ ਹਰਿ ਸਿਮਰਨਿ ਕੇ ਸ੍ਰੋਤੇ
ਰਸਨਾ ਤੇਊ ਸੁਪਾਵਨ ਕਹੀਐ ਰਸਨਾ ਰਾਮ ਨਾਮ ਰਸੁ ਚਾਖੈ
ਸਾਤਾ ਤੇਊ ਸੁਪਾਵਨ ਕਹੀਐ ਸਾਤਾ ਸ਼ੀਲ ਧਰਮ ਦ੍ਰਿੜ ਰਾਖੈ
ਹਾਥ ਸੁਪਾਵਨ ਤੇਊ ਕਹੀਐ ਜਿਹ ਹਾਥੈ ਕਾਹੂ ਕਿਛੁ ਦੀਜੈ
ਚਰਨ ਸੁਪਾਵਨ ਤੇਊ ਕਹੀਐ,ਜਿਹ ਚਰਨਨ ਪਰ ਕਾਰਜ ਕੀਜੈ
ਰੋਮ ਸੁਪਾਵਨ ਤੇਊ ਕਹੀਐ ਹਰਿ ਗੁਣ ਸੁਣ ਠਾਂਢੇ ਹੋਇ ਆਏ
ਸੰਗਤਿ ਤੇਊ ਸੁਪਾਵਨ ਕਹੀਐ ਜਿਹਸੰਗਤਿ ਮਿਲਿ ਹਰਿ ਜਸੁ ਗਾਏ
ਨਖ ਸਿਖ ਤੇਊ ਸੁਪਾਵਨ ਕਹੀਐ, ਜਾਂਕੈ ਹਿਰਦੈ ਕਪਟੁ ਨ ਕੋਈ
ਸ੍ਰੀ ਰਾਮ ਨਾਮ ਸਿਉਂ ਪ੍ਰੀਤ ਨਿਰੰਤਰਿ, ਸਾਧੂਜਨ ਸਾਧੂਜਨ ਸੋਈ । ੧੧ ।

ਮਾਇਆ ਕੈ ਪਾਛੈ ਸਭ ਜਗ ਧਾਵੈ, ਮਾਇਆ ਕਾਹੂ ਕੈ ਹਾਥਿ ਨ ਆਵੈ
ਸਾਧੂ ਕੇ ਪਾਛੈ ਲਾਗੀ ਆਵੈ, ਤਾਂ ਕਉ ਸਾਧੂ ਮੁਖ ਨ ਲਗਾਵੈ
ਕਰਿ ਸੀਂਗਾਰ ਸਾਧੂ ਪਹਿ ਆਈ, ਸਾਧੂ ਅਪਨੇ ਦਰਸਨਿ ਲਾਈ
ਜਿਉਂ ਜਿਉਂ ਪਗਿ ਲਗਿ ਪੂਜਾ ਕਰਿਹੀ

ਤਿਉਂ ਤਿਉਂ ਸਾਧੂ ਹਸਿ ਹਸਿ ਧਰਿ ਹੀ
ਆਵ ਰੀ ਮਾਇਆ ! ਆਗੈ ਆਉ, ਸਭ ਕੋਈ ਰਾਖੈ ਤੇਰਾ ਭਾਉ
ਤੂੰ ਤਉ ਸਗਲ ਜਗਤ ਕੀ ਰਾਣੀ, ਭਲਾ ਕੀਆ ਸਾਧੂ ਪਹਿ ਆਈ
ਜੋ ਕਿਛੁ ਆਗਿਆ ਕਹੋਂ ਸੁ ਕਰੁ ਰੀ, ਸਾਧੂ ਕੈ ਆਗੈ ਪਾਨੀ ਭਰਿ ਰੀ
ਦੇਹੁ ਰੀ ਚਉਂਕਾ ਧੋਤੋਰੀ ਭਾਂਡੇ, ਭਲਾ ਕੀਆ ਤੈਂ ਸਾਕਤ ਛਾਡੇ
ਜੇ ਕੁਸਕੋਂ ਤਉ ਕਟੋਂ ਕਾਨ, ਮੈ ਲਖ ਪਾਏ ਤੇਰੇ ਗਾਨ
ਤੂੰ ਤਉ ਸਭਨਾਂ ਕੀ ਮਧੁ ਬਾਨੀ, ਸੋ ਤੂ ਸਾਧੂ ਕੇ ਹਾਥ ਬਿਕਾਨੀ
ਨਾਂਚੀ ਹੈ ਚਰਨਨ ਕੇ ਆਗੇ, ਮਾਇਆ ਤੇ ਕਿਉਂ ਸਾਧੂ ਭਾਗੇ
ਆਗੈ ਸਾਧੂ ਸੂਰਾ ਪੂਰਾ, ਫੋਰ ਦੀਆ ਮਾਇਆ ਕਾ ਚੂਰਾ
ਲਿਆਉਰੀ ਕਪੜੇ ਮਲਮਲ ਖਾਸੇ, ਲਿਆਉਰੀ ਮਿਸਰੀ ਅਉਰ ਪਤਾਸੇ
ਲਿਆਉ ਰੀ ਸੁਇਨੇ ਮੰਦਰ ਊਚੇ,
ਲਿਆਉ ਰੀ ਦੁਲਮੇ ਅਤਿਰ ਦੁਲੀਚੇ
ਸਾਧਾਂ ਕੇ ਤਲੇ ਬਿਛਉ ਬਿਛਾਊਨੇ, ਲਿਆਉ ਰੀ ਭੋਜਨ ਮਧੁਰ ਸਲੋਨੇ
ਲਿਆਉ ਰੀ ਗੀਨੇ ਤੇ ਹਿੰਦਵਾਨੇ, ਝੂਲਹਿ ਸਾਧੂ ਭਗਤਿ ਰਮਾਣੇ
ਝੂਲਹਿ ਸਾਧ ਰਾਮ ਕੇ ਪਿਆਰੇ, ਪ੍ਰੇਮ ਭਗਤਿ ਮਹਾ ਮਤਵਾਰੇ
ਲਿਆਉ ਰੀ ਤਾਲ ਮ੍ਰਿਦੰਗ ਦੁਤਾਰੇ, ਲਿਆਉ ਰੀ ਗੁਨਿਜਨ ਗਾਵਨਹਾਰੇ
ਲਿਆਉ ਰੀ ਪੰਡਿਤ ਪੜ੍ਹੈਂ ਪੁਰਾਨ, ਸਾਧੂ ਕਥਾ ਸੁਣੈ ਧਰਿ ਧਿਆਨੁ
ਸੁਣਿ ਸੁਣਿ ਗੋਬਿੰਦ ਕੇ ਗੁਣ ਗਾਵੈ, ਪ੍ਰੇਮੀ ਭਗਤ ਪਰਮ ਪਦ ਪਾਵੈ
ਸਾਧੂ ਕੀ ਭਗਤਿ ਸਦਾ ਨਿਰਮਾਇਲ, ਪਾਈ ਹੈ ਪ੍ਰਭ ਕੇ ਆਗੈ ਪਾਇਲ
ਸਾਧੂ ਜਾਨੈ ਕੈ ਪ੍ਰਭ ਜੀ ਜਾਨੈ, ਅਵਰ ਦੂਸਰਾ ਮਰਮੁ ਨ ਪਛਾਨੈ
ਰਸਨਾ ਰਾਮ ਨਾਮ ਸੋਂ ਭੀਨੀ, ਸਾਧੂਜਨ ਪਰ ਕਿਰਪਾ ਕੀਨੀ ।੧੨।

ਸਲੋਕ ਮਾਰੂ ਕੇ

ਤਿਨ੍ਹਾਂ ਦੇ ਰੰਗ ਤਗਯੱਰ ਨਾ ਹੋਂਦੇ, ਜੋ ਸਾਹਿਬ ਨਾਲਿ ਰੱਤੇ ਨੀ
ਅਠੇ ਪਹਰ ਰਹਿਨ ਅਲਬੇਲੇ, ਬਿਨੁ ਮਦ ਪੀਤਿਆਂ ਮੱਤੇ ਨੀ
ਸਾਧੂਜਨ ਸੀਤਲ ਸੁਖ ਦਾਤੇ, ਕਹੀਂ ਦੇ ਨਾਲਿ ਨ ਤੱਤੇ ਨੀ । ੧ ।

ਜਿਨ੍ਹਾਂ ਦੇ ਪੱਲੇ ਲੱਖ ਕੂੰੜੀ, ਕੱਖਾਂ ਦੇ ਨਾਲਿ ਸੜੀਂਦੇ ਨੀ
ਪਾਪੀ ਪ੍ਰਪੰਚ ਪਰਨਿੰਦਕ, ਪਰ ਵਸਿ ਪਕੜਿ ਖੜੀਂਦੇ ਨੀ
ਸਾਧੂ ਜਨ ਜਿਨ ਰਾਮ ਅਰਾਧਿਆ, ਤੇ ਨਿਰਭੈ ਹੋਇ ਥੀਂਦੇ ਨੀ । ੨ ।

ਕਾਲਿਅਹੁੰ ਹੀ ਧਉਲੇ ਹੋਇ ਆਏ, ਮਉਤ ਸਨੇਹੇ ਘੱਲੇ ਨੀ
ਖਾਨ ਮਲਕ ਸੁਲਤਾਨ ਸਦਾਂਦੇ, ਤੇ ਭੀ ਮਉਤ ਝਕੱਲੇ ਸੀ
ਸਾਧੂਜਨ ਜਿਨੀ ਰਾਮ ਅਰਾਧਿਆ, ਤੇ ਨਿਰਭੈ ਹੋਇ ਚਲੇ ਨੀ । ੩ ।

ਜਿਨ੍ਹਾਂ ਨੂੰ ਮਰਨਾ ਯਾਦੁ ਨ ਆਵੈ, ਤੇ ਗਾਫਲ ਮਹਿ ਗਨੇ ਨੀ
ਕਿਚਰਕੁ ਤੋੜੀਂ ਕਰਨ ਮਗਰੂਰੀ, ਮਉਤ ਰਾਣੀ ਨੇ ਡੰਨੇ ਨੀ
ਸਾਧੂਜਨ ਜਿਨੀ ਰਾਮ ਅਰਾਧਿਆ, ਦੁਹੀਂ ਜਹਾਨੀਂ ਮੰਨੇ ਨੀ । ੪ ।

ਜਿਨ੍ਹਾਂ ਸਉਦਾ ਸਮਝਿ ਨ ਕੀਤਾ, ਤੇ ਸਉਦਾਗਰ ਮੁੱਠੇ ਨੀ
ਬੁਰਿਆਈਆਂ ਦੇ ਭਾਰ ਉਠਾਏ, ਭਲਿਆਈਆਂ ਨਾਲਿ ਰੁੱਠੇ ਨੀ
ਸਾਧੂਜਨ ਜਿਨੀਂ ਰਾਮ ਅਰਾਧਿਆ, ਤੇ ਬੇਗਮਪੁਰ ਵੁੱਠੇ ਨੀ । ੫ ।

ਤੇ ਨਰ ਕਦ ਹੀ ਤ੍ਰਿਪਤ ਨ ਪਾਵਨਿ, ਜਿਨੀ ਖਜ਼ਾਨੇ ਜੋੜੇ ਨੀ
ਪਾਪਾਂ ਦੀ ਭਰਿ ਬੇੜੀ ਠੇਲ੍ਹੀ, ਡੂੰਘੇ ਭੈਜਲ ਬੋੜੇ ਨੀ
ਕਿਚਰਕੁ ਤੋੜੀਂ ਕਰਨਿ ਪਸਾਰਾ, ਮਉਤੈਂ ਪਕੜਿ ਪਛੋੜੇ ਨੀ
ਸਾਧੂਜਨ ਜਿਨੀ ਰਾਮ ਅਰਾਧਿਆ, ਤੇ ਸਾਧੂਜਨ ਥੋੜੇ ਨੀ । ੬ ।

——

੫ ਛੁਨਹੇ ਸਿਖਾਂ

ਸੋਈ ਸਾਚਾ ਗੁਰਦੇਵ ਸਬਦੁ ਸਾਚਾ ਕਹੈ
ਜਿਉਂ ਜਲ ਭੀਤਰਿ ਕਵਲ, ਜਗਤ ਮੈਂ ਇਉਂ ਰਹੈ
ਸੰਗਤਿ ਤਾਰਨਿ ਕਾਰਨਿ ਸਤਿਗੁਰ ਆਇਆ
ਪਰਉਪਕਾਰੀ ਸਤਿਗੁਰ ਹਰਿ ਪਦੁ ਪਾਇਆ
ਕਾਮ ਕ੍ਰੋਧ ਅਹੰਕਾਰ ਨਿਵਾਰੈ ਆਪਣਾ
ਸਾਧੂਜਨ ਸਤਿਗੁਰ ਸੋਈ ਸਚਾਵਾ ਥਾਪਣਾ । ੧ ।

ਮੰਦਾ ਹੋਵੈ ਹਮਸਾਇਆ, ਹੀਆ ਨ ਛੱਡੀਐ
ਪਰ ਘਰਿ ਹੋਂਦਹਿ ਨਾਰਿ, ਤ ਪਰਹਰਿ ਛਡੀਐ
ਜੇ ਰਿਣ ਦੇਵਣ ਹੋਇ ਤ ਆਪੁ ਨਿਵਾਰੀਐ
ਬਲਦੀ ਅੱਗ ਦੇ ਅੰਦਰਿ ਛਾਲੁ ਨ ਮਾਰੀਐ
ਢਹਿੰਦੀ ਕੰਧੀ ਹੇਠ ਨ ਮੂਲ ਖਲੋਈਐ
ਭੈ ਘਟ ਭੀਤਰਿ ਹੋਇ, ਤਾਂ ਨਿਰਭੈ ਹੋਈਐ
ਸਮਾਂ ਦਿਸੈ ਵੀਚਾਰਿ, ਤਦੇ ਸੁਖ ਪਾਈਐ
ਸਾਧੂਜਨ ਸਮਝੇ ਬਾਝੁ, ਆਪੁ ਵੰਞਾਈਐ । ੨ ।

ਜੇ ਬਲ ਬਹੁਤਾ ਹੋਇ ਤਉ ਭਿ ਨਿਵ ਚਲੀਐ
ਗਰਬ ਕਰੈ ਜੇ ਕੋਇ ਤ ਪਕਰਿ ਪਥਲੀਐ

ਗਰਬ ਪ੍ਰਹਾਰਾ ਰਾਮ ਗ੍ਰੀਬ ਨਿਵਾਜ ਹੈ
ਸਾਧੂਜਨ ਸਾਚਾ ਸਾਹਿਬ ਬੇਮੁਹਤਾਜ ਹੈ । ੩ ।

ਖਵੀਐ ਆਪੁ ਵਿਗੋਚਾ, ਕੂੜੁ ਨ ਬੋਲੀਐ
ਦਿਤੇ ਅਘੁ ਚੜ੍ਹਾਇ, ਨ ਊਣਾ ਤੋਲੀਐ
ਮੂੜ੍ਹਾਫੇਰੀ ਮੇਰੀ ਮੂਲਿ ਨ ਫੇਰੀਐ
ਸਾਧੂਜਨ ਨਾਰਿ ਪਰਾਈ ਦੇਖਿ ਨ ਡੋਲੀਐ । ੪ ।

ਰਾਵਣ ਆਪੁ ਗਵਾਇਆ, ਪਰਤ੍ਰਿਯ ਆਣ ਕੇ
ਇੰਦ੍ਰ ਬਹੁੰ ਦੁਖ ਪਾਇਆ, ਪਰਤ੍ਰਿਯ ਮਾਣ ਕੇ
ਪਰਤ੍ਰਿਯ ਕਾਰਣਿ ਆਪ ਵੰਞਾਇਆ ਰਾਜੇ ਹੋਡੀਏ
ਸਾਧੂਜਨ ਪਰਤੀਆ ਪਰਹਰਿ ਮਨ ਤੇ ਛੋਡੀਏ । ੫ ।

ਪਰ ਨਾਰੀ ਕੀ ਸੰਗਤਿ ਹੋਛੀ ਜਾਨੀਐ
ਚਉਹਾਂ ਜੁਗਾਂ ਵਿਚਿ ਬਾਤ ਪਰਸਿੱਧ ਬਖਾਨੀਐ
ਲੈ ਸਤਿਗੁਰ ਦੀ ਸਿਖ ਜੀਏ ਵਿਚਿ ਰਖੀਐ
ਸਾਧੂਜਨ ਅਪਨੇ ਹਾਥ ਨ ਮਹੁਰਾ ਚੱਖੀਐ । ੬ ।

ਪਰਨਾਰੀ ਦਾ ਫੱਟਿਆ ਫੇਰਿ ਨ ਬਾਹੁੜੇ
ਬੋਲੀ ਕੋਇ ਨ ਹੋਇ ਤਿਥਾਏ ਪਾਹੁੜੇ
ਪਰ ਨਾਰੀ ਦੇ ਪਾਸਿ ਨ ਮੂਲਿ ਖੜੋਈਐ
ਸਾਧੂਜਨ ਕੂੜੇ ਲਾਲਚ, ਜਨਮ ਨਾ ਖੋਈਐ । ੭ ।

ਕਾਗਤਿ ਚਿਤ੍ਰੀ ਪੁਤਰੀ, ਤਿਸਤੇ ਸੰਗੀਐ
ਸਾਚੇ ਸਾਹਿਬ ਪਾਸਹੁੰ, ਏਹੋ ਮੰਗੀਐ
ਪਾਪਾਂ ਦਾ ਫਲਿ ਰੁੱਖ ਸੁ ਜੜਹੁੰ ਉਪੱਟੀਐ
ਸਾਧੂਜਨ ਜਨਮ ਮਰਨ ਕਾ ਫਾਹਾ ਕੱਟੀਐ । ੮ ।

ਨਾਰਿ ਪਰਾਈ ਦੇ ਮੂੰਹ ਮੂਲ ਨ ਲਗੀਐ
ਲੈ ਸਤਿਗੁਰ ਦੀ ਸਿਖ ਤਦਾਹਾਂ ਤਗੀਐ
ਸਤਿਗੁਰ ਪੂਰੇ ਪਾਸਹੁੰ ਮੂਹਰਾ ਮੋੜੀਐ
ਸਾਧੂਜਨ ਜਨਮ ਪਦਾਰਥ, ਭੈਜਲ ਬੋੜੀਐ । ੯ ।

ਪੜ੍ਹਿਆ ਦਾਨਸ਼ਵੰਦ ਨ ਕਰਹਿ ਤਕੱਬਰੀ
ਪਾਰਿ ਪਰੈ ਪਰਹਰੈ, ਪਰਾਈ ਟੱਬਰੀ
ਦੇਖਿ ਪਰਾਇਆ ਮਾਲ, ਈਮਾਨ ਨ ਖੋਈਐ
ਸਾਧੂਜਨ ਦਾਨਸਵੰਦ, ਤਦਾਹਾਂ ਹੋਈਐ । ੧੦ ।

ਪੜ੍ਹਿਆ ਹੋਵਹਿ ਹੋਰ ਕਮਾਵਹਿ ਹੋਰ ਕਿਉਂ
ਦਿਨ ਨੌ ਆਖੈ ਰਾਤਿ ਰਾਤ ਨੂੰ ਭੋਰ ਕਿਉਂ
ਗੁਨਹਗਾਰ ਦਿਵਾਨੇ ਦਖੁ ਵਿਸਾਰਿਆ
ਸਾਧੂਜਨ ਪੈਰ ਕੁਹਾੜਾ ਗਾਫਲ ਮਾਰਿਆ । ੧੧ ।

ਪੰਡਿਤ ਪੜ੍ਹ ਕੇ ਪੁਸਤਕ ਜਗ ਪ੍ਰਬੋਧਿਆ
ਮੂਰਖ ਅਪਣਾ ਆਪੁ ਨ ਕਬਹੂੰ ਸੋਧਿਆ
ਮਾਇਆ ਕਾਰਣ ਪੜ੍ਹਹਿ, ਪਾਖੰਡ ਕਮਾਵਈ
ਸਾਧੂਜਨ ਐਸਾ ਪੰਡਿਤ ਕੰਮ ਨ ਆਵਈ । ੧੨ ।

ਪੰਡਿਤ ਪੜ੍ਹਿਆ ਹੋਵਹਿ, ਪੁਸਤਕ ਸੋਧ ਕੈ
ਨਿਰਭੈ ਪਦਵੀ ਪਾਵਹਿ, ਮਨ ਪ੍ਰਬੋਧਿ ਕੈ
ਉਚਰਤ ਅੰਮ੍ਰਿਤ ਬਚਨ, ਸੁਨਤ ਸੁਖ ਪਾਈਐ
ਸਾਧੂਜਨ ਐਸੇ ਪੰਡਿਤ ਪਰ ਬਲਿ ਬਲਿ ਜਾਈਐ । ੧੩ ।

ਬੈਰਾਗੀ ਨਾਮ ਧਰਾਇਆ, ਮੂੰਡ ਮੁੰਡਾਇ ਕੈ
ਕਦੇ ਨ ਹਰਿ ਲਿਵ ਲਾਈ, ਰੁਚਿ ਉਪਜਾਇਕੈ

ਭੇਖ ਕਰੇ ਮਨ ਭਾਣੇ, ਮਾਇਆ ਕਾਰਣੇ
ਸਾਧੂਜਨ ਤੇ ਪਾਖੰਡੀ, ਫਿਰਿ ਫਿਰ ਮਾਰਣੇ । ੧੪ ।

ਬੈਰਾਗੀ ਬਡਭਾਗੀ, ਮੂੰਡ ਮੂੰਡਾਇਆ
ਤਜਹਿ ਸਗਲਿ ਜੰਜਾਲ, ਪਰਮ ਸੁਖ ਪਾਇਆ
ਬਾਸਾ ਕੀਆ ਇਕੰਤ, ਸਾਰ ਪਛਾਣ ਕੈ
ਸਾਧੂਜਨ ਗੁਰ ਪੂਰੇ ਕੀ ਆਗਿਆ ਮਾਨ ਕੈ । ੧੫ ।

ਕੀਚੈ ਸੰਗ ਸੁਸੰਗ, ਕੁਸੰਗਹੁ ਭੱਜੀਐ
ਦੇਖਿ ਪਰਾਇਆ ਅਉਗਣ, ਪੜਦਾ ਕੱਜੀਐ
ਰਹੀਐ ਹੋਇ ਨਿਮਾਣਾ, ਮਾਣੁ ਨ ਕੀਜੀਐ
ਸਾਧੂਜਨ ਤਜਿ ਹਉਮੈ, ਅੰਮ੍ਰਿਤੁ ਪੀਜੀਐ । ੧੬ ।

ਟੁੱਟਾ ਹੋਇਆ ਕੱਚ, ਨ ਜਾਈ ਜੋੜਿਆ
ਰਹੈ ਨ ਰੰਗੁ ਕਸੁੰਭੇ, ਪਾਣੀ ਬੋੜਿਆ
ਮੋਤੀ ਲੱਥੀ ਆਬ ਨ ਜਾਇ ਸਵਾਰਣਾ
ਸਾਧੂਜਨ ਤਜਿ ਹਉਮੈ ਮਮਤਾ ਮਾਰਣਾ । ੧੭ ।

ਸਾਧੂ ਰਖਾਏ ਨਾਮ, ਕਰੇ ਬੁਰਿਆਈਆਂ
ਮੈਥਹੂੰ ਮੰਦਾ ਕੋਇ ਨ ਕੀਤੋ ਸਾਂਈਆਂ
ਬਗਲੇ ਜਿਉਂ ਧਰਿ ਧਿਆਨ, ਪਾਖੰਡ ਕਮਾਵਣਾ
ਸਾਧੂਜਨ ਜਨਮ ਪਦਾਰਥ ਬਾਦਿ ਗਵਾਵਣਾ । ੧੮ ।

ਸਾਧੂ ਰਖਾਏ ਨਾਮ, ਕਰਮ ਖੋਟੇ ਕਰੇ
ਮਨ ਅੰਧੇ ਤਨ ਅੰਧ, ਸਮਝ ਕਛੁ ਨ ਪਰੇ

ਲੈ ਮਾਲਾ ਗਲਿ ਪਾਵੈ ਦੇਵੈ ਦੀਖਿਆ
ਭੂਲਾ ਮਾਇਆ ਕਾਰਨ ਮਾਂਗੈ ਭੀਖਿਆ । ੧੯ ।

ਸਿਖਾ ਤੇ ਲੈ ਭੀਖਿਆ, ਧਰੀਅਸ ਜੋਰ ਕੈ
ਛਡਿ ਚਲਿਆ ਬੇਚਾਰਾ, ਵੱਖਰ ਬੋੜ ਕੈ
ਲੰਮੀ ਦਾੜ੍ਹੀ ਛਡਿ ਕਰੈ ਬਦਫੈਲੀਆਂ
ਚੋਪੜਿ ਤੇਲ ਦਿਖਾਵੈ ਮੁੱਛਾਂ ਮੈਲੀਆਂ । ੨੦ ।

ਮਥੇ ਊਪਰਿ ਲਾਏ ਲੀਕਾਂ ਰੱਤੀਆਂ
ਅੱਖੀਂ ਦੇਖਿ ਨ ਬਰਜੈ ਜਾਣ ਅਵੱਤੀਆਂ
ਪਾਸੀਂ ਲਾਇਨਿ ਛਾਪੇ, ਦਿਸਨਿ ਸੋਹਣੇ
ਕਰਕੇ ਕੌਕਲ ਕੰਠ, ਰਾਮ ਮਨਮੋਹਣੇ
ਪ੍ਰੇਮ ਵਿਹੂਣੀ ਬਾਣੀ, ਛਾਨੀ ਨ ਰਹਹਿ
ਰਿਦੈ ਅਵਰ ਮੁਖ ਅਉਰ, ਕਪਟ ਬਾਤਾਂ ਕਰੈ । ੨੧ ।

ਤਿਸ ਪਾਪੀ ਦੇ ਨੇੜ ਮੂਲਿ ਨ ਖਲੋਈਐ
ਟੁਟੀ ਬੇੜੀ ਚੜ੍ਹੈ ਸੋ ਸਰਪਰ ਡੁਬੀਐ
ਭਗਲੁ ਕਰੈ ਗੁਰ ਗੋਪੈ ਜਗ ਪਤਿਆਵਈ
ਸਾਧੂਜਨ ਸਤਿਗੁਰ ਤਾਕੈ, ਨਿਕਟਿ ਨ ਆਵਈ । ੨੨ ।

੬ ਝੂਲਨੇ

ਗੁਰਦੇਵ ਕੀ ਸੇਵ ਸਦਾ ਕਰੀਏ, ਭ੍ਰਮ ਕਾਮ ਕਲੇਸ ਨਿਵਾਰੀਏ ਜੀ
ਅਪਨਾ ਸਰ ਵਸ ਸਭੈ ਹਿਤ ਸੋਂ, ਗੁਰਦੇਵ ਕੇ ਊਪਰਿ ਵਾਰੀਏ ਜੀ
ਪ੍ਰਭੁ ਪਾਪੀ ਪੁਨੀਤ ਕੀਏ ਛਿਨ ਮੈਂ, ਮਨ ਤੇ ਕਬਹੂੰ ਨ ਬਿਸਾਰੀਏ ਜੀ
ਸੁਨ ਸਾਧੂਜਨਾ ਗੁਰ ਸਾਚ ਭਨਾ, ਰਸਨਾ ਰਸ ਨਾਮ ਸਮਾਰੀਏ ਜੀ । ੧ ।

ਦ੍ਰਿਗ ਦੇਖ ਚਰਿਤ੍ਰ ਨ ਮਿਤ੍ਰ ਕੋਈ, ਬਿਨ ਰਾਮ ਕੇ ਨਾਮ ਨਿਹਾਰੀਏ ਜੀ
ਤਰਨੀ ਜਨਮੀ ਸੁਤ ਭ੍ਰਾਤ ਨ ਤਾਤ, ਸਭੈ ਤਜਿ ਅੰਤਿ ਸਿਧਾਰੀਏ ਜੀ
ਪ੍ਰਭੁ ਕੀ ਮਹਿਮਾ ਕਹੁ ਕਿਆ ਬਰਨਾ, ਸੁਨਿ ਸਾਧੂਜਨਾ ਨ ਬਿਸਾਰੀਏ ਜੀ
ਕਰਿ ਪ੍ਰੇਮ ਸੋਂ ਨੇਮ ਸਦਾ ਮਨ ਮੈਂ, ਰਸਨਾ ਰਸ ਨਾਮ ਸਮਾਰੀਏ ਜੀ । ੨ ।

ਭ੍ਰਮ ਮਾਇਆ ਕੀ ਛਾਇਆ ਨ ਹੋਇ ਸਦਾ,
ਤਿਹੰ ਲਗਿ ਜਨਮੁ ਨ ਹਾਰੀਏ ਜੀ
ਸੁਫਨਾ ਕਹਿ ਜਾਨ ਜਹਾਨ ਸਭੈ, ਮਨ ਮੈਂ ਗੁਰ ਗਿਆਨ ਬੀਚਾਰੀਏ ਜੀ
ਸਚ ਸਾਧੂਜਨਾ ਰਘੁਨਾਥ ਬਿਨਾ, ਥਿਰ ਨਾਹਿ ਕੋਈ ਜੁ ਨਿਹਾਰੀਏ ਜੀ
ਦੁਖ ਭੰਜਨ ਦੀਨ ਦਯਾਲ ਸਦਾ, ਰਸਨਾ ਰਸ ਨਾਮ ਸੰਭਾਰੀਏ ਜੀ । ੩ ।

ਭਵ ਸਿੰਧੁ ਜਗਤੁ ਚਰਿਤ੍ਰ ਕੀਆ, ਮਿਲਿ ਮਿਲਿ ਬਿੰਦ ਰਕਤ ਸਵਾਰੀਏ ਜੀ
ਤਹ ਆਨ ਸਭੈ ਨਰ ਬੂਡਤ ਹੈਂ, ਸ੍ਰੀ ਗੋਬਿੰਦ ਭਜੈ ਸੁ ਤਾਰੀਏ ਜੀ
ਸੁਨਿ ਸਾਧੂਜਨਾ ਧਰਿ ਧਿਆਨ ਮਨਾ, ਗੁਰਗਿਆਨ ਨਿਧਾਨ ਬਿਚਾਰੀਏ ਜੀ
ਸੁਖ ਪਾਵਹਿ ਸੋਈ ਗਾਵਹਿ ਸਦਾ, ਰਸਨਾ ਰਸ ਰਾਮੁ ਸੰਭਾਰੀਏ ਜੀ । ੪ ।

ਮਾਇਆ ਮੋਹ ਜੰਜੀਰ ਜ਼ਹੀਰ ਕਰੈ, ਗੁਰਗਿਆਨ ਸੇ ਕੱਟਿ ਉਤਾਰੀਏ ਜੀ
ਜਹ ਦੁਰਲੱਭ ਰੂਪ ਸਰੀਰ ਧਰਿਓ, ਮਿਲਿ ਸਾਧੂ ਕੈ ਸੰਗਿ ਉਧਾਰੀਐ ਜੀ
ਸੁਨਿ ਸਾਧੂਜਨਾ ਸਮਝਾਇਓ ਘਨਾ, ਕਹੁ ਕੇਤੀ ਕੁ ਬਾਰ ਪੁਕਾਰੀਐ ਜੀ
ਕਰਿ ਪ੍ਰੇਮ ਸੋ ਨੇਮ ਸਦਾ ਮਨ ਮੈਂ, ਰਸਨਾ ਰਸ ਰਾਮ ਸੰਭਾਰੀਐ ਜੀ । ੫ ।

ਅਪਨੈ ਮਨ ਮਹਿ ਜਗ ਆਵਤੁ ਹੈ, ਸਭ ਹੂੰ ਤੇ ਭਲੀ ਮਨ ਧਾਰੀਏ ਜੀ
ਬਕੀਏ ਮੁਖ ਜੋਰਿ ਨ ਕਾਹੂੰ ਕੇ ਸੰਗਿ, ਨਿਰੰਜਨ ਸਾਥ ਸੰਭਾਰੀਏ ਜੀ
ਰਹੀਐ ਨਿਰਬਾਨ ਸਦਾ ਜਗ ਮੈਂ, ਦੁਤੀਆ ਦੂਰ ਬੁਧਿ ਬਿਸਾਰੀਏ ਜੀ
ਸੁਨ ਸਾਧੂਜਨਾ ਗੁਰ ਸਾਚ ਭਨਾ,
ਹੀਰਾ ਆਇਓ ਹੈ ਹਾਥ ਨ ਹਾਰੀਏ ਜੀ । ੬ ।

੭ ਬਾਵਨ ਅੱਖਰੀ

ਕਕੈ ਕਰਮ ਧਰਮ ਸੁ ਕੀਏ, ਕਾਟ ਕਠਨ ਬੰਧਨ ਜਗ ਜੀਜੈ
ਕਿਛੁ ਨਾਹੀਂ ਅੰਤ ਸੰਗ ਲੈ ਜਾਹੀਂ, ਕੀ ਸ੍ਰੀ ਨਰਹਰ ਸਿਮ੍ਰਤਿ ਨਾਹੀਂ
ਕੁਦਮ ਕਰੈ ਕੁਲਵੰਤ ਕਹਾਵਹਿ, ਕੂਕਰ ਸੂਕਰ ਕੀ ਗਤਿ ਪਾਵਹਿ
ਕੇਤਕ ਬਾਰ ਜਨਮ ਭੂਮਿ ਆਇਓ, ਕੈਸੇ ਛੂਟਹਿ ਸਾਚ ਨ ਪਾਇਓ
ਕੋਟ ਕਪਟ ਕਰ ਧਨ ਉਪਜਾਯੋ ਕਕੌਡੀ ਬਦਲੇ ਲਾਲ ਗਵਾਯੋ
ਕੰਟਕ ਕਾਮ ਕ੍ਰੋਧ ਨ ਨਿਵਾਰਹਿ, ਕਹਿਤ ਕਹਿਤ ਸਾਧੂਜਨ ਹਾਰਹਿ ।੧।

ਖਖਾ ਖਟ ਲੈ ਨਾਮ ਨਿਧਾਨਾ, ਖਾਇ ਖਰਚ ਅਖੁਟ ਖਜ਼ਾਨਾ
ਖਿਮਾ ਗਰੀਬੀ ਮਹਿ ਜੋ ਰਹਿਤੇ,ਖੀਚ ਲੇਹੁ ਮਨ ਮਾਇਆ ਮਹਿ ਤੇ
ਖੁਧਿਆ ਤ੍ਰਿਸ਼ਨਾ ਬਿਆਪਤਿ ਨਾਹੀਂ, ਖੂਲ ਕਪਾਟ ਭਰਮ ਕੇ ਜਾਹੀਂ
ਖੇਮ ਕੁਸ਼ਲ ਤਹਿ ਨਾਹੀਂ ਧੋਖਾ, ਖੈ ਕੀਨੇ ਦੋਹੀ ਕੇ ਦੋਖਾ
ਖੰਡ ਖੰਡ ਦੋਖ ਕੀਨੇ ਸਭ ਤਨ ਤੇ,
ਖੈਰ ਮਿਟੀ ਸਾਧੂਜਨ ਮਨ ਤੇ ।੨।

ਗਗੈ ਗਰਬ ਨ ਕਰੀਅਹੁ ਮੀਤਾ, ਗਾਵਤ ਬੇਦ ਪੁਰਾਨ ਪੁਨੀਤਾ
ਗਿਆਨ ਕੇ ਮਾਰਗ ਜੋ ਨਰ ਧਿਆਵੈ
ਗੀਤ ਰਹੇ ਮਨ ਹਰਿ ਜਸ ਗਾਵੈ

ਗੁਨ ਗੰਭੀਰ ਗਨੇ ਨਹੀਂ ਜਾਹੀਂ, ਗੂੰਗੇ ਰਸ ਪਾਇਓ ਮਨ ਮਾਹੀਂ
ਗੇਰੀ ਰੰਗ ਰੰਗ ਬਸਤ੍ਰ ਹੰਢਾਵਹਿ, ਗਈ ਜਾਤਿ ਪਾਤਿ ਅਖਿਤ ਕਹਾਵਹਿ
ਗੋਬਿੰਦ ਕੀ ਗਤ ਕਾਰਨ ਭ੍ਰਮਤੇ, ਗੌਨ ਕਰਹਿ ਦਹਿਦਿਸ਼ ਕਤ੍ਰੇ ਰਮਤੇ
ਗੰਗਾ ਗਇਆ ਗੁਦਾਵਰਿ ਜਾਹੀਂ, ਗਹਿ ਸੇਵਾ ਗੁਰ ਕੀ ਸੁਖ ਪਾਹੀਂ ।੩।

ਘਘੰ ਘਟ ਮਹਿ ਸਾਚ ਕਮਾਵਹੁ, ਘਾਮ ਮਿਟੈ ਸੀਤਲ ਸੁਖ ਪਾਵਹੁ
ਘਿਰਹਿ ਪਾਪ ਸਗਲ ਤੇਰੇ ਮਨ ਤੇ, ਘੀ ਦਧਿ ਜਿਉਂ ਅਤਿ ਨਿਰਮਲ ਥਨ ਤੇ
ਘੂੰਮ ਘੂੰਮ ਤਿਹ ਸਾਹਿਬ ਪਰ ਜਾਈਏ, ਘੂੰਘਟਿ ਖੋਲ ਪ੍ਰਗਟ ਜਸ ਗਾਈਐ
ਘੋਲਾ ਘਾਲ ਰਹੀ ਜਗ ਮਾਇਆ, ਘੋਨੀ ਦਿਸੈ ਘਨਹਰ ਕੀ ਛਾਇਆ
ਘੋਖੇ ਸ਼ਾਸਤ੍ਰ ਸਿੰਮ੍ਰਿਤਿ ਬੇਦਾ, ਘੋਰਮ ਭਏ ਨ ਪਾਵਹਿ ਭੇਦਾ
ਘੁੰਘਲ ਮਾਂਹਿ ਸਗਲ ਜਗ ਪਰਿਆ,
ਘਹਿ ਘਹਿ ਪਾਪ ਸਾਧੂ ਪਰਹਰਿਆ ।੪।

ਚਚਾ ਚਰਨ ਕਮਲ ਸੰਗ ਰਚ ਰਹੁ,
ਚਾਲ ਮੰਤ੍ਰਨ ਕੀ ਮਨ ਦ੍ਰਿੜ ਕਰ ਗਹੁ
ਚਿਤਵਤਿ ਚਿਤਵਤਿ ਅਉਧ ਬਿਹਾਨੀ, ਚੀਕੜ ਡੂਬ ਰਹਿਓ ਅਭਿਮਾਨੀ
ਚੁਪ ਕਰ ਰਹੁ ਬਿਨੁ ਹਰਿ ਕੇ ਸਿਮਰਨ, ਚੂਕ ਨਾਹੀਂ ਯਾ ਅਤ੍ਰੇਸਰ ਤੇ ਮਨ
ਚੇਤਾ ਕਰਿ ਕਰਿ ਕੀਜੈ ਕਾਮਾ, ਚੈਨ ਸਦਾ ਭਜ ਹਰਿ ਕੋ ਨਾਮਾ
ਚੋਜ ਚਲਿਤ੍ਰ ਦੇਖ ਪ੍ਰਭੁ ਕੇਰੇ, ਉਂ ਕਰ ਟਿਕ ਕਬਹੂੰ ਮਨ ਮੇਰੇ
ਚੰਚਲ ਮਤਿ ਸਤਿਗੁਰ ਮਿਲਿ ਬਸ ਕਰ
ਚਹਿਤ ਨ ਪਾਪ ਸਿਮ੍ਰਤ ਮਨ ਹਰਿ ਹਰਿ ।੫।

ਛਛਾ ਛਲ ਮਾਇਆ ਜਗ ਮੋਹੇ, ਛਾਡਿ ਚਲਹਿਗੇ ਜਬ ਜਮ ਜੋਹੇ
ਛਿਨ ਛਿਨ ਕਰ ਸਤਿਗੁਰ ਕੀ ਸੇਵਾ, ਛੀਜੈ ਕੂੜ ਕਪਟ ਅਹੰਮੇਵਾ
ਛੁਟਕਣ ਹਰਿ ਸਿਮਰਨ ਬਿਨੁ ਨਾਹੀ, ਛੂਛੀ ਮਰਿ ਜੋ ਆਪ ਗਨਾਹੀ

ਛੋਰੀ ਜੀਉ ਜਿਂਘ ਹੈ ਕਾਲ, ਛੈ ਕਰੇ ਛਿਨ ਮੈ ਬਿਰੁਹਾਲ
ਛੋਡਹੁ ਲਾਲਚ ਲੋਭ ਬਿਕਾਰਾ, ਛੈਨੀ ਬਿਧਿ ਸਭ ਚਲਣਹਾਰਾ
ਛੰਦ ਪੁਰਾਣ ਪੁਕਾਰਤ ਰਹੇ, ਛਹਿ ਰਹਿਓ ਕਾਲ ਗ੍ਰਸਨ ਕਉ ਚਹੇ। ੬।

ਜਜਾ ਜਪਲੈ ਨਾਮ ਨਿਧਾਨਾ, ਜਾਹਿ ਭਰਮ ਪਾਈਐ ਸਚੁ ਦਾਨਾ
ਜਿਨਿ ਜਿਨਿ ਪ੍ਰਭ ਕੋ ਸਿਮਰਨ ਕੀਆ,
ਜੀਤ ਜਨਮ ਜਗ ਜਸ ਤਿਨ ਲੀਆ
ਜੁਗਤਿ ਮੁਕਤਿ ਕੀ ਜਾਨੈ ਜੋਊ, ਜੋਨਿ ਭਰਮ ਪੁਨਰਪ ਨਹਿ ਹੋਊ
ਜੋ ਕੋਈ ਪ੍ਰਭ ਕੀ ਸਰਨੀਂ ਪੜਤਾ, ਜੈ ਜੈ ਕਾਰ ਸਭੇ ਜਗ ਕਰਤਾ
ਜੋਰ ਜੁਲਮ ਤਾਂਕਉ ਕਿਛ ਨਾਹੀਂ, ਜੋਕ ਸਹਿਜ ਅਨੰਦ ਸਦਾਹੀਂ
ਜੰਜਾਲੀ ਸਭ ਜਗਤ ਵਿਗੀਨੈ, ਜਹਿਰ ਮਿਟੀ ਜਪਤੇ ਜਗਦੀਸ਼ੇ। ੭।

ਝਝਾ ਝਗੜਾ ਘਰ ਮਹਿ ਭਾਰੀ, ਝਾਗੇ ਦ੍ਰਿਗ ਪਰਧਨ ਪਰ ਨਾਰੀ
ਝਿਲਮਿਲ ਕ੍ਰੋਧ ਕਰੈ ਪਾਵਕ ਜਿਉਂ,
ਝੀਨ ਭਇਓ ਮਨ ਕਾਮ ਲਹਿਰ ਸਿਉਂ
ਝੁਕ ਝੁਕ ਕਪਟ ਕਰੈ ਦਿਨੁ ਰੈਨਾ, ਝੂਠੀ ਰਸਨਾ ਬੋਲੈ ਬੈਨਾ
ਝੇਰਾ ਕਿਹ ਬਿਧਿ ਤੇ ਇਹ ਜਾਵੈ, ਝੇਝਿ ਰਹਿਓ ਮਨ ਇਤ ਉਤਿ ਧਾਵੈ
ਝੋਲ ਝੋਲ ਰਸ ਅੰਮ੍ਰਿਤ ਪੀਜੈ, ਝੋਕਰ ਝਗੜਾ ਸੰਗ ਰਹੀਜੈ
ਝੰਮ ਝੰਮ ਬਾਣੀ ਅੰਮ੍ਰਿਤ ਬਰਸੈ,
ਝਹਿਰ ਮਿਟੀ ਸਤਿਗੁਰ ਕੇ ਪਰਸੈ। ੮।

ਟਟਾ ਟਰਤ ਨਹੀਂ ਸਿਮ੍ਰਤ ਮਨ ਹਰਿ ਹਰਿ
ਟਾਕਿ ਰਹਿਓ ਬਹੁ ਲੋਕ ਜਤਨ ਕਰ
ਟਿਕ ਰਹਿਓ ਅੰਤਰਿ ਕੋ ਧਿਆਨਾ, ਟੀਕਾ ਸਹਿਤ ਭਗਤ ਮਨ ਮਾਨਾ
ਟੁਬਕੀ ਤਿਹ ਸਾਗਰ ਮਹਿ ਖਾਈ, ਟੂਟੀ ਪ੍ਰੀਤਿ ਮਾਇਆ ਕੀ ਭਾਈ

ਟੇਢੇ ਜਾਤ ਲੀਏ ਕਤ ਫੇਰੀ, ਟੇਵ ਪਰੀ ਹਰਿ ਸਿਮਰਨ ਕੇਰੀ
ਟੋਲਿ ਗੁਬਿੰਦ ਜਿਨ ਘਟ ਮਹਿ ਦੇਖਿਆ
ਟਉਰ ਕਰਮ ਪੂਰਨ ਭਈ ਰੇਖਿਆ
ਟਿਕ ਨਾ ਹੋਵਤ ਦੇਹ ਦੁਖਾਲੀ, ਟਹਿਕਿਓ ਰਹਿਤ ਸਦਾ ਬਨਵਾਲੀ । ੯ ।

ਠਠਾ ਠਗ ਬਾਜੀ ਸੰਸਾਰਾ, ਠਾਕੁਰ ਸਾਚਾ ਸਿਰਜਨਹਾਰਾ
ਠਿਠਕਨ ਤਾਂਕਉ ਦਰਗਹ ਨਾਹੀਂ, ਠੀਕ ਗਹੀ ਹਰਿ ਜਸ ਮਨ ਮਾਹੀਂ
ਠੁਮਨਾ ਹਰਿ ਕਾ ਨਾਮੁ ਬਖਾਨਾ, ਠੂਲਾ ਸੂਖਮ ਸਸ ਸਿੰਘ ਜਾਨਾ
ਠੇਕੇ ਪਾਉ ਅਧਰਮ ਕੇ ਰਾਹਿ, ਠੌਈ ਨਾਮ ਜਾਂ ਮੁਕਤਿ ਸਮਾਹਿ
ਠੋਕ ਵਜਾਇ ਸਭੇ ਜਗ ਦੇਖਿਅ, ਠੌਰ ਕਰਮ ਪੂਰਨ ਭਈ ਰੇਖਿਆ
ਠੰਮ ਠੰਮ ਮਾਇਆ ਘਾਲੇ ਜਾਲੀ,
ਠਹਿਕ ਨਹੀਂ ਤਾਂ ਸੋ ਬਨਵਾਲੀ । ੧੦ ।

ਡਡਾ ਡਗਮਗ ਛਾਡਹੁ ਭਾਈ, ਡਾਰਿ ਦੇਹੁ ਮਨ ਹਰਿ ਸਰਣਾਈ
ਡਿਗ ਨਹੀਂ ਕੂਪ ਕੁਟੰਬ ਕੇ ਮਾਹੀਂ, ਡੀਲ ਗਿਰੇ ਕੋਈ ਬੇਲੀ ਨਾਹੀਂ
ਡੂਬ ਡੂਬ ਕਈ ਬਾਰ ਤੂ ਆਇਆ, ਡੂਬ ਨਹੀਂ ਸਤਿਗੁਰ ਸਮਝਾਇਆ
ਡੇਹਾ ਗਹੁ ਸੰਤਨ ਕੀ ਸੇਵਾ, ਡੈਰ ਨਾ ਕਰੋ ਤਜੋ ਅਹੰ ਮੇਵਾ
ਡੋਵ ਨਹੀ ਇਤ ਉਤ ਕਛੂ ਮੀਤਾ, ਡਉਰ ਭਉਰ ਕਿਆ ਕੀਨੋ ਚੀਤਾ
ਡੰਸਤ ਮਾਇਆ ਨਾਗਨਿ ਕਾਲੀ, ਡਹਿਕ ਨਹੀ ਤਾਂ ਸੋ ਬਨਵਾਲੀ । ੧੧ ।

ਢਢਾ ਢਬ ਨੀਕੇ ਹਰਿ ਜਪੀਐ, ਢਾਹਿ ਦੂਸਰਾ ਏਕੋ ਥਪੀਐ
ਢਿਗ ਸਾਚੇ ਸਤਿਗੁਰ ਕੀ ਗਹੀਏ, ਢੀਲ ਛਾਡਿ ਹਰਿ ਜੋ ਜਸੁ ਕਹੀਏ
ਢਲ ਪਾਸਾ ਜਿਤਿ ਗੈਲ ਨ ਹਾਰਹਿ, ਢੂੰਢਹੁ ਘਟ ਜਿਤਿ ਆਪ ਸਮਾਰਹਿ
ਢੇਰੀ ਦੂਰ ਕਰਹੁ ਮਮਤਾ ਕੀ, ਢੈਲ ਧਾਮ ਝੂਠੀ ਮਾਇਆ ਕੀ

ਢੋਈ ਦਰਗਹੁ ਪਾਵੈ ਸੋਈ, ਢੇਹੁ ਨੀਕਾਂ ਫਿਰ ਮਰਣ ਨਾ ਹੋਈ
ਢੰਗ ਭਲਾ ਨਿਰਮਲੁ ਕਰ ਕਰਣੀ,
ਢਹਿ ਪਉ ਸਾਧੂਜਨ ਗੁਰ ਸਰਣੀ ।੧੨।

ਤਤਾ ਤਰੁਵਰ ਇਹ ਤਨੁ ਤੇਰਾ, ਤਾਂ ਮਹਿ ਪੰਛੀ ਪਉਨ ਬਸੇਰਾ
ਤਿਲਭਰ ਤਾਂਕਾ ਕਰ ਨ ਬਿਸਵਾਸਾ, ਤੀਨ ਤਿਆਗਿ ਚਉਥੇ ਕਰ ਵਾਸਾ
ਤੂੰਛ ਆਪੇ ਆਪੇ ਅਸਥੂਲਾ, ਤੂਟਾ ਬੰਧਨ ਸਹਿਜੇ ਖੂਲਾ
ਤੇਰਾ ਮੇਰਾ ਹਉ ਬਿਸਾਰੇ, ਤੈਸਾ ਹਰਖ ਸੋਗ ਤੈਸਾ ਰੇ
ਤੋਟਾ ਲਾਹਾ ਸਮ ਕਰ ਜਾਨਿਆ, ਤਉ ਸਾਹਿਬ ਸੇਤੀ ਮਨੁ ਮਾਨਿਆ
ਬੰਧ ਮੁਕਤਿ ਤੇ ਚਾਲ ਨਿਰਾਲੀ,
ਤਹਿ ਠਾਹਰਿ ਪਾਈ ਬਨਵਾਲੀ ।੧੩।

ਥਥਾ ਥਣਿ ਥਾਟਿਓ ਜਿਨਿ ਭਾਈ, ਥਾਨ ਥਨੰਤਰ ਰਹਿਓ ਸਮਾਈ
ਥਿਰ ਸਾਚੋ ਸਾਹਿਬ ਕਾ ਖੇਲ, ਥੀਉ ਭਗਤਿ ਮਨ ਹਰਿ ਸਿਉ ਮੇਲਿ
ਥੁਥਲੀ ਲੈ ਨ ਚਲਿਓ ਗਨਿ ਕੋਊ, ਥੂਨਿ ਗਿਰੀ ਦੂਹਿਤੇ ਕੀ ਦੋਊ
ਥੇਕ ਪੰਚੁ ਤਤੁ ਕੀ ਤਿਆਗੀ, ਥੈਲੀ ਛੋਡਿ ਭਇਓ ਬੈਰਾਗੀ
ਥੋੜੀ ਅਉਧਿ ਬਹੁਤਿ ਬਿਸਥਾਰਾ, ਥਉਨ ਸੰਚਿ ਗਰਬਿਓ ਗਵਾਰਾ
ਥੰਮਨ ਕਉ ਸਾਧੂਜਨ ਕਉਨਾ, ਥਹੁ ਛਾਡੇ ਜਬ ਦੇਹੀ ਪਉਨਾ ।੧੪।

ਦਦੈ ਦਰਸਨ ਦੇਹਿ ਦਇਆਲਾ, ਦਾਲਿਦੁ ਭੰਜਨ ਭਗਤ ਕ੍ਰਿਪਾਲਾ
ਦਿਨੁ ਦਿਨ ਅਉਧ ਘਟੈ ਤਨੁ ਛੀਜੈ, ਦੀਪਕੁ ਜਲੈ ਤੇਲੁ ਕਿਆ ਕੀਜੈ
ਦੁਤੀਆ ਦੁਰਮਤਿ ਦੁਖ ਸੁਖ ਬਿਆਪੈ, ਦੂਸਰ ਕੋਊ ਨਾ ਬੰਧਨ ਕਾਪੈ
ਦੇਖਤਿ ਹੀ ਸਭ ਜਗੁ ਚਲੁ ਜਾਤਾ
ਦਇਆ ਧਰਮ ਵਿਰਲਾ ਕੋਈ ਰਾਤਾ

ਢੋਲ ਕਵਨ ਕਉ ਢੀਠੈ ਪਿਆਰੇ, ਢੋਰਿ ਢੋਰਿ ਅੰਤੁ ਸਭ ਹਾਰੇ
ਢੰਢ ਕਥਾ ਪਰਹਰਿ ਰੇ ਪ੍ਰਾਣੀ
ਢਹਿਤ ਪਾਪ ਸਤਿਗੁਰ ਕੀ ਬਾਣੀ ।੧੫।

ਧਧੈ ਧਰਮੁ ਪੰਥ ਚਲਿ ਪ੍ਰਾਣੀ, ਧਾਰਿ ਰਿਦੇ ਸਤਿਗੁਰ ਕੀ ਬਾਨੀ
ਧ੍ਰਿਗ ਜੀਵਨੁ ਤਿਨ ਕਾ ਜਗੁ ਮਾਹੀਂ, ਧੀਰਜ ਜਿਨ ਕੇ ਅੰਤਰਿ ਨਾਹੀ
ਧੁਖ ਧੁਖ ਉਠਹਿ ਗਰਬ ਕੇ ਮਾਰੇ, ਧੂਰਿ ਹੋਹਿੰਗੇ ਅੰਤ ਬਿਚਾਰੇ
ਧੇਨੁ ਅਚਹਿ ਅੰਮ੍ਰਿਤ ਕਉ ਤਿਆਗਹਿ, ਧੈਨਿਕਾ ਤਜਿ ਲਾਲਚਿ ਲਾਗਹਿ
ਧੋਖਾ ਕਬਹਿੰ ਨਾ ਉਤਰੇ ਮਨ ਤੇ, ਧੌਰੇ ਕੇਸ ਉਲਟ ਭਏ ਤਨਿ ਤੇ
ਧੰਧਾ ਕਰਤੇ ਅਉਧ ਬਿਹਾਨੀ, ਧਹਿਕ ਧਹਿਕ ਪਚਿ ਮੂਏ ਅਗਿਆਨੀ ।੧੬।

ਨਨਾ ਨਰਕਿ ਪਰਹਿੰਗੇ ਨਾਹੀ; ਨਾਮ ਨਿਧਾਨ ਬਸੈ ਮਨੁ ਮਾਹੀ
ਨਿਮਖ ਨ ਹਰਿ ਜੀ ਤੇ ਤੌਹਿ ਨਿਆਰੇ,
ਨੀਰ ਮਕਰ ਜਿਉਂ ਪ੍ਰਭ ਕੇ ਪਿਆਰੇ ।
ਨੁਜਕਰ ਭਗਤਿ ਕਰਹਿ ਗੁਨ ਗਾਵਹਿ, ਨੂਪਰ ਬਾਧ ਨਿਰਤਿ ਦਿਖਲਾਵਹਿ
ਨੇਮ ਧਰਮ ਧੀਰਜ ਪ੍ਰਤਿਪਾਲਹਿ, ਨੈਕ ਨ ਹਰਿ ਬਿਨੁ ਆਨ ਨਿਹਾਲਹਿ
ਨੋਕਰ ਭਏ ਨਿਰੰਜਨ ਜੀ ਕੇ, ਨੌਬਤਿ ਅਪਨੀ ਮਾਹਿ ਅਤਿ ਨੀਕੇ
ਨੰਦ ਨੰਦਨੁ ਜੀਵੇ ਅਨੁਰਾਗੀ, ਨਹਿ ਮਰਨੀ ਥਪੁਰੇ ਬਡਭਾਗੀ ।੧੭।

ਪਪਾ ਪਰ ਸਤਿਗੁਰ ਕੀ ਸਰਨੀ, ਪਾਖੰਡ ਛਾਡਿ ਕਰਹੁ ਸਚਿ ਕਰਨੀ
ਪਿਤਾ ਜਗਤ ਕੋ ਸਿਮਰਹੁ ਪ੍ਰਾਨੀ, ਪੀਤਲ ਤੇ ਹੋਇ ਬਾਰਹਿ ਬਾਨੀ
ਪੁਨਰਪਿ ਕਿਧੁ ਅਉਸਰ ਨਹੀ ਆਵੈ, ਪੂਛਿ ਦੇਖ ਸਤਿਗੁਰ ਸਮਝਾਵੈ
ਪੇਟ ਭਰਨ ਕਉ ਉਦਮ ਕਰਹੀ, ਪੈਸੇ ਜੋਰਿ ਜੋਰਿ ਘਰ ਭਰ ਹੀ
ਪੋਖਨਹਾਰਿ ਸਦਾ ਮਨਿ ਮਾਹੀ, ਪੌਢ ਰਹੇ ਤਉ ਚਿੰਤਾ ਨਾਹੀ
ਪੰਚ ਚੋਰ ਦੇਹੀ ਕਉ ਲੂਟਹਿ, ਪਹਿਰਾ ਦੇ ਸਾਧੂਜਨ ਛੂਟਹਿ ।੧੮।

ਫਫਾ ਫਲੁ ਪਾਵਨਿ ਜੌ ਚਾਹਹਿ, ਫਾਰਿ ਅੰਤਰਾ ਦੁਰਮਤਿ ਫਾਹਹਿ
ਫਿਰਿ ਫਿਰਿ ਕਈ ਬਾਰਿ ਤੂੰ ਆਇਆ,
ਫੀਕੇ ਰਸੁ ਲਗਿ ਜਨਮੁ ਗਵਾਇਆ
ਫੁਨਿ ਫੁਨਿ ਜਨਮੁ ਨਹੀ ਇਹਿ ਦੂਆ, ਫੂਟਿ ਨੈਨਿ ਅੰਧੁਰਾ ਕਿਆ ਹੂਆ
ਫੇਰਿ ਫਾਰਿ ਹਰ ਸੁਰਤਿ ਸਮਾਰਹੁ, ਫੈਲਿ ਫੂਲ ਕਿਆ ਦੇਹਿ ਸੀਗਾਰਹੁ
ਫੋਕਹਿ ਰੂਪ ਸਗਲ ਸੰਸਾਰਾ, ਫੌਜ ਬਾਂਧ ਗ੍ਰਿਹਿ ਲੂਟਨਿਹਾਰਾ
ਫੰਧ ਪਰੇ ਤਾਂਕੇ ਅਤਿ ਭਾਰੀ, ਫਹਿਮ ਕਰਹੁ ਕਾਟਹੁ ਬਨਵਾਰੀ । ੧੯ ।

ਬਾਬਾ ਬਹਿਓ ਜਾਤਿ ਕਤਿ ਪ੍ਰਾਨੀ, ਬਾਰਿ ਬਾਰਿ ਉਚਰਹੂ ਗੁਰਬਾਨੀ
ਬਿਨੁ ਹਰਿਭਜਨੁ ਕਉਨ ਛੁਟਿਕਾਵੈ, ਬੀਤ ਸਮਾ ਫਿਰਿ ਹਾਥ ਨ ਆਵੈ
ਬੁਰੇ ਭਲੇ ਕਾ ਅੰਤੁ ਨਿਬੇਰਾ, ਬੂਡ ਗਇਆ ਕਪਟੀ ਕਾ ਬੇਰਾ
ਬੇਰ ਬੇਰ ਜਨਮਿਆ ਅਰ ਮੂਆ, ਬੈਲਿ ਬਿਰਾਨਾ ਹਰਿ ਬਿਨੁ ਹੂਆ
ਬੋਵੈ ਬਿਖ ਅੰਮ੍ਰਿਤ ਕਉ ਲੋਰੈ, ਬਉਰੇ ਕਉ ਮਾਇਆ ਝਕਝੋਰੈ
ਬੰਧਨ ਤੇ ਕਬਹੂੰ ਨਹੀਂ ਛੂਟੈ, ਬਹਿਰੇ ਕਾ ਘਰ ਤਸਕਰ ਲੂਟੈ । ੨੦ ।

ਭਭਾ ਭਰਮ ਮਿਟਾਵਹੁ ਮਨ ਤੇ, ਭਾਲ ਲੇਹੁ ਹਰਿ ਅਪਨੇ ਤਨ ਤੇ
ਭਿਣਕ ਸ੍ਰਵਣ ਹਰਿਨਾਮ ਸੁਣੀਜੈ, ਭੀਜ ਰਹੇ ਅੰਮ੍ਰਿਤ ਰਸ ਪੀਜੈ
ਭੂਖ ਲਾਗੀ ਹਰਿ ਸਿਮਰਨ ਕੇਰੀ, ਭੂਲਤਿ ਨਾਹਨ ਕਬਹੂੰ ਫੇਰੀ
ਭੇਖ ਕਪਟ ਕਾ ਮਨ ਤੇ ਤਿਆਗੈ, ਭੌ ਚੂਕੇ ਹਰਿ ਸਿਮਰਨ ਲਾਗੈ
ਭੋਲੇ ਠਾਕੁਰ ਮਨ ਮੈਂ ਧਾਰੇ, ਭੈ ਕਰ ਰਹੇ ਤਾਹੂ ਕੇ ਤਾਰੇ
ਭਾਂਤਿ ਭਲੀ ਹਰਿ ਸਿਮਰਨ ਕੀਜੈ, ਭੈ ਕਰ ਸਾਧੂ ਸੰਗ ਰਹੀਜੈ । ੨੧ ।

ਮਮਾ ਮਰਮ ਜਾਨ ਜਨ ਜਾਗੈ, ਮਾਰਗ ਚਲੇ ਕੁਮਾਰਗ ਤਿਆਗੈ
ਮਿਲ ਮਿਲ ਖਿਛੜਹਿ ਸੰਗਤਿ ਸਾਧੂ, ਮੀਤ ਤਿਹਾਰੇ ਮਿਟਹਿ ਉਪਾਧੂ
ਮੁਖ ਤੇ ਕਬਹੂੰ ਕੂੜ ਨ ਭਾਖਹਿ, ਮੂਰਤਿ ਸਤਿਗੁਰ ਕੀ ਰਿਦ ਰਾਖਹਿ

ਮੇਰੂ ਸਭਨ ਕੇ ਊਪਰ ਸੋਈ, ਮੈਲੀ ਮਨਸਾ ਮਨ ਤੇ ਖੋਈ
ਮੋਟੇ ਠਾਕੁਰ ਸਿਉਂ ਲਿਵ ਲਾਗੀ, ਅਉਸਰ ਜੀਤ ਚਲਿਓ ਵਡਭਾਗੀ
ਮੰਦਰ ਮਾਹਿ ਬਜੈ ਇਕ ਮਣੀਆਂ, ਮਹਿਲ ਪਹੂਚਿਆ ਬਪੁਰਾ ਬਨੀਆ । ੨੨ ।

ਰਚਿ ਰਚਿ ਰਹੁ ਸਤਿਗੁਰ ਸੇਤੀ, ਰਾਖਹੁ ਸੰਚ ਧਰਮ ਕੀ ਖੇਤੀ
ਰਹਿ ਰਹੁ ਮਾਇਆ ਤੇ ਮਨ ਬਉਰੇ, ਰੀਤ ਸੰਤ ਕੀ ਇਤਕਰ ਗਹੁਰੇ
ਰੁਚਿ ਉਪਜਾਇ ਰਾਮ ਗੁਨ ਗਾਵਹੁ, ਰੂਪ ਸਬਦ ਸਤਿਗੁਰ ਤੇ ਪਾਵਹੁ
ਰੇ ਮਨ ਕਈ ਬਾਰ ਸਮਝਾਇਓ, ਰੈਨ ਦਿਵਸ ਕਤ ਬਾਦ ਗਵਾਇਓ
ਰੋਗ ਸੋਗ ਕਬਹੂੰ ਨਹੀਂ ਬਿਆਪੇ, ਰੌਦ੍ਰ ਕਲਾ ਸਤਿਗੁਰ ਮਿਲ ਨਾਸਹਿ
ਰੰਗਹੁ ਰਾਮ ਨਾਮ ਮਨਿ ਆਪੁਨ, ਰਹਿਤੁ ਪਵਿਤ੍ਰ ਕਹਿਤ ਸਾਧੁਜਨ । ੨੩ ।

ਲਲਾ ਲਗਨ ਲਾਲ ਸਿਉਂ ਲਗੀ ਹਮਾਰੀ, ਲਾਭ ਲੀਆ ਬਪੁਰੇ ਬੇਪਾਰੀ
ਲਿਖ ਲਿਖ ਹਰਿਜਸ ਜਗਤ ਪਸਾਰੇ, ਲੀਲਾ ਪ੍ਰਭੂ ਕੀ ਨੈਨ ਨਿਹਾਰੇ
ਲੁਟਕ ਪਰਿਆ ਸਤਿਗੁਰ ਕੀ ਸਰਨੀ, ਲੂਟ ਸੁਧਾਰਸ ਬਿਖ ਪਰਹਰਨੀ
ਲੇਖਾ ਫਾਰ ਅਲੇਖ ਪਹਿਚਾਨਿਆ, ਲੈ ਲਾਗੀ ਹਰਿ ਸਿਉਂ ਮਨ ਮਾਨਿਆਂ
ਲੋਕ ਪਰਲੋਕ ਸਵਾਰੇ ਦੋਊ, ਲੌ ਲਮਤਾ ਲਾਗੈ ਨਹੀਂ ਕੋਊ
ਲੰਝਾ ਲੂਟਨ ਸਿਉਂ ਲਿਵ ਲਾਗੀ,
ਲਹਿਰ ਲੋਭ ਕੀ ਮਨ ਤੇ ਤਿਆਗੀ । ੨੪ ।

ਵਵਾ ਵਰਨ ਚਿਹਨ ਤੇ ਨਿਆਰਾ, ਵਾਹੁ ਵਾਹੁ ਤੂੰ ਸਿਰਜਨਹਾਰਾ
ਵਿਖੜੀ ਘਾਟੀ ਤਰੀ ਨ ਜਾਈ, ਵੀਹੀ ਸੀ ਗੁਰਦੇਵ ਬਤਾਈ
ਵੁੜੇ ਨੀਰ ਨੀਚੀ ਠਾਹਰਿ ਕਤੇ, ਵੂਠਾ ਜਲੁ ਜਾਤਾ ਬਾਹਰ ਕਉ
ਵੇੜਿ ਲੀਆ ਪਾਂਚੇ ਸੰਸਾਰੀ, ਵੈਰ ਵਿਰੋਧ ਕਰੇ ਅਹੰਕਾਰੀ
ਵੋਵੇ ਕਰਕੇ ਕੂਕ ਸੁਨਾਇਆ, ਵੌਉਰਾ ਮੋਹਿਆ ਮਮਤਾ ਮਾਇਆ

ਫੰਭ ਲੀਆ ਲੱਗਨ ਸਿਤੇਂ ਲਾਗਾ,
ਵਹਿਣ ਪਇਆ ਪਰਿ ਮੁਇਆ ਅਭਾਗਾ । ੨੫ ।

ਸਸਾ ਸਰਨ ਪਰੇ ਅਬ ਹਾਰੇ, ਸਿੰਮ੍ਰਿਤਿ ਸ਼ਾਸਤ੍ਰ ਬੇਦ ਬੀਚਾਰੇ
ਸ਼ਿਮਰ ਸ਼ਿਮਰ ਹਰਿ ਕੇ ਗੁਨ ਗਾਵੈ, ਸੀਸ ਚਰਨ ਪਰ ਧਰਿ ਸੁਖ ਪਾਵੈ
ਸੁਖ ਸਮੂਹ ਸਿਤੂੰ ਸਹਿਜ ਸਮਾਨੇ; ਸੂਖਮ ਰੂਪ ਸਦਾ ਬਿਗਸਾਨੇ
ਸੋ ਸਾਧੂ ਵਿਰਲੇ ਜਗ ਮਾਹੀਂ ਸੈਨਾ ਸਾਥ ਨਾਥ ਪੈ ਜਾਂਹੀ
ਸੋਚ ਅਸੋਚ ਮਨਸਾ ਤੇ ਖੋਈ । ਸੌਂਕਣ ਜੀਤ ਸੁਹਾਗਨਿ ਹੋਈ
ਸੰਤ ਮਿਲੈ ਉਤਰੀ ਸਭ ਸ਼ੰਕਾ
ਸਹਿਜ ਭਇਓ ਸਾਧੂਜਨ ਨਿਹਕਲੰਕਾ । ੨੬ ।

੯ ਉਦਾਸਿ ਗੋਪੀਚੰਦ (ਰਾਮਕਲੀ)

ਬੋਲਣਾ ਬਾਬੇ ਸਾਧੂਜਨ ਕਾ

ਗੋਪੀ ਚੰਦ ਕਰਾਏ ਮਰਦਨ, ਰੋਵਣ ਲਾਗੀ ਮਾਈ
ਐਸੀ ਕਾਇਆ ਬਿਨਸ ਚਲੈਗੀ, ਮਾਟੀ ਸਿਉਂ ਰਲਿ ਜਾਈ
ਮਾਤਾ ਕਉ ਗੋਪੀ ਚੰਦ ਪੂਛਹਿ, ਕਿਨਿ ਮੇਰੀ ਮਾਉਂ ਦੁਖਾਈ। ੧।

ਗੋਰਖ ਬਾਲਾ ਸਦਾ ਮਤਵਾਲਾ ਤੇਰਾ ਪੰਥ ਨਿਰਾਲਾ ਹੈ। ਰਹਾਉ।
ਤਿਸ ਨਰ ਕਉ ਮੈਂ ਮਾਰਿ ਬਿਡਾਰਉਂ, ਸਮਸਰਿ ਕਰਹਿ ਤਿਹਾਰੀ
ਮੇਰੇ ਖਿਆਲ ਪੜਹੁ ਮਤ ਪੂਤਾ, ਤੂ ਸੁਨਿ ਬਾਤ ਹਮਾਰੀ
ਕਾਇਆ ਤੇਰੀ ਦੇਖ ਕਰਿ ਹਉਂ, ਰੁੰਨੀ ਆਪ-ਮੁਹਾਰੀ। ੨।

ਕਾਹੇ ਕਉ ਤੂ ਰੁਦਨ ਕਰਤੀ ਹੈਂ, ਦੇਖ ਹਮਾਰੀ ਦੇਹਿ
ਸਮਝੇ ਬਿਨ ਸੰਤੋਖ ਨ ਪਾਵਹੁ, ਦੀਜਹਿ ਸਾਚੁ ਸਨੇਹੁ
ਸੁਣਹੋ ਪੂਤਾ ਗੋਪੀਚੰਦਾ!, ਅੰਤਿ ਹੋਵੈਗੀ ਖੇਹੁ। ੩।

ਜੀਵਨ ਕਾ ਕਿਆ ਜਤਨ ਕਰੌਂ ਮੈਂ, ਸਾ ਤੂ ਦੇਹੁ ਬਤਾਈ
ਸੁਣਹੋ ਪੂਤਾ ਗੋਪੀਚੰਦਾ, ਸਾਚ ਕਹਹੁਸਮਝਾਈ
ਗੋਰਖਨਾਥ ਗੁਰੂ ਅਬਿਨਾਸੀ, ਪਰੀਐ ਤਿਹ ਸਰਣਾਈ। ੪।

ਧਉਲਹਰਾਂ ਵਿਚਿ ਵਾਸਾ ਤੇਰਾ, ਰਾਜੇ ਦੀ ਤੂੰ ਰਾਣੀ
ਐਸਾ ਗਿਆਨ ਕਹਾਂ ਤੇ ਪਾਇਓ, ਜਾਂ ਤੇ ਇਹ ਗਤਿ ਜਾਨੀ
ਮਾਤਾ ਕਉ ਗੋਪੀਚੰਦ ਪੂਛਹਿ, ਦੀਜੈ ਸਾਚ ਨੀਸਾਨੀ। ੫।

ਪਾਂਧੇ ਕੀ ਚਟਸਾਲ ਪੜ੍ਹੰਤੀ, ਭਰਥਰਿ ਮੇਰਾ ਭਾਈ
ਗੋਰਖਨਾਥ ਗੁਰੂ ਅਬਿਨਾਸੀ, ਨਿਰਮਲ ਬੁਧਿ ਦਿੜਾਈ
ਮੈਂ ਬੈਰਾਗਨਿ ਬਹੁਤ ਦਿਵਸ ਕੀ, ਸੁਮਤਿ ਤਹਾਂ ਤੇ ਪਾਈ ।੬।

ਗੋਪੀਚੰਦ ਕਹੈ ਸੁਣ ਮਾਤਾ, ਮੈਂ ਤੁਮ ਕਉ ਸਮਝਾਵਉਂ
ਬਾਰਹ ਬਰਸਾਂ ਮਹਿੰ ਰਾਜ ਕਰੌਂਗਾ ਬਾਹੁੜਿ ਜੋਗ ਕਮਾਵਉਂ
ਅਬ ਮੈਂ ਜਾਇ ਕਰਉਂ ਕਿਰਤ ਅਪਣੀ, ਆਗਿਆ ਤੇਰੀ ਪਾਵਉਂ ।੭।

ਬਾਰਹ ਬਰਸਾਂ ਕੀ ਆਸਾ ਕੈਸੀ, ਬਿਨਸਿ ਚਲੈ ਛਿਨ ਮਾਹੀ
ਸੁਇਨਾ ਰੂਪਾ ਹਸਤੀ ਘੋੜੇ, ਸੁਪਨੇ ਜਿਉਂ ਹੋਇ ਜਾਹੀ
ਸ੍ਰੀ ਗੁਰ ਗੋਰਖਨਾਥ ਮਿਲੈ ਬਿਨ, ਜਗ ਮਹਿੰ ਜੀਵਨ ਨਾਹੀ ।੮।

ਗੋਰਖਨਾਥ ਬਸੈ ਕਿਹ ਠਾਹਰ, ਹਰਿ ਰਸ ਅੰਮ੍ਰਿਤ ਭੋਗੀ
ਅਬ ਹੀ ਜਾਇ ਮਿਲੈ ਸਤਿਗੁਰ ਕਉ, ਗੋਪੀ ਚੰਦ ਬਿਓਗੀ
ਪਾਂਚ ਦਿਵਸ ਕਉ ਯਾ ਨਗਰਾਂ ਮਹਿ, ਆਇਓ ਗੋਰਖ ਜੋਗੀ ।੯।

ਆਧੇ ਅੰਗ ਨ ਕੀਆ ਮਰਦਨ, ਆਧੇ ਅੰਗੁ ਕਰਾਇਆ
ਮਾਨ ਚਲਿਆ ਮਾਤਾ ਕੀ ਆਗਿਆ, ਪਲ ਭਰ ਬਿਲਮ ਨ ਲਾਇਆ
ਨਗਨ ਰੂਪ ਕਟਿ ਧੋਤੀ ਬਾਂਧੀ, ਰਾਜੇ ਤਿਆਗੀ ਮਾਇਆ ।੧੦।

ਐਸੀ ਭਾਂਤ ਭਇਆ ਬੈਰਾਗੀ, ਗੋਪੀਚੰਦ ਉਦਾਸੀ
ਜਾਇ ਆਦੇਸ ਦੀਆ ਸਤਿਗੁਰ ਕਉ, ਐਸੀ ਸੁਮਤਿ ਪ੍ਰਕਾਸੀ
ਦੁਇ ਕਰ ਜੋਰਿ ਕਰੌਂ ਬੇਨੰਤੀ, ਹੋਵਣ ਕਹੈ ਅਬਿਨਾਸੀ ।੧੧।

ਸੁਣਹੋ ਪੂਤਾ ਗੋਪੀਚੰਦਾ ! ਜਗ ਮਹਿ ਜੋਗੁ ਦੁਹੇਲਾ
ਸੁਇਨਾ ਰੂਪਾ ਹਸਤੀ ਘੋੜੇ, ਕਾਹੂੰ ਸੰਗਿ ਨ ਮੇਲਾ
ਜੈਸੀ ਕਰਣੀ ਤੈਸੀ ਰਹਣੀ, ਮੈਂ ਸਤਿਗੁਰ ਕਾ ਚੇਲਾ ।੧੨।

ਲੋਹੂ ਨਿਹਾਲੀ ਨੀਂਦ ਨ ਪੜਤੀ, ਤ੍ਰਿਣ ਕੇ ਸੱਥਰ ਸਉਣਾ

ਗਾਠਿ ਗਠੀਲੀ ਖਿੰਥਾ ਗਲ ਮੈਂ, ਦੇਸ ਦਿਸੰਤਰਿ ਭਉਨਾ
ਰਸਕਸ ਤਿਆਗਿ ਅਲੂਨਾ ਖਾਣਾ, ਅਹਿਨਿਸ ਭਖਣ ਪਉਣਾ । ੧੩ ।

ਨ ਮੈਂ ਚਾਹਹੁੰ ਹਸਤੀ ਘੋੜੇ, ਨ ਮੈਂ ਮਾਲ ਖਜ਼ੀਨਾ
ਨ ਮੈਂ ਚਾਹਹੁੰ ਪਾਟ ਪਟੰਬਰ, ਨ ਮੈਂ ਮਹਲ ਰੰਗੀਨਾ
ਨ ਮੈਂ ਚਾਹਹੁੰ ਰਸਕਸ ਭੋਜਨ, ਹਰਿ ਰਸ ਮਨੂਆ ਭੀਨਾ । ੧੪ ।

ਮੋਕਉ ਦਰਸਨ ਦੇਹੁ ਕ੍ਰਿਪਾ ਕਰਿ, ਸ੍ਰੀ ਗੁਰ ਗੋਰਖਨਾਥਾ
ਤੁਮਰੇ ਚਰਨ ਕਮਲ ਕੈ ਊਪਰੇ, ਉਲਟ ਪਰਉਗੋ ਮਾਥਾ
ਜਬ ਲਗ ਧਰਣਿ ਅਕਾਸ਼ ਰਹੈਗਾ, ਤਬ ਲਗਿ ਹੋਇਗੀ ਗਾਥਾ । ੧੫ ।

ਸ੍ਰੀ ਗੁਰਗੋਰਖ ਦੀਖਿਆ ਦੀਨੀ, ਪ੍ਰਿਥਮੇ ਮੂੰਡ ਮੁੰਡਾਇਆ
ਤੇੜ ਲੰਗੋਟੀ ਤੇ ਗਲਿ ਸਿੰਗੀ, ਕੰਨੀਂ ਸਿੱਕਾ ਪਾਇਆ
ਅੰਗਿ ਬਿਭੂਤਿ ਅਤੇ ਹਥਿ ਡਿੱਬੀ, ਭਿਖਿਆ ਲੈਣ ਪਠਾਇਆ । ੧੬ ।

ਸੁਣਹੋ ਪੂਤਾ ਗੋਪੀਚੰਦਾ, ਗੋਰਖਨਾਥ ਸੁਣਾਏ
ਸੁਇਨਾ ਰੂਪਾ ਮਾਣਕ ਮੋਤੀ, ਜੇ ਕੋਈ ਭਿਖਿਆ ਪਾਏ
ਤਿਸ ਕੀ ਭਿਖਿਆ ਮੂਲ ਨ ਲੈਸਨਿ, ਜਿਨ੍ਹੀਂ ਕੰਨ ਪੜਾਏ । ੧੭ ।

ਜੂਠੇ ਟੁਕੜੇ ਮੰਗਿ ਲਿਆਵੀਂ, ਘਰਿ ਘਰਿ ਮੰਗਣ ਜਾਵੀਂ
ਪਹਿਲਾਂ ਨਾਰੀ ਆਪਣੀਆਂ ਨੂੰ, 'ਮਾਤਾ' ਕਹਿ ਬੁਲਾਵੀਂ
ਤਾਂ ਹੀ ਤੂ ਜੋਗੀਸੁਰ ਹੋਸਹਿਂ, ਮਾਇਆ ਮੋਹੁ ਚੁਕਾਵੀਂ । ੧੮ ।

ਤੇੜ ਲੰਗੋਟੀ ਤੇ ਹੱਥਿ ਡਿੱਬੀ, ਅੰਗਿ ਬਿਭੂਤਿ ਚੜ੍ਹਾਈ
ਕੰਨੀਂ ਮੁੰਦ੍ਰਾ ਲਹੂ ਵਹਿੰਦੇ, ਗਲ ਵਿਚ ਸਿੰਙੀ ਪਾਈ
ਗੋਪੀਚੰਦ ਜੋਗੀਸੁਰ ਹੋਆ, ਦੇਖਹਿ ਕੁਲ ਲੁਕਾਈ । ੧੯ ।

ਰਾਜੇ ਦੀ ਰਾਣੀ ਸੁਣਿ ਪਾਇਆ, ਰਾਜਾ ਜੋਗੀ ਹੋਇਆ
ਭੀਖਿਆ ਮੰਗਣ ਕਾਰਣ ਆਪੇ, ਆਂਗਨਿ ਆਇ ਖਲੋਇਆ । ੨੦ ।

ਮਾਤਾ ਦੇਖ ਕਰੀ ਹੈ ਰੁੰਨੀ, ਸੁਣਹੋ ਮੇਰੇ ਪੂਤਾ
ਰਾਜੇ ਅੰਦਰਿ ਜੋਗੁ ਕਮਾਵੈ, ਸੋ ਜੋਗੀ ਅਵਧੂਤਾ
ਭਠਿ ਪਇਆ ਇਤ ਚੰਦ੍ਰਾ ਜੋਗੀ, ਜਿਨ ਇਹ ਮਲੀ ਬਿਭੂਤਾ । ੨੧ ।

ਰਹੁ ਰੀ ਮਾਈ ! ਗਾਲਿ ਨ ਦੀਜੈ, ਸਤਿਗੁਰ ਮੇਰਾ ਪੂਰਾ
ਮਾਇਆ ਕੇ ਜਿਨ ਬੰਧਨ ਕਾਟੇ, ਐਸਾ ਸਤਿਗੁਰ ਸੂਰਾ
ਭਠਿ ਪਈ ਇਹ ਭਿਖਿਆ ਤੇਰੀ, ਕੀਤੇ ਕੂੜ ਵਿਸੂਰਾ । ੨੨ ।

ਸੁਣਹੋ ਪੂਤਾ ਗੋਪੀਚੰਦਾ; ਸਾਚ ਹਮਾਰੀ ਬਾਤਾ
ਆਪਨੜੇ ਗੁਰ ਬਾਵਹੁ ਪੂਛਹੁ, ਅਠ ਸਠਿ ਤੀਰਥ ਮਾਤਾ
ਜਬ ਲਗ ਪ੍ਰਾਣ ਹਮਾਰੇ ਘਟ ਮਹਿੰ, ਤਬ ਲਗ ਤੂੰ ਕਿਉਂ ਜਾਤਾ । ੨੩ ।

ਘਰਿ ਘਰਿ ਮੇਰੀ ਮਾਈ ਕਹੀਐ, ਸਤਿਗੁਰ ਤੀਰਥ ਮੇਰਾ
ਭਿਖਿਆ ਦੇਹਿ ਤ ਲੈ ਦੇ ਜਾਹੀ, ਫੇਰਿ ਨ ਕਰਸਾਂ ਫੇਰਾ
ਜੂਠੇ ਟੂਕੜੇ ਬਾਝੁ ਨ ਲੈਸਾਂ, ਇਕ ਸਬਦਿ ਗੁਰ ਕੇਰਾ । ੨੪ ।

ਰਾਜੇ ਦਾ ਚਿਤ ਚਲਦਾ ਦਿਸੈ, ਦਰੂਰ ਨਿਹਾਲਿ ਭੁਲਾਈਆਂ
ਸੁਇਨਾ ਰੁਪਾ ਪਾਟ ਪਟੰਬਰ, ਛਤ੍ਰੀ ਭੋਜਨ ਲਿਆਈਆਂ
ਐਸੀ ਭਿਖਿਆ ਸੰਕਾ ਮਨਿ ਆਵੈ, ਸੁਣਹੁ ਹਮਾਰੀ ਮਾਈਆ । ੨੫ ।

ਮਾਤਾ ਰੁਦਨ ਕਰੇ ਦੀ ਛੋਡੀ, ਗੋਰਖਨਾਥ ਮਨਾਇਆ
ਘਰਿ ਘਰਿ ਜੂਠ ਟੂਕੜੇ ਮਾਗੈ, ਐਸਾ ਜੋਗੁ ਕਮਾਇਆ
ਜੂਠੇ ਟੂਕੜੇ ਕੋਇ ਨ ਦੇਵਹਿ, ਰਾਜਾ ਮੰਗਣ ਆਇਆ । ੨੬ ।

ਉਥੋਂ ਉਠਿ ਉਜ ਤੀਂ ਸਿੱਧਾ, ਗੋਪੀਚੰਦ ਸਿਧਾਇਆ
ਮਤ ਕੋਈ ਮੇਰੇ ਪਿਛੇ ਆਵਹੁ, ਸੁਣਿਹੋ ਲੋਕ ਸਬਾਇਆ
ਮੈਂ ਚੇਰੋ ਗੋਰਖਨਾਥ ਗੁਰੂ ਦੀ, ਮਾਇਆ ਮੋਹ ਚੁਕਾਇਆ । ੨੭ ।

ਗੋਪੀਚੰਦ ਉਜਾੜੀਂ ਅੰਦਰਿ, ਸਾਗੁ ਡਿਠੋਸੁ ਹਰਿਆ
ਅਪਣੀ ਹੱਥੀਂ ਤੋੜਿ ਕਰੀਹੈ, ਡਿੱਖੀ ਅੰਦਰਿ ਧਰਿਆ
ਬਾਲਣ ਚੁਣਕੈ ਰਿੱਧਾ ਰਾਜੇ, ਨਾਦੁ ਗੁਰੂ ਦਾ ਕਰਿਆ । ੨੮ ।

ਗੋਪੀਚੰਦ ਤ੍ਰਿਕਾਲੀਂ ਪਹੁੰਚੀ, ਗੋਰਖ ਸਿਧਾ ਵਗੈ
ਕਰਕੈ ਬਹੁਤ ਆਦੇਸ ਗੁਰੂ ਨੇ, ਧਰਿਓਸੁ ਗੁਰ ਦੇ ਅੱਗੈ
ਸੁਣਹੋ ਪੂਤਾ ਗੋਪੀਚੰਦਾ, ਐਸਾ ਚੇਲਾ ਭੱਗੈ । ੨੯ ।

ਸੁਣਿਹੋ ਪੂਤਾ ਗੋਪੀਚੰਦਾ, ਕੈਸੀ ਭੀਖਿਆ ਕੀਨੀ
ਸਗਲੀ ਨਗਰੀ ਘਰਿ ਘਰਿ ਫਿਰਿਆ, ਭਿਖਿਆ ਕਿਨਹੁੰ ਨ ਦੀਨੀ
ਸਾਗ ਉਜਾੜੀਂ ਤੋੜਿ ਕਰੀ ਹੈ, ਜੁਗਤਿ ਗੁਰੂ ਜੀ ਲੀਨੀ । ੩੦ ।

ਗੋਰਖ ਨਾਥ ਗੁਰੂ ਫੁਰਮਾਇਆ, ਸੁਣਿਹੋ ਗੋਪੀਚੰਦਾ
ਕਾਇਆ ਤੇਰੀ ਅਮਰੁ ਕਰੈਗਾ, ਮੇਰੇ ਮਨ ਭਾਵੰਦਾ
ਮੈਂ ਤੁਧ ਅੰਦਰਿ ਭੇਦੁ ਨ ਕੋਈ, ਕੀਜਹਿ ਮਨ ਆਨੰਦਾ । ੩੧ ।

ਗੋਪੀਚੰਦੇ ਨੂੰ ਲੈ ਰਮਿਆ, ਗੋਰਖਨਾਥੈ ਭਾਵੈ
ਜੋ ਨਰ ਜਨਮ ਮਰਣ ਤੇ ਛੂਟਹਿ, ਗੁਰਮੁਖਿ ਜੋਗੁ ਕਮਾਵੈ
ਸਾਧੂਜਨ ਸਾਚੇ ਸਤਿਗੁਰ ਪਰ, ਬਾਰਿ ਬਾਰਿ ਬਲਿ ਜਾਵੈ । ੩੨ । ੧ ।

ਗੋਪੀਚੰਦੁ ਪੂਰਨ ਹੋਇਆ ।

—

੯ ਕਥਾ ਸੋਲਾਂ ਸਹੇਲੀਆਂ ਕੀ

(ਵਾਸੀ ਮੁਲਤਾਨ ਕੀ)

ਸਿਫਤ ਕਰਤੀਂ ਕਰਤਾਰ ਦੀ, ਜਿਨ ਸਿਰਜਿਆ ਸਭ ਕੋਇ
ਸਹੰਸ੍ਰ ਅਠਾਰਹ ਆਲਮਾਂ, ਰੋਜ਼ੀ ਦੇਂਦਾ ਸੋਇ।
ਰੋਜ਼ੀ ਦੇਂਦਾ ਸਭ ਕਿਸੇ, ਰਿਜ਼ਕ ਭਿ ਦੇਂਦਾ ਓਇ
ਲਿਖਿਆ ਮਸਤਕਿ ਵਰ ਮਿਲਿਆ, ਮੇਟਿ ਨ ਸਕੈ ਕੋਇ।
ਨਊਂ ਤੇ ਸੱਤ ਸਹੇਲੀਆਂ, ਨ੍ਹਾਵਣ ਚਲੀਆਂ ਜਾਇ
ਨ੍ਹਾਇ ਧੋਇ ਕੀਤੇ ਨੇ ਕਪੜੇ, ਬੈਠੀਆਂ ਚੰਗੀ ਥਾਇ
ਆਪੋ ਆਪਣੇ ਕੰਤ ਦੀ, ਗਾਲ ਕਰੈਂ ਸਭ ਆਇ।੧।

ਪਹਿਲੀ ਕਹੈ ਸਹੇਲੜੀ, ਮੇਰਾ ਕੰਤ ਸੁਜਾਣ
ਸੁਘੜ ਸਿਆਣਾ ਸੋਇ ਨਰ, ਬੂਝੈ ਸਭ ਗਿਆਨ।
ਮਤੀਂ ਦੇਂਦਾ ਚੰਗੀਆਂ, ਚੰਗੇਵਾਈ ਸੋਇ
ਸਹਰਾ ਵੇਖਾਂ ਹਰ ਕਦੀ, ਅਹਰਾ ਕਦੀ ਨ ਹੋਇ।
ਵਰ ਸਾ ਜੀ ਨੂੰ ਅਗਲਾ, ਸੇਜ ਰਵੇਂਦਾ ਚਾਇ
ਗਾਲੀ ਕਰੈ ਮਨਭਾਉਂਦੀਆਂ, ਸੁਖ ਸੋ ਰੈਣ ਵਿਹਾਇ
ਕਦੀ ਨ ਦਿਤੋਸੁ ਮੇਹਣਾ, ਕਦੀ ਨ ਦਿਤੋਸੁ ਗਾਲ੍ਹ
ਸਾਈਂ ਦਿਤੂ ਸੁ ਜਾਲਣਾ, ਚੰਗੇ ਮਾਹਣੂ ਨਾਲਿ।੧।

ਦੂਜੀ ਕਹੈ ਸਹੇਲੜੀ, ਮੈਂ ਵਰ ਮੂਰਖ ਲਧੁ
ਅਣਧੋਤੇ ਮੂੰਹ ਵਤਣਾ, ਫਿਰ ਘਰਿ ਆਵੈ ਸੰਝ
ਪੈਕਾ ਖੱਟਿ ਨ ਆਵਦਾ, ਰੋਟੀਆ ਮੰਗੇ ਪੰਜ
ਜੇ ਮੈਂ ਭੂਰਾਂ ਜੇ ਭੁਖਾਂ, ਤੈ ਸਹੁ ਖਬਰਿ ਨ ਕਾਇ
ਜਿੰਦ ਗਵਾਇਮੁ ਭੂਰ ਭੁਖ, ਨੈਣ ਗਵਾਇਮੁ ਰੋਇ
ਮੂਰਖ ਸੇਤੀ ਜਾਲਣਾ, ਸਾਥੀ ਕਿਸੈ ਨ ਹੋਇ । ੨ ।

ਤੀਜੀ ਕਹੈ ਸਹੇਲੜੀ, ਮੇਰਾ ਕੰਤ ਵਿਭਾਰ
ਕੀਮਤਿ ਜਿਸ ਘਰਿ ਅਗਲੀ, ਲੱਖਾਂ ਕਰੈ ਵਪਾਰ
ਸਕੇ ਸੋਰੇ ਦੁਬਲੇ, ਸਭਨੀਂ ਲਹਿੰਦਾ ਸਾਰੁ
ਭੱਟ ਬ੍ਰਾਹਮਣ ਜਾਚਕਾਂ, ਹਸਿ ਹਸਿ ਦੇਂਦਾ ਦਾਨੁ
ਦਿਲ ਜਿਸੈ ਦਾ ਪਾਤਸਾਹ, ਸੁਣੋ ਸਖੀ ਦੇ ਕਾਨੁ । ੩ ।

ਚਉਥੀ ਕਹੈ ਸਹੇਲੜੀ, ਮੈ ਨਰ ਲੱਧਾ ਸੂਮ
ਜੈ ਘਰਿ ਕੋਈ ਨ ਆਂਵਦਾ, ਭੱਟ, ਬ੍ਰਹਮਣ, ਡੂਮ
ਪੈਕਾ ਕਿਸੇ ਨ ਦੇਂਵਦਾ, ਲੂੰਬੀ ਲਾਵਣਹਾਰ
ਸਕੇ ਸੋਰੇ ਤਿਸੈ ਨੂੰ, ਮਿਲਿ ਮਿਲਿ ਕਰਨ ਖੁਆਰੁ
ਸੁਣਹੁ ਸਖੀ ਮੇਰੇ ਕੰਤ ਦਾ, ਨਿਤ ਨਿਤ ਬੁਰਾ ਹਵਾਲ । ੪ ।

ਪੰਜਵੀਂ ਕਹੈ ਸਹੇਲੜੀ, ਮੈ ਵਰੁ ਸੂਰੇ ਕੰਤੁ
ਨਾਲਿ ਮਲੂਕਾਂ ਸੋ ਬਹੈ, ਸਦਾ ਹਸੰਤਿ ਖੇਲੰਤਿ
ਤਾਜੀ ਤੁਰਕੀ ਸੋਹਣੇ, ਬਾਜਨ ਤੈ ਦਰਬਾਰ
ਚੜ੍ਹੇ ਰਕੇਬਾਂ ਲੱਤ ਦੇ, ਲੱਕ ਬੱਧੇ ਤਲਵਾਰ
ਸਨਮੁਖ ਹੋਇਕੈ ਸੋ ਲੜੇ, ਆਵਸਿ ਦਾਉ ਕੁਦਾਉ
ਦਲ ਵਿਚਿ ਕੰਡ ਨ ਦੇਂਵਦਾ, ਧੰਨੁ ਸਿ ਜਣਿਆ ਮਾਉ । ੫ ।

ਛਿਹਵੀਂ ਕਹੈ ਸਹੇਲੜੀ, ਕਾਇਰ ਕੰਤ ਲਧੋਮਿ
ਵਸੁ ਮਹਿੰਡਾ ਕੈ ਨਹੀਂ, ਲਿਖਿਆ ਵਰ ਮਿਲਿਓਮੁ
ਕਦੀ ਨਾ ਲਾੜਾ ਮਾਰਿਓ, ਚੜ੍ਹਿ ਘੋੜੇ ਅਸਵਾਰ
ਪਿਛੈ ਲਗਾ ਸੋ ਫਿਰੈ, ਮੈਂ ਦੇਂਦੀ ਲੱਜ ਮਾਰ । ੬ ।

ਸੱਤਵੀਂ ਕਹੈ ਸਹੇਲੜੀ, ਮੇਰਾ ਕੰਤੁ ਦਾਤਾਰੁ ।
ਇਲ ਜਿਮੈ ਦਾ ਪਾਤਿਸਾਹੁ, ਰਤਨੀਂ ਕਰੇ ਵਪਾਰੁ ।
ਸਾਧੂ ਸੰਤ ਫਕੀਰ ਦੀ, ਹਸਿ ਹਸਿ ਕਰਦਾ ਸਾਰੁ ।
ਗਰੀ ਛੁਹਾਰਾ ਸੇਜ ਸਿਰਿ, ਮੇਵਾ ਖਾਵੈ ਨਿਤੁ ।
ਸੁਣੋ ਸਖੀ ਮੇਰੇ ਕੰਤ ਦਾ, ਸਰਵਰ ਜੇਡਾ ਚਿਤੁ । ੭ ।

ਅੱਠਵੀਂ ਕਹੈ ਸਹੇਲੜੀ, ਨਿਰਧਨ ਮਹੀਂ ਭਤਾਰ ।
ਮੂੜੀ ਜਿਸ ਨਹੀਂ ਆਪਣੀ ਕੇੜਾ ਕਰੇ ਵਪਾਰ ।
ਜੇ ਧਨ ਨ ਪੱਲੇ ਆਪਣੇ, ਤ ਭੀ ਰਲੀਆਂ ਚਾਉ ਕਰੇਨਿ ।
ਸੱਦੇ ਬਾਝਹੁ ਆਪਣੇ, ਸਾਈਂ ਕਿਸੇ ਨ ਦੇਨਿ । ੮ ।

ਨਾਵੀਂ ਕਹੈ ਸਹੇਲੜੀ, ਮੈਂ ਵਰੁ ਆਪੁ ਚੁੜਾਣ ।
ਮੂਦ ਵਿਚਿ ਇਕੋ-ਜੇਹਵੇ, ਇਕੋ ਜੇਹਵ ਹਾਣ ।
ਮੂੰਹ ਪਰ ਕਾਲੀ ਮਸੁ ਹੈ, ਆਪ ਤਾਂ ਤਰਲ ਚੁਆਣ ।
ਉਸ ਦੇਖੇ ਮੈਂ ਨੀਹੁ ਹੈ, ਮੈਂ ਦੇਖੇ ਉਸ ਚਾਉ ।
ਨੇਹੁ ਦੋਹਾਂ ਦਾ ਅਗਲਾ, ਜਿਉਂ ਰਾਮ ਸੀਤਾ ਦਾ ਸਾਉ । ੯ ।

ਦਸਵੀਂ ਕਹੈ ਸਹੇਲੜੀ ਮੈਂ ਵਰ ਬੁੱਢਾ ਅੰਤ ।
ਦੁਨੀਆਂ ਦੇ ਲੜਿ ਲੱਗਿ ਕੇ, ਮਾਂਪਿਤੁ ਸਾੜੀ ਘਤਿ ।
ਸੁੱਤੇ ਇਕਤੇ ਸੇਜ ਪਰ, ਦੋਵੇਂ ਭਈ ਨਿਰਾਸ

ਮੰਦਾ ਮਸਤਕ ਲਿਖਿਆ ਕਦੀ ਨ ਹੋਂਦਾ ਰਾਸਿ ।
ਕਦੀ ਨ ਬਰਕਤਿ ਉਸ ਵਿਚ, ਸੇਜ ਭਿਜਾਈ ਰੋਇ ।
ਢੂੰਢਾ ਮਸਤਕਿ ਲਿਖਿਆ, ਮੇਟ ਨ ਸਕੈ ਕੋਇ । ੧੦ ।

ਯਾਰ੍ਹਵੀਂ ਕਹੈ ਸਹੇਲੜੀ ਬਾਲਕ ਮੇਰਾ ਕੰਤ ।
ਖਬਰ ਨਹੀਂ ਜਿਸੁ ਆਪਣੀ, ਚਿੰਤਾ ਕਰੀ ਅਨੰਤ ।
ਸੇਜੇ ਕਦੀ ਨ ਆਇਓ, ਨੈਣ ਗਵਾਏ ਰੋਇ ।
ਜੋਬਨ ਦੀ ਰੁਤਿ ਸਭ ਗਈ, ਕਦੀ ਨ ਮੇਲਾ ਹੋਇ ।
ਮੈਂ ਲੋੜੀਂ ਸ਼ਹੁ ਆਪਣਾ, ਤੈਂ ਸਹੁ ਖਬਰ ਨ ਕਾਇ ।
ਨਿਕੇ ਵਰ ਨੂੰ ਦੇਂਦਿਆਂ, ਨਿਜ ਜਣੇ ਦੀ ਮਾਇ । ੧੧ ।

ਬਾਰ੍ਹਵੀਂ ਕਹੈ ਸਹੇਲੜੀ, ਮੇਰਾ ਕੰਤੁ ਮਲੂਕ ।
ਕਉੜਾ ਬੋਲ ਨ ਜਾਣਦਾ, ਸੁੰਦਰ ਰੂਪ ਅਨੂਪ ।
ਬਿਧਾਤੇ ਲੇਖੁ ਬਣਾਇਆ, ਮੇਰੈ ਘਰਿ ਆਨੰਦ ।
ਕਰਦੀ ਭੋਗੁ ਬਿਲਾਸ ਨਿਤ, ਕਦੀ ਨ ਮਨ ਤਨ ਭੰਗੁ ।
ਵਰ ਐਸਾ ਜਿਹ ਸਖੀ ਦਾ, ਜਾਂ ਕੈ ਮਸਤਕਿ ਭਾਗੁ ।
ਸੁਨੋ ਸਖੀ ! ਮੇਰੇ ਕੰਤ ਦਾ, ਮੈਂ ਘਰਿ ਸਦਾ ਸੋਹਾਗੁ। ੧੨ ।

ਤੇਰ੍ਹਵੀਂ ਕਹੈ ਸਹੇਲੜੀ, ਅੰਧਾ ਮਹੀਂ ਭਤਾਰੁ ।
ਵਸੁ ਮਹਿੰਡਾ ਕੋ ਨਹੀਂ, ਜੋ ਲਿਖਿਆ ਕਰਤਾਰੁ ।
ਬਿਨੁ ਨੈਣਾਂ ਜੋ ਜੀਵਣਾ, ਜਨਮੁ ਅਕਾਰਥੁ ਖੋਇ ।
ਬਿਰਥਾ ਜਨਮ ਗਵਾਇਆ, ਦਰਗਹਿ ਚਲਿਆ ਰੋਇ ।
ਸਿੰਮਲ ਰੁਖੁ ਸਰੇਵਿਆ, ਫਲ ਨ ਆਇਆ ਹਥਿ ।
ਦੁਖੁ ਕਰੰਮੇ ਲਿਖਿਆ, ਸੁਖ ਪਾਇਆ ਕਿਤ ਭਤਿ। ੧੩ ।

ਕਹੈ ਸਹੇਲੀ ਚੌਧਵੀਂ, ਮੈਂ ਵਰ ਪਾਇਆ ਸਾਧੁ ।
ਕਰਦਾ ਕਿਰਤ ਨਿਤ ਧਰਮ ਦੀ, ਨਾ ਕਰਦਾ ਅਪਰਾਧ ।
ਕਦੀ ਨ ਕਿਸੇ ਦੁਖਾਂਵਦਾ, ਨੀਵਾਂ ਮਸਤਕਿ ਜਿਸੁ ।
ਜਿਹਬਾ ਮੀਠਾ ਬੋਲਦਾ, ਬੁਰਾ ਨ ਬੋਲੈ ਕਿਸੁ ।
ਧੰਨੁ ਜਣੇਂਦੀ ਮਾਉਂ ਤਿਸੁ, ਕਰਮ ਲਿਖਿਆ ਸੀ ਮੋਹਿ ।
ਸੁਣੋ ਸਹੇਲੀ ਮੇਰੀਹੋ, ਮੈਂ ਸੁਖੀ ਤਿਹੁੰ ਲੋਇ । ੧੪ ।

ਪੰਧਰਵੀਂ ਕਹੈ ਸਹੇਲੜੀ, ਮੈਂ ਵਰੁ ਪਾਇਆ ਚੋਰੁ ।
ਕਦੀ ਮੇਵਾ ਲੈ ਆਂਵਦਾ, ਕਦੀ ਹਥਿ ਨ ਆਵੈ ਹੋਰੁ ।
ਜਦ ਚੋਰੀ ਉਠਿ ਧਾਂਵਦਾ, ਮਨ ਤਨ ਕੰਪੈ ਮੁਝ ।
ਨੰਗੇ ਭੁਖੇ ਸਭਸ ਦਾ, ਜਲਦੀ ਛਾਤੀ ਰੁਝ ।
ਡਰੇ ਸੁ ਹਿਰਦਾ ਰਾਤ ਦਿਨ, ਮਨ ਤਨ ਅੰਤਰਿ ਪੀੜ ।
ਸੁਣੋ ਸਹੇਲੀ ਮੇਰੀਹੋ, ਦੁਖਾਂ ਭਰਿਆ ਸਰੀਰੁ । ੧੫ ।

ਕਹੈ ਸਹੇਲੀ ਸੋਲ੍ਹਵੀਂ, ਮੈਂ ਵਰੁ ਲੱਧਾ ਸੰਤੁ ।
ਬੇ-ਪਰਵਾਹ ਸਦਾ ਹੈ, ਏਵਡੁ ਪਾਇਆ ਕੰਤੁ ।
ਮੂੰਹ ਦਿਸਦਾ ਅਤਿ ਸੋਹਣਾ, ਮਨ ਤਨ ਅਤਿ ਗੁਲਾਲੁ ।
ਮੂੰਹ ਤੇ ਮਿਠਾ ਬੋਲਦਾ, ਰੰਗ ਬਣਾਇਆ ਲਾਲੁ ।
ਦਸਵੇਂ ਘਰਿ ਔਤਾਕ* ਜਿਸੁ, ਪੂਰਨ ਤਾਂ ਕੇ ਭਾਗ ।
'ਸਾਧੂਜਨ' ਕੀ ਬੇਨਤੀ, ਗੁਰ ਕੀ ਚਰਨੀਂ ਲਾਗ । ੧੬ ।

---

* ਨਿਵਾਸ, ਟਿਕਾਣਾ

ਪੰਜਾਬੀ ਰਤਨਮਾਲਾ

1.	ਪੰਜਾਬੀ ਬਾਰਾਂਮਾਹੇ	੧੫)
2.	ਪੰਜਾਬੀ ਵਾਰਾਂ	੧੫)
3.	ਪੰਜਾਬੀ ਮਾਝਾਂ	੫)
4.	ਪੰਜਾਬੀ ਝਗੜੇ	੧੦)
5.	ਪੰਜਾਬੀ ਜੰਙਾਂ	੧੦)
6.	ਪੰਜਾਬੀ ਸ਼ਬਦਧਾਰਾ	੧੦)
7.	ਪ੍ਰਾਚੀਨ ਪੰਜਾਬੀ ਗੱਦ	੧੦)
8.	ਹਾਸ਼ਮ ਰਚਨਾਵਲੀ	੬)
9.	ਹੁਸੈਨ ਰਚਨਾਵਲੀ	੫)
10.	ਸਾਈਂ ਬੁੱਲ੍ਹੇ ਸ਼ਾਹ	੪)
11.	ਦਰਸਨ ਭਗਤ	੨)
12.	ਬਾਬਾ ਵਜੀਦ	੨)
13.	ਸਾਧੂ ਈਸ਼ਰਦਾਸ	੫)
14.	ਬਾਬਾ ਸਾਧੂਜਨ	੭॥)
15.	ਪੰਜਾਬੀ ਕਿੱਸੇ	੧੦)
16.	ਪੰਜਾਬੀ ਰਚਨਾਵਲੀ	੧੦)
17.	ਲੋਕ ਸਾਹਿਤਧਾਰਾ	੧੫)
18.	ਵਾਰਿਸਸ਼ਾਹ	੧੦)

ਨਿਊ ਪਟਿਆਲਾ ਪ੍ਰਿੰਟਰਜ਼, ਗੁਰੂ ਨਾਨਕ ਨਗਰ ਪਟਿਆਲਾ ।

ਪ੍ਰੋ. ਪਿਆਰਾ ਸਿੰਘ ਪਦਮ ਕਲਮ ਮੰਦਿਰ, ਪਟਿਆਲਾ

ਸ੍ਰੀ ਗੁ.ਗੋ.ਸਿੰਘ ਜੀ ਦੇ ਦਰਬਾਰੀ ਰਤਨ	੩੦)	ਪੰਜਾਬੀ ਵਾਰਾਂ	੨੦)
ਪੰਜਾਬੀ ਬੋਲੀ ਦਾ ਇਤਿਹਾਸ	੧੫)	ਪੰਜਾਬੀ ਖਾਹਮਖਾਹ	੧੫)
ਪੰਜਾਬੀ ਸਾਹਿਤ ਦੀ ਰੂਪਰੇਖਾ	੧੦॥)	ਪੰਜਾਬੀ ਮਾਹੀਆ	੫)
ਗੁਰਮੁਖੀ ਲਿਪੀ ਦਾ ਇਤਿਹਾਸ	੩)	ਪੰਜਾਬੀ ਜੋਟੇ	੧੦)
ਕਲਮ ਦੇ ਧਨੀ (ਦੋ ਭਾਗ)	੧੫)	ਪੰਜਾਬੀ ਝਗੜੇ	੧੦)
ਪੰਜ ਦਰਿਆ	੫)	ਪੰਜਾਬੀ ਕਿੱਸੇ	੧੦)
ਆਦਿ ਗ੍ਰੰਥ ਦਰਸ਼ਨ	੫)	ਹਾਸ਼ਮ ਰਚਨਾਵਲੀ	੬)
ਦਸਮ ਗ੍ਰੰਥ ਦਰਸ਼ਨ	੫)	ਹੁਸੈਨ ਰਚਨਾਵਲੀ	੫)
ਸ੍ਰੀ ਗੁਰੂ ਗ੍ਰੰਥ ਪ੍ਰਕਾਸ਼	੧੦)	ਸਾਈਂ ਬੁੱਲ੍ਹੇ ਸ਼ਾਹ	੫)
ਰਹਿਤਨਾਮੇ	੭॥)	ਦਰਸ਼ਨ ਭਗਤ	੨)
ਸੰਖੇਪ ਸਿਖ ਇਤਿਹਾਸ	੨੦)	ਬਾਬਾ ਫਰੀਦ	੨)
ਸਾਡੇ ਗੁਰਦੇਵ	੫)	ਸਾਧੂ ਈਸ਼ਰਦਾਸ	੫)
ਗੁਰਬਾਣੀ ਕੋਸ਼ ੫) ਪ੍ਰਸਿਧ ਪੰਜਾਬੀ	੫)	ਬਾਬਾ ਸਾਧੂਜਨ	੭॥)
ਰਬਾਬ ੫) ਗੋਬਿੰਦ ਸਾਗਰ	੫)	ਮਹਾਂ ਕਵੀ ਸੈਤਰੇਣ	੨)
ਪੁਸ਼ਪਾਂਜਲੀ	੫)	ਬਚਨ ਸਾਈਂ ਲੋਕਾਂ ਦੇ	੬)
ਨਾਨਕੁ ਸਾਇਰੁ		ਚਾਰ ਸਾਹਿਬਜ਼ਾਦੇ	੨॥)
ਏਵ ਕਹਤੁ ਹੈ,	੫)	ਵਾਰਾਂ ਗੁਰੂ ਗੋਬਿੰਦ ਜੀ ਕੀਆਂ	੩)
ਗੁਰੂ ਨਾਨਕ ਜਿਨ ਸੁਣਿਆ ਪੇਖਿਆ	੪)	ਹੀਰ ਅਹਿਮਦ	੩)
ਪੰਜਾਬੀ ਮਹਾਰਾਜਾ	੩)	ਹੀਰ ਭਗਵਾਨ ਸਿੰਘ	੫)
ਮਹਾਂ ਕਵੀ ਸੰਤੋਖ ਸਿੰਘ	੩)	ਹੀਰ ਕਿਸ਼ਨ ਅਰਿਫ	
ਹਿੰਦੁਸਤਾਨੀ ਕਵਿਤਾ	੭॥)	ਹੀਰ ਵਾਰਿਸ ਸ਼ਾਹ	੧੦)
, ਹਿੰਦੁਸਤਾਨੀ ਕਵੀ	੬)	ਪ੍ਰਾਚੀਨ ਪੰਜਾਬੀ ਗੱਦ	੧੦)
ਹਿੰਦੁਸਤਾਨੀ ਕਲਾ,	੬)	ਪੰਜਾਬੀ ਰਚਨਾਵਲੀ	੧੦)
ਮਿਰਜ਼ੇ ਦੀਅ, ਸੱਦਾਂ	੫)	ਮਾਲੀ ੩) ਪੰਛੀ	੨)